ਅਕਤੂਬਰ-ਦਸੰਬਰ 2007 ● 10 ਰੁਪਏ

ਲਲਕਾਰ

ਤਬਦੀਲੀ ਪਸੰਦ ਨੌਜਵਾਨਾਂ-ਵਿਦਿਆਰਥੀਆਂ ਦੀ ਮੈਗਜ਼ੀਨ



ਸ਼ਹੀਦ ਕਰਤਾਰ ਸਿੰਘ ਸਰਾਭਾ

ਸ਼ਹਾਦਤ 16 ਨਵੰਬਰ 1915

'ਲਲਕਾਰ' ਬਾਰੇ ਕੁੱਝ ਮਹੱਤਵਪੂਰਨ ਨੁਕਤੇ

■ ਭਾਰਤੀ ਇਨਕਲਾਬ ਦਾ ਰਾਹ ਕਿਰਤੀਆਂ ਦੀ ਅਗਵਾਈ 'ਚ ਸਾਮਰਾਜਵਾਦ-ਪੂੰਜੀਵਾਦ ਵਿਰੋਧੀ ਇਨਕਲਾਬ ਦਾ ਰਾਹ ਹੈ। ਇਹ ਨਵੇਂ ਸਮਾਜਵਾਦੀ ਇਨਕਲਾਬ ਦਾ ਰਾਹ ਹੈ। ਇਹ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਰਾਹ ਹੈ। ਇਨਕਲਾਬ ਬੇਆਸਿਆਂ ਦੀ ਆਸ ਹੈ। ਹਨ੍ਹੇਰੇ ਵਿੱਚ ਜੀਣ ਵਾਲ਼ਿਆਂ ਲਈ ਰੌਸ਼ਨੀ ਦੀ ਕਿਰਨ ਹੈ। ਮੌਤ ਦੇ ਅਵਸਾਦ ਨੂੰ ਤੋੜਨ ਵਾਲ਼ੇ ਉਤਸਵ ਦਾ ਅਹਿਲਾਦ ਹੈ। "ਲਲਕਾਰ" ਇਸ ਤੂਫਾਨ ਨੂੰ ਮੁਕਤ ਕੰਠ ਨਾਲ਼ ਸੱਦਾ ਦਿੰਦਾ ਹੈ। "ਲਲਕਾਰ" ਇਸ ਤੂਫ਼ਾਨ ਦਾ ਅਨੰਦ ਲੈਣ ਲਈ ਸਾਰੇ ਨੌਜਵਾਨ ਤੂਫ਼ਾਨੀ ਪੇਤਰੇਲਾਂ ਨੂੰ ਨਿਉਂਦਾ ਦਿੰਦਾ ਹੈ।

■ ਪੂਰਾ ਭਾਰਤੀ ਸਮਾਜ ਅੱਜ ਇੱਕ ਜਵਾਲਾ ਮੁਖੀ ਦੇ ਮੁੱਖ 'ਤੇ ਬੈਠਾ ਹੈ। ਹੁਣ ਇਹ ਸੱਚ ਪੂਰੀ ਤਰਾਂ ਉਜਾਗਰ ਹੋ ਚੁੱਕਾ ਹੈ ਕਿ ਰੋਗੀ-ਅਪੰਗ, ਬੁੱਢਾ-ਬੌਣਾ ਭਾਰਤੀ ਪੂੰਜੀਵਾਦ ਆਮ ਲੋਕਾਂ ਨੂੰ ਕੁੱਝ ਵੀ ਸਕਾਰਾਤਮਕ ਨਹੀਂ ਦੇ ਸਕਦਾ। ਕਿਰਤੀਆਂ ਦੀ ਜ਼ਿੰਦਗੀ ਨੂੰ ਇਸਨੇ ਲੁੱਟ-ਜ਼ਬਰ ਦੇ ਅਸਹਿ ਦੁੱਖਾਂ ਦੇ ਹਨ੍ਹੇਰੇ ਵਿੱਚ ਧੱਕ ਦਿੱਤਾ ਹੈ। ਅਥਾਹ ਦੁੱਖਾਂ ਦੇ ਸਾਗਰ ਵਿਚੋਂ ਐਯਾਸ਼ੀ ਦੇ ਟਾਪੂ ਅਤੇ ਵਿਲਾਸਤਾ ਦੀਆਂ ਮੀਨਾਰਾਂ, ਸੰਸਦ ਵਿੱਚ ਸਰਮਾਏਦਾਰਾਂ ਦੀਆਂ ਝੋਲ਼ੀ-ਚੱਕ ਵੋਟ-ਬਟੋਰੂ ਸਿਆਸੀ ਪਾਰਟੀਆਂ ਦਾ ਜਾਭਾਂ ਦਾ ਭੇੜ, ਵਿਦੇਸ਼ੀ ਲੁਟੇਰਿਆਂ ਨੂੰ ਲੁੱਟ ਦੀ ਖੁੱਲ੍ਹੀ ਛੁੱਟੀ, ਭ੍ਰਿਸ਼ਟਾਚਾਰ ਦੇ ਨਿੱਤ ਟੁੱਟਦੇ ਰਿਕਾਰਡ, ਸੰਵੇਦਨਾਵਾਂ ਨੂੰ ਖੁੰਢਾ ਕਰ ਰਹੇ ਵਿਗੜੇ-ਬਿਮਾਰ ਸਾਮਰਾਜਵਾਦੀ-ਪੂੰਜੀਵਾਦੀ ਸੱਭਿਆਚਾਰ ਦਾ ਧੀਮਾ ਜ਼ਹਿਰ, ਸੰਚਾਰ-ਮਾਧਿਅਮਾਂ ਉਪਰ ਪੂੰਜੀ ਦੀ ਸਰਬਵਿਆਪੀ ਜਕੜ, ਵਿਕਦਾ ਨਿਆਂ, ਬੇਤਹਾਸ਼ਾ ਮਹਿੰਗੀ ਹੁੰਦੀ ਜਾ ਰਹੀ ਨਿਰਾਰਥਕ-ਅਵਿਗਿਆਨਕ ਸਿੱਖਿਆ, ਮਾਮੂਲੀ ਇਲਾਜ ਦੀ ਕਮੀ ਨਾਲ਼ ਮਰਦੇ ਲੋਕ - ਇਹੋ ਅੱਜ ਦਾ ਉਹ ਨਰਕੀ ਸੱਚ ਹੈ, ਜਿਸਨੂੰ ਫਿਲਹਾਲ, ਹਾਰੀ ਹੋਈ ਮਾਨਸਿਕਤਾ ਦੇ ਸ਼ਿਕਾਰ ਲੋਕਾਂ ਨੇ ਆਪਣੀ ਹੋਣੀ ਮੰਨ ਲਿਆ ਹੈ। ਇਸ ਨੂੰ ਬਦਲਣ ਦਾ ਰਾਹ ਇਨਕਲਾਬ ਦਾ ਰਾਹ ਹੈ। ਇਨਕਲਾਬ ਮੁਸ਼ਕਿਲ ਹੈ, ਇਨਕਲਾਬ ਦਾ ਰਾਹ ਲੰਬਾ ਹੈ, ਤਬਾਹਕੁਨ ਹੈ, ਪਰ ਇਸ ਤੋਂ ਬਿਨਾਂ ਨਵੇਂ ਦੀ ਉਸਾਰੀ ਅਸੰਭਵ ਹੈ। ਇਹੋ ਅੱਜ ਦਾ ਠੋਸ ਸੱਚ ਹੈ, ਨੰਗਾ ਸੱਚ ਹੈ - ਪਰ ਇਹੋ ਮੁਕਤੀਦਾਈ ਸੱਚ ਹੈ। ਇਹੋ 'ਲਲਕਾਰ' ਦਾ ਬੇਖੌਫ਼ ਐਲਾਨ ਹੈ।

ਇਸ ਅੰਕ ਵਿੱਚ

ਲਲਕਾਰ

ਤਬਦੀਲੀ ਪਸੰਦ ਵਿਦਿਆਰਥੀਆਂ-ਨੌਜਵਾਨਾਂ ਦੀ ਤਿਮਾਹੀ ਮੈਗਜ਼ੀਨ

ਸਾਲ 1, ਪੁਸਤਕ ਲੜੀ-2,
ਅਕਤੂਬਰ-ਦਸੰਬਰ 2007,

ਸੰਪਾਦਕ ਮੰਡਲ
ਰਾਜਵਿੰਦਰ/ਨਵਕਾਸ਼ਦੀਪ/ਲਖਵਿੰਦਰ

ਇੱਕ ਕਾਪੀ ਦੀ ਕੀਮਤ
ਦਸ ਰੁਪਏ
ਸਾਲਾਨਾ
ਚਾਲ਼ੀ ਰੁਪਏ (ਡਾਕ ਖਰਚ ਸਹਿਤ ਪੰਜਾਹ ਰੁਪਏ)

ਚਿੱਠੀ-ਪੱਤਰ, ਰਚਨਾਵਾਂ ਅਤੇ ਚੰਦੇ ਭੇਜਣ ਦਾ ਪਤਾ
ਲਲਕਾਰ c/o ਅਜੇ ਪਾਲ, ਪਿੰਡ ਅਤੇ ਡਾਕਘਰ-ਪੱਖੋਵਾਲ, ਤਹਿ. - ਰਾਏਕੋਟ, ਜ਼ਿਲ੍ਹਾ-ਲੁਧਿਆਣਾ-141108, (**ਫੋਨ :- ਅਜੇ ਪਾਲ : 94634-51849**)
e-mail : lalkaar08@rediffmail.com

ਸੰਪਾਦਕੀ



ਕਿਰਤੀ ਲੋਕਾਂ ਨਾਲ਼ ਏਕਤਾ ਬਣਾਉਣ ਲਈ ਇਨਕਲਾਬੀ ਨੌਜਵਾਨਾਂ-ਵਿਦਿਆਰਥੀਆਂ ਨੂੰ ਕੁਝ ਠੋਸ ਕਦਮ ਚੁੱਕਣੇ ਹੋਣਗੇ

ਸਾਡੇ ਸਮੇਂ ਦੀਆਂ ਕੁਝ ਇਤਿਹਾਸਕ ਜਿੰਮੇਵਾਰੀਆਂ- ਇੱਕ ਨਵੀਂ ਸ਼ੁਰੂਆਤ ਲਈ ਕੁਝ ਜ਼ਰੂਰੀ ਕਾਰਜ

ਉਂਝ ਤਾਂ ਬੌਧਿਕ ਕਿਰਤ ਅਤੇ ਸ਼ਰੀਰਕ ਕਿਰਤ ਕਰਨ ਵਾਲ਼ਿਆਂ ਵਿੱਚ ਭੇਦ (ਡਿਫ਼ਰੇਂਸ਼ਿਏਸ਼ਨ) ਅਤੇ ਵੱਖਰੇਪਨ (ਸੈਗਰੀਗੇਸ਼ਨ) ਦੀਆਂ ਕੰਧਾਂ ਸੱਭਿਅਤਾ ਦੇ ਇਤਿਹਾਸ ਦੇ ਉਸ ਸ਼ੁਰੂਆਤੀ ਯੁੱਗ ਤੋਂ ਹੀ ਖੜ੍ਹੀਆਂ ਹੋ ਗਈਆਂ ਸਨ, ਜਦੋਂ ਸਮਾਜ ਨੇ ਕਿਰਤ-ਵੰਡ ਅਤੇ ਜਮਾਤੀ ਸਘੰਰਸ਼ ਦੇ ਪੜਾਅ ਵਿੱਚ ਕਦਮ ਰੱਖਿਆ। ਪਰ ਪੂੰਜੀਵਾਦੀ ਸਮਾਜ ਦੀ ਕਿਰਤ-ਵੰਡ ਨੇ ਇਸ ਭੇਦ ਅਤੇ ਵੱਖਰੇਪਨ ਨੂੰ ਪਿਛਲੀਆਂ ਦੋ ਸਦੀਆਂ ਦੌਰਾਨ ਸਿਖਰ ਤੱਕ ਪਹੁੰਚਾ ਦਿੱਤਾ ਹੈ।

ਪੂੰਜੀਵਾਦੀ ਕਿਰਤ-ਵੰਡ ਨੇ ਮਨੁੱਖ ਦੇ ਸਮਾਜਿਕ-ਸਮੂਹਿਕ ਵਿਅਕਤੀਤਵ ਨੂੰ ਟੁਕੜੇ ਟੁਕੜੇ ਕਰਦੇ ਹੋਏ ਉਸ ਮੁਕਾਮ 'ਤੇ ਲਿਆ ਖੜ੍ਹਾ ਕੀਤਾ ਹੈ ਜਿੱਥੇ ਸਮਾਜ ਦੀ ਸਾਰੀ ਭੌਤਿਕ ਸੰਪਦਾ ਉਪਜਾਉਣ ਵਾਲ਼ੇ ਸਿੱਧੇ ਉਤਪਾਦਕ ਆਪਣੀ ਉਤਪਾਤਕ ਵਸ਼ਿਸ਼ਟਤਾ ਤੋਂ ਪੂਰੀ ਤਰ੍ਹਾਂ ਅਣਜਾਣ, ਮਸ਼ੀਨ ਦਾ ਇੱਕ ਪੁਰਜ਼ਾ ਬਣ ਚੁੱਕੇ ਹਨ। ਉਹ ਸਿਰਫ਼ ਉਜ਼ਰਤੀ ਆਧੁਨਿਕ ਗੁਲ਼ਾਮ ਹਨ ਜੋ ਨਾ ਸਿਰਫ਼ ਆਪਣੇ ਉਤਪਾਦਨ ਨਾਲ਼, ਸਗੋਂ ਆਪਣੀ ਉਤਪਾਤਕ ਵਸ਼ਿਸ਼ਟਤਾ ਸਹਿਤ ਸਾਰੇ ਮਨੁੱਖੀ ਗੁਣਾਂ ਅਤੇ ਕਲਾਵਾਂ ਤੋਂ, ਆਪਣੇ ਜਿਹੇ ਹੀ ਉਤਪਾਦਕਾਂ ਤੋਂ ਅਤੇ ਪੂਰੇ ਸਮਾਜਿਕ ਅਤੇ ਕੁਦਰਤੀ ਪਿਛੋਕੜ ਤੋਂ ਅਲੱਗ ਅਤੇ ਪਰਾਇਆ ਹੋ ਕੇ ਬਸ ਆਪਣੀ ਹੋਂਦ ਨੂੰ ਬਚਾਈ ਰੱਖਣ ਲਈ ਆਪਣੀਆਂ ਹੱਡੀਆਂ ਗਲਾਉਂਦਾ ਰਹਿੰਦਾ ਹੈ। ਇਹ ਉਸੇ ਅਲਹਿਦਗੀ (ਏਲੀਏਸ਼ਨ) ਦੀ ਪ੍ਰਕਿਰਿਆ ਹੈ, ਜੋ ਪੂੰਜੀਵਾਦੀ ਸਮਾਜ ਦੀ ਵਿਸ਼ੇਸ਼ਤਾ ਹੈ। ਸੰਪਤੀਸ਼ਾਲੀ ਜਮਾਤ ਅਤੇ ਮਜ਼ਦੂਰ ਜਮਾਤ ਮਨੁੱਖੀ ਆਤਮ-ਵਿਮੁਖਤਾ (ਸੇਲਫ਼-ਏਸਟ੍ਰੇਂਜਮੇਂਟ) ਦੇ ਇੱਕ ਹੀ ਵਰਤਾਰੇ ਦੇ ਦੋ ਪੱਖ ਹਨ। ਪਹਿਲਾ ਇਸ ਵਰਤਾਰੇ ਨੂੰ ਆਪਣੀ ਤਾਕਤ ਮੰਨਦਾ ਹੈ ਅਤੇ ਇਸ ਵਿੱਚ ਮਨੁੱਖੀ ਹੋਂਦ ਦੀ ਕਲਪਨਾ ਹਾਸਿਲ ਕਰਦਾ ਹੈ, ਜਦਕਿ ਦੂਸਰਾ ਇਸ ਵਿੱਚ ਆਪਣੀ ਸ਼ਕਤੀਹੀਣਤਾ ਅਤੇ ਅਣਮਨੁੱਖੀ ਹੋਂਦ ਦੀ ਸੱਚਾਈ ਦਾ ਅਨੁਭਵ ਕਰਦਾ ਹੈ। ਨਿਜੀ ਜਾਇਦਾਦ ਆਪਣੀ ਇੱਛਾ ਤੋਂ ਅਜ਼ਾਦ, ਅਚੇਤਨ, ਅੰਦਰੂਨੀ ਗਤੀ ਨਾਲ਼, ਇੱਕ ਅਜਿਹੀ ਤਾਕਤ ਦੇ ਰੂਪ ਵਿੱਚ ਮਜ਼ਦੂਰ ਜਮਾਤ ਨੂੰ ਪੈਦਾ ਕਰਦੀ ਹੈ ਜੋ ਆਪਣੇ ਸੁਭਾਅ ਤੋਂ ਹੀ ਨਿਜੀ ਜਾਇਦਾਦ ਵਿਰੋਧੀ ਹੁੰਦੀ ਹੈ, ਉਹ ਇੱਕ ਅਜਿਹੀ ਕੰਗਾਲੀ ਨੂੰ ਜਨਮ ਦਿੰਦੀ ਹੈ ਜੋ ਆਪਣੀ ਆਤਮਕ-ਭੌਤਿਕ ਕੰਗਾਲੀ ਬਾਰੇ ਚੇਤੰਨ ਹੁੰਦੀ ਹੈ, ਉਹ ਇੱਕ ਅਜਿਹੇ ਅਮਾਨਵੀਕਰਨ ਨੂੰ ਜਨਮ ਦਿੰਦੀ ਹੈ ਜਿਸਨੂੰ ਆਪਣੇ ਅਮਾਨਵੀਕਰਣ ਦਾ ਗਿਆਨ ਹੁੰਦਾ ਹੈ। ਨਿਜੀ ਜਾਇਦਾਦ ਮਜ਼ਦੂਰ ਜਮਾਤ ਨੂੰ ਜਨਮ ਦੇ ਕੇ ਆਪਣੇ ਹੀ ਵਿਰੁੱਧ ਇੱਕ ਸਜਾ ਦਾ ਐਲਾਨ ਜ਼ਾਰੀ ਕਰਦੀ ਹੈ ਅਤੇ ਇਸ ਹੁਕਮ ਨੂੰ ਮੰਨਕੇ ਆਪਣਾ ਇਤਿਹਾਸਕ ਮਿਸ਼ਨ ਪੂਰਾ ਕਰਨ ਨਾਲ਼ ਹੀ ਮਜ਼ਦੂਰ ਜਮਾਤ ਖ਼ੁਦ ਆਪਣਾ ਵੀ ਖ਼ਾਤਮਾ ਕਰ ਲਵੇਗੀ। ਭਾਵ ਆਪਣੇ ਵਿਰੋਧੀ ਪੱਖ- ਨਿਜੀ ਜਾਇਦਾਦ ਦੇ ਲੁਪਤ ਹੋ ਜਾਣ ਨਾਲ਼ ਹੀ ਮਜ਼ਦੂਰ ਜਮਾਤ ਵੀ ਲੁਪਤ ਹੋ ਜਾਵੇਗੀ ਅਤੇ ਉੱਥੋਂ ਹੀ ਮਨੁੱਖੀ ਸਭਿਅਤਾ ਦੇ ਉੱਤਰ-ਜਮਾਤੀ ਇਤਿਹਾਸ ਦੀ ਸ਼ੁਰੂਆਤ ਹੋਵੇਗੀ।

■

ਪੂੰਜੀਵਾਦੀ ਸਮਾਜ ਦੀ ਜਮਾਤੀ ਬਣਤਰ ਵਿੱਚ ਮੱਧਵਰਗ ਜਾਂ ਨਿਮਨ-ਪੂੰਜੀਪਤੀ ਜਮਾਤ (ਪੈਟੀ-ਬੁਰਜ਼ੂਆ ਕਲਾਸ) ਇੱਕ ਅਜਿਹੀ ਜਮਾਤ ਹੁੰਦੀ ਹੈ ਜੋ ਬੌਧਿਕ ਕਿਰਤ ਕਰਦੀ ਹੈ ਅਤੇ ਸਿੱਧੇ ਭੌਤਿਕ ਉਤਪਾਦਨ ਵਿੱਚ ਨਹੀਂ ਲੱਗੀ ਹੁੰਦੀ। ਇਹ ਵਾਫ਼ਰ ਕਦਰ ਪੈਦਾ ਨਹੀਂ ਕਰਦੀ। ਪੂੰਜੀਵਾਦੀ ਸਮਾਜ ਦੀ ਸਰਬਵਿਆਪੀ ਬਿਮਾਰੀ- ਮਨੁੱਖੀ ਆਤਮ-ਵਿਮੁਖਤਾ ਅਤੇ ਅਲਹਿਦਗੀ ਤੋਂ ਇਹ ਅਲੱਗ-ਅਲੱਗ ਤਰ੍ਹਾਂ ਗ੍ਰਸਤ ਹੁੰਦੀ ਹੈ, ਪਰ ਬੌਧਿਕ ਕਿਰਤ ਨੂੰ ਸਰੀਰਕ ਕਿਰਤ ਤੋਂ ਉੱਚਾ ਸਮਝਣ ਕਾਰਨ, ਆਪਣੀ ਸੁਭਾਵਿਕ ਜਮਾਤੀ ਚੇਤਨਾ ਤੋਂ ਇਹ ਮਜ਼ਦੂਰ ਜਮਾਤ ਨੂੰ ਨਫ਼ਰਤ ਦੀ ਨਜ਼ਰ ਨਾਲ਼ ਦੇਖਦੀ ਹੈ। ਨਿਜੀ ਜਾਇਦਾਦ ਵਿੱਚ ਇਸਦੀ ਡੂੰਘੀ

ਦਿਲਚਸਪੀ ਹੁੰਦੀ ਹੈ। ਪੂੰਜੀਵਾਦੀ ਉਤਪਾਦਨ ਅਤੇ ਵਟਾਂਦਰੇ ਦੀ ਪ੍ਰਕਿਰਿਆ ਨੂੰ ਸੰਚਾਲਿਤ ਕਰਨ ਵਿੱਚ ਇਸ ਜਮਾਤ ਦੀ ਜ਼ਰੂਰੀ-ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਮਜ਼ਦੂਰ ਜਮਾਤ ਤੋਂ ਮੁਨਾਫ਼ਾ ਨਿਚੋੜਨ ਵਿੱਚ ਇਹ ਪੂੰਜੀਪਤੀ ਜਮਾਤ ਅਧੀਨ ਸਹਿਯੋਗੀ ਦੀ ਭੂਮਿਕਾ (ਬਿਊਰੋਕ੍ਰੈਟ, ਟੈਕਨੋਕ੍ਰੈਟ ਤੋਂ ਲੈ ਕੇ ਕਲ਼ਰਕ, ਸੁਪਰਵਾਈਜ਼ਰ ਆਦਿ ਦੇ ਰੂਪ ਵਿੱਚ) ਨਿਭਾਉਂਦੀ ਹੈ ਅਤੇ ਪੂੰਜੀਵਾਦੀ ਰਾਜ ਵਿਵਸਥਾ ਅਤੇ ਸਮਾਜਿਕ-ਸਭਿਆਚਾਰਕ ਉੱਚ ਉਸਾਰ ਦੇ ਸਾਰੇ ਅੰਗਾਂ-ਉਪਅੰਗਾਂ ਦੀਆਂ ਨੀਤੀਆਂ ਤੈਅ ਕਰਨ ਦਾ ਕੰਮ ਅਤੇ ਸੰਚਾਲਨ ਵੀ (ਸਿਧਾਂਤਕਾਰ, ਵਿਚਾਰਕ, ਰਾਜਨੀਤੀਵਾਨ, ਨੌਕਰਸ਼ਾਹ, ਜੱਜ, ਫ਼ੌਜ-ਪੁਲਿਸ ਅਧਿਕਾਰੀ ਅਤੇ ਅਜ਼ਾਦ ਪੇਸ਼ੇਵਰ ਬੁੱਧੀਜੀਵੀ ਦੇ ਰੂਪ ਵਿੱਚ) ਇਹੀ ਜਮਾਤ ਕਰਦੀ ਹੈ। ਬਦਲੇ 'ਚ ਕਿਰਤੀਆਂ ਤੋਂ ਨਿਚੋੜੇ ਗਏ ਕੁੱਲ ਮੁਨਾਫ਼ੇ ਦਾ ਇੱਕ ਹਿੱਸਾ ਇਹ ਜਮਾਤ ਤਨਖ਼ਾਹ-ਭੱਤੇ ਅਤੇ ਸੁੱਖ-ਸੁਵਿਧਾਵਾਂ ਦੇ ਰੂਪ ਵਿੱਚ ਹਾਸਿਲ ਕਰਦੀ ਹੈ। ਨਾਲ਼ ਹੀ, ਬੁੱਧੀਜੀਵੀ ਦੇ ਰੂਪ ਵਿੱਚ ਇਸਨੂੰ ਬਹੁਤ ਸਾਰੇ ਬੁਰਜੂਆ (ਪੂੰਜੀਵਾਦੀ) ਅਧਿਕਾਰ-ਵਿਸ਼ੇਸ਼ ਅਧਿਕਾਰ ਹਾਸਿਲ ਹੁੰਦੇ ਹਨ।

ਇਸ ਮੱਧਵਰਗ ਦੀ ਲਗਾਤਾਰ ਇੱਛਾ ਅਤੇ ਕੋਸ਼ਿਸ਼ ਇਹੋ ਹੁੰਦੀ ਹੈ ਕਿ ਉਹ ਉੱਪਰ ਉੱਠ ਕੇ ਸਿੱਧਾ ਮੁਨਾਫ਼ਾ ਨਿਚੋੜਨ ਵਾਲ਼ੀ ਪੂੰਜੀਪਤੀ ਜਮਾਤ ਦੀਆਂ ਸਫਾਂ ਵਿੱਚ ਜਾ ਬੈਠੇ। ਪਰ ਪੂੰਜੀਪਤੀਆਂ ਵਿਚਕਾਰ ਤਾਂ ਪਹਿਲਾਂ ਹੀ, ਵੱਡੀ ਮੱਛੀ ਛੋਟੀ ਮੱਛੀ ਨੂੰ ਖਾਂਦੀ ਰਹਿੰਦੀ ਹੈ। ਅਜ਼ਾਦ ਮੁਕਾਬਲੇ ਦੇ ਦੌਰ ਵਿੱਚ ਨਵੇਂ-ਨਵੇਂ ਪੂੰਜ਼ੀਪਤੀਆਂ ਦਾ ਪੈਦਾ ਹੋਣਾ ਫੇਰ ਵੀ ਅਸਾਨ ਹੁੰਦਾ ਸੀ। ਪਰ ਇਜਾਰੇਦਾਰ ਪੂੰਜੀਵਾਦ ਦੇ ਮੌਜੂਦਾ ਦੌਰ ਵਿੱਚ ਅਜਿਹਾ ਹੋ ਸਕਣ ਦੀਆਂ ਸੰਭਾਵਨਾਵਾਂ ਬਹੁਤ ਹੀ ਘੱਟ ਗਈਆਂ ਹਨ। ਅਜਿਹੀ ਸਥਿਤੀ ਵਿੱਚ ਮੱਧਵਰਗ ਦਾ ਜੋ ਉੱਪਰਲਾ ਹਿੱਸਾ ਹੈ, ਉਹ ਸ਼ੇਅਰ ਖਰੀਦ ਕੇ, ਰਿਅਲ ਅਸਟੇਟ ਆਦਿ ਵਿੱਚ ਪੂੰਜੀ ਲਾ ਕੇ ਲਾਭ ਕਮਾਉਣ ਵਿੱਚ ਪੂੰਜੀਪਤੀਆਂ ਦਾ ਛੋਟਾ ਭਰਾ ਬਣ ਜਾਂਦਾ ਹੈ। ਥੱਲੇ ਦਾ ਹਿੱਸਾ ਵੀ ਬੱਚਤ ਕਰ ਕੇ ਸੰਪੱਤੀਸ਼ਾਲੀ ਬਣਨ ਦਾ ਸੁਪਨਾ ਦੇਖਦਾ ਹੈ, ਪਰ ਬੈਂਕਾਂ ਵਿੱਚ ਪੈਸਾ ਜਮ੍ਹਾ ਕਰਨ ਨਾਲ਼ ਉਹ ਜਿਆਦਾ ਤੋਂ ਜਿਆਦਾ, ਪੂੰਜੀਪਤੀਆਂ ਨੂੰ ਮੁਨਾਫ਼ਾ ਕਮਾਉਣ ਲਈ ਕਰਜ਼ੇ ਦੇ ਰੂਪ ਵਿੱਚ ਪੂੰਜ਼ੀ ਦਾ ਅੰਬਾਰ ਹੀ ਉਪਲੱਭਧ ਕਰਵਾ ਪਾਉਂਦਾ ਹੈ ਅਤੇ ਖ਼ੁਦ ਉਸਨੂੰ ਇਸ ਮੁਨਾਫ਼ੇ ਦਾ ਇੱਕ ਬਹੁਤ ਛੋਟਾ ਜਿਹਾ ਟੁਕੜਾ ਵਿਆਜ ਦੇ ਤੌਰ 'ਤੇ ਹਾਸਿਲ ਹੋ ਪਾਉਂਦਾ ਹੈ, ਜਿਸ ਨਾਲ਼ ਉਹ ਆਪਣੀ ਸੁਰੱਖਿਆ ਅਤੇ ਸੁਵਿਧਾਵਾਂ ਜੁਟਾ ਲੈਣ ਤੋਂ ਵੱਧ ਕੁਝ ਨਹੀਂ ਕਰ ਪਾਉਂਦਾ।

ਮੱਧਵਰਗ ਇੱਕ ਅਜਿਹੀ ਜਮਾਤ ਹੈ ਜਿਸਦੇ ਧਰੁਵੀਕਰਨ ਦੀ ਪ੍ਰਕਿਰਿਆ ਲਗਾਤਾਰ ਜ਼ਾਰੀ ਰਹਿੰਦੀ ਹੈ। ਉੱਚੀਆਂ ਤਨਖਾਹਾਂ ਪਾਉਣ ਵਾਲ਼ੇ ਪ੍ਰਬੰਧਕ, ਇੰਜੀਨਿਅਰ, ਪ੍ਰੋਫੈਸਰ, ਡਾਕਟਰ, ਉੱਚੇ ਮੀਡੀਆ ਕਰਮਚਾਰੀ ਆਦਿ ਅਜ਼ਾਦ ਪ੍ਰੋਫ਼ੈਸ਼ਨਲ ਨਾ ਸਿਰਫ਼ ਸੁਰੱਖਿਅਤ-ਸੁਵਿਧਾ ਸੰਪੰਨ ਅਤੇ ਐਸ਼ਪ੍ਰਸਤੀ ਦੀ ਜ਼ਿੰਦਗੀ ਜਿਉਂਦੇ ਹਨ, ਸਗੋਂ ਆਪਣੀ ਬੱਚਤ ਨਾਲ਼ ਨਿਵੇਸ਼ ਕਰਕੇ ਮੁਨਾਫ਼ਾ ਨਿਚੋੜਨ ਵਾਲ਼ਿਆ ਦੀ ਲਾਈਨ ਵਿੱਚ ਨੀਵੀਂ ਥਾਂ 'ਤੇ ਜਾ ਬੈਠਦੇ ਹਨ ਅਤੇ ਪੂੰਜੀਵਾਦੀ ਢਾਂਚੇ ਦੇ ਇੱਕ ਮਜ਼ਬੂਤ, ਵਿਸ਼ਵਾਸ਼ਯੋਗ ਸਮਾਜਿਕ ਥੰਮ ਦੀ ਭੂਮਿਕਾ ਨਿਭਾਉਂਦੇ ਹਨ। ਇਸਨੂੰ ਉੱਚ ਮੱਧਵਰਗ ਕਿਹਾ ਜਾਂਦਾ ਹੈ। ਇਸੇ ਜਮਾਤ ਵਿਚੋਂ ਬੁੱਧੀਜੀਵੀਆਂ ਦਾ ਉਹ ਹਿੱਸਾ ਆਉਂਦਾ ਹੈ ਜੋ ਸਿਧਾਂਤਕਾਰ, ਚਿੰਤਕ, ਅਕਾਦਮੀਸ਼ਿਅਨ, ਮੀਡੀਆ ਕਰਮੀ, ਸਭਿਆਚਾਰਕ ਕਾਮੇ, ਅਤੇ ਰਾਜਨੀਤੀਵਾਨ ਦੇ ਰੂਪ ਵਿੱਚ ਪੂੰਜੀਵਾਦੀ ਢਾਂਚੇ ਦੀ ਸੇਵਾ ਕਰਦਾ ਹੈ ਅਤੇ ਉਲਟ-ਇਨਕਲਾਬੀ, ਯਥਾਸਥਿਤੀਵਾਦੀ, ਲੋਕ ਵਿਰੋਧੀ ਬੁੱਧੀਜੀਵੀ ਦੀ ਭੂਮੀਕਾ ਵੀ ਨਿਭਾਉਂਦਾ ਹੈ। ਕਲਰਕਾਂ, ਪ੍ਰਾਈਮਰੀ ਸਕੂਲਾਂ ਦੇ ਅਧਿਆਪਕਾਂ, ਤਕਨੀਕੀ ਅਤੇ ਸੁਪਰਵਾਈਜਰੀ ਸਟਾਫ਼ ਦੇ ਲੋਕਾਂ, ਘੱਟ ਤਨਖ਼ਾਹ ਵਾਲ਼ੇ ਹੇਠਲੇ ਮੀਡੀਆ ਕਰਮੀਆਂ, ਸੇਲਜ਼ ਏਜੰਟਾਂ ਅਤੇ ਘੱਟ ਆਮਦਨ ਵਾਲ਼ੇ ਅਜ਼ਾਦ ਪ੍ਰੋਫ਼ੈਸ਼ਨਲਾਂ ਤੋਂ ਮੱਧਵਰਗ ਦੀਆਂ ਵਿਚਕਾਰਲੀਆਂ ਅਤੇ ਹੇਠਲੀਆਂ ਤੈਹਾਂ, ਭਾਵ ਮੱਧ-ਮੱਧਵਰਗ ਅਤੇ ਨਿਮਨ-ਮੱਧਵਰਗ ਬਣਦੇ ਹਨ। ਇਸ ਪੂਰੀ ਜਮਾਤ ਦੇ ਧਰੁਵੀਕਰਨ ਦੀ ਪ੍ਰਕਿਰਿਆ ਲਗਾਤਾਰ ਚਲਦੀ ਰਹਿੰਦੀ ਹੈ। ਉੱਚ ਮੱਧਵਰਗ ਦਾ ਇੱਕ ਹਿੱਸਾ ਉੱਪਰ ਉੱਠਦਾ ਰਹਿੰਦਾ ਹੈ ਅਤੇ ਉਸ ਵਿੱਚੋਂ ਕੁਝ ਪੂੰਜੀਪਤੀ ਘਰਾਣਿਆਂ ਦੇ ਵੱਡੇ ਸ਼ੇਅਰ ਹੋਲਡਰ, ਬਿਜ਼ਨਸਮੈਨ, ਦਲਾਲ ਜਾਂ ਕਿਸੇ ਪ੍ਰਕਾਰ ਦੇ ਵੱਡੇ ਕਾਰੋਬਾਰੀ ਬਣਦੇ ਰਹਿੰਦੇ ਹਨ। ਮੱਧ-ਮੱਧਵਰਗ ਦਾ ਇੱਕ ਹਿੱਸਾ ਉੱਪਰ ਤੋਂ ਥੱਲੇ ਵਾਲ਼ੇ ਪਾਸੇ ਨੂੰ ਗਤੀਸ਼ੀਲ ਰਹਿੰਦਾ ਹੈ। ਨਿਮਨ ਮੱਧਵਰਗ ਲਗਾਤਾਰ ਟੁੱਟੇ ਸੁਪਨਿਆਂ, ਅਧੂਰੀਆਂ ਅਕਾਂਕਸ਼ਾਵਾਂ, ਮਲਾਲ, ਅਫ਼ਸੋਸ, ਅਤੇ ਨਿਰਾਸ਼ਾ ਵਿੱਚ ਜਿਉਂਦਾ ਰਹਿੰਦਾ ਹੈ। ਉਸਦਾ ਇੱਕ ਛੋਟਾ ਜਿਹਾ ਹਿੱਸਾ ਹੀ ਸੁਰੱਖਿਅਤ ਜਿੰਦਗੀ ਹਾਸਿਲ ਕਰਕੇ ਉੱਪਰ ਉੱਠ ਪਾਉਂਦਾ ਹੈ। ਬਾਕੀ ਦਾ ਹਿੱਸਾ ਆਪਣੀ ਸਥਿਤੀ ਨੂੰ ਬਚਾਉਣ ਲਈ ਜੂਝਦਾ ਰਹਿੰਦਾ ਹੈ ਅਤੇ ਉਸਦਾ ਵੱਡਾ ਹਿੱਸਾ ਲਗਾਤਾਰ ਕੰਗਾਲ-ਬਦਹਾਲ ਹੋ ਕੇ ਮਜ਼ਦੂਰ ਜਮਾਤ ਵਿੱਚ ਸ਼ਾਮਿਲ ਹੁੰਦਾ ਰਹਿੰਦਾ ਹੈ। ਮੱਧਵਰਗ ਦੇ ਵਿਚਕਾਰਲੇ ਅਤੇ ਹੇਠਲੇ ਹਿੱਸੇ ਵਿਚਕਾਰ ਲਗਾਤਾਰ ਇਹ ਅਸ਼ੰਕਾ ਵਿਸ਼ਵਾਸ਼ ਵਿੱਚ ਬਦਲਦੀ ਰਹਿੰਦੀ ਹੈ ਕਿ ਪੂੰਜੀਵਾਦੀ ਵਿਵਸਥਾ ਵਿੱਚ ਬੇਹਤਰ ਜਿੰਦਗੀ ਦੀ ਉਹਨਾਂ ਲਈ ਕੋਈ ਗੁੰਜਾਇਸ਼ ਨਹੀਂ ਬਚੀ ਹੈ। ਇਹਨਾਂ ਵਿੱਚ ਵਿਵਸਥਾ ਤਬਦੀਲੀ ਦੇ ਭਾਂਤ-ਭਾਂਤ ਦੇ ਕਲਪਨਾਵਾਦੀ, ਸੁਧਾਰਵਾਦੀ, ਅਤੇ ਖਾੜਕੂ-ਤਬਦੀਲੀਪਸੰਦ (ਰੈਡੀਕਲ) ਵਿਚਾਰ ਅਤੇ ਪ੍ਰੋਜੈਕਟ ਪੈਦਾ ਹੁੰਦੇ ਰਹਿੰਦੇ ਹਨ। ਜੋ ਮੱਧਵਰਗੀ ਕਲਪਨਾਵਾਦੀ ਅਤੇ ਸੁਧਾਰਵਾਦੀ ਵਿਚਾਰਧਾਰਾਵਾਂ ਹੁੰਦੀਆਂ ਹਨ ਉਹ ਪੂੰਜੀਵਾਦੀ ਸਮਾਜਿਕ ਢਾਂਚੇ ਵਿੱਚ ਸੁਧਾਰ ਦੀ ਤਜ਼ਵੀਜ਼ ਪੇਸ਼ ਕਰਦੇ ਹੋਏ ਤੱਤ ਰੂਪ ਵਿੱਚ ਪੂੰਜੀਵਾਦ ਦੀ ਸੇਵਾ ਹੀ ਕਰਦੀਆਂ ਹਨ ਅਤੇ ਹਾਕਮ ਜਮਾਤ ਉਹਨਾਂ ਨੂੰ ਨਾ ਸਿਰਫ਼ ਖ਼ੁਸ਼ ਹੋ ਕੇ ਮਨਜ਼ੂਰ ਅਤੇ ਪ੍ਰੇਰਿਤ ਹੀ ਕਰਦੀ ਹੈ, ਸਗੋਂ ਕੁਝ ਸਮੇਂ ਬਾਅਦ ਇਹਨਾਂ ਵਿਚਾਰਾਂ ਨੂੰ ਪੇਸ਼ ਕਰਨ ਵਾਲ਼ੇ ਅਤੇ ਵਾਹਕ ਵੀ ਇਸ ਵਿਵਸਥਾ ਦੇ ਸੁਰੱਖਿਆ-ਕਵਚ ਦੇ ਤੌਰ 'ਤੇ ਅਪਣਾ ਲਏ ਜਾਂਦੇ ਹਨ। ਰੈਡੀਕਲ ਵਿਚਾਰਾਂ ਵਾਲ਼ੇ ਅਤੇ ਪ੍ਰੋਜੈਕਟਾਂ ਦੀਆਂ ਵਾਹਕ ਤਾਕਤਾਂ ਸਮੇਂ-ਸਮੇਂ ਤੇ ਦਿਸ਼ਾਹੀਨ ਖਾੜਕੂ ਲਹਿਰਾਂ ਨੂੰ ਜਨਮ ਦਿੰਦੀਆਂ

ਰਹਿੰਦੀਆਂ ਹਨ ਜਿਨ੍ਹਾਂ ਦਾ ਅੰਜ਼ਾਮ ਨਿਰਾਸ਼ਾ ਅਤੇ ਅਸਫ਼ਲਤਾ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ। ਕੁਝ ਅਜਿਹੇ ਰੈਡੀਕਲ ਮੱਧਵਰਗੀ ਤੱਤ ਹੁੰਦੇ ਹਨ ਜੋ ਇਨਕਲਾਬ ਲਈ ਸਮਾਜ ਦੀ ਵਿਗਿਆਨਕ ਸਮਝ ਅਤੇ ਵਿਆਪਕ ਲੋਕਾਈ ਦੀ ਭੂਮਿਕਾ ਨੂੰ ਨਹੀਂ ਸਮਝਦੇ। ਉਹ ਲੋਕਾਂ ਨੂੰ ਗੈਰ-ਸਰਗਰਮ ਭੀੜ ਮੰਨਦੇ ਹਨ ਅਤੇ ਉਸਦੀ ਮੁਕਤੀ ਲਈ ਖ਼ੁਦ ਆਪਣੀ ਬਹਾਦਰੀ ਅਤੇ ਕੁਰਬਾਨੀ ਦੇ ਜ਼ੋਰ 'ਤੇ, ਹਥਿਆਰ ਚੁੱਕ ਕੇ, ਦਹਿਸ਼ਤ ਅਤੇ ਸਾਜਿਸ਼ ਦੇ ਸਹਾਰੇ ਜਲਦੀ-ਜਲਦੀ ਇਨਕਲਾਬ ਕਰ ਦੇਣਾ ਚਾਹੁੰਦੇ ਹਨ। ਦਹਿਸ਼ਤਵਾਦ ਦਾ ਇਹ ਰਾਹ ਸਮਾਜਿਕ ਇਨਕਲਾਬ ਦੀ ਪ੍ਰਤਿਨਿਧੀ ਮੱਧਵਰਗੀ ਸਮਝ ਹੈ। ਨਾਲ਼ ਹੀ ਨਿਮਨ-ਮੱਧਵਰਗ ਦੇ ਸਿਖਰਲੇ ਅਲਹਿਦਗੀਗ੍ਰਸਤ, ਬਹੁਤ ਹੀ ਪਿਛੜੀ ਚੇਤਨਾ ਰੱਖਣ ਵਾਲ਼ੇ ਪੀਲੇ-ਬਿਮਾਰ ਚਹਿਰਿਆਂ ਵਾਲੇ ਨੌਜਵਾਨ ਹੀ ਤਰ੍ਹਾਂ-ਤਰ੍ਹਾਂ ਦੇ ਫ਼ਾਸਿਸਟਾਂ ਦੇ ਗੁੰਡੇ-ਗਿਰੋਹਾਂ ਵਿੱਚ ਸ਼ਾਮਿਲ ਹੁੰਦੇ ਰਹਿੰਦੇ ਹਨ। ਪਰ ਲਗਾਤਾਰ ਮਜ਼ਦੂਰ ਬਣਨ ਦੀ ਦਿਸ਼ਾ ਵਿੱਚ ਵੱਧ ਰਹੇ ਇਸੇ ਨਿਮਨ ਮੱਧਵਰਗ ਦੇ ਰੈਡੀਕਲ ਹਿੱਸਿਆਂ ਵਿੱਚੋਂ ਕੁਝ ਅਜਿਹੇ ਲੋਕ ਨਿਕਲ ਕੇ ਸਾਹਮਣੇ ਆਉਂਦੇ ਹਨ ਜੋ ਆਪਣੇ ਜੀਵਨ ਦੀ ਸੁਭਾਵਿਕ ਪ੍ਰਕਿਰਿਆ ਵਿੱਚ ਪੂੰਜੀਵਾਦ ਦੀਆਂ ਸਾਰੀਆਂ ਅਲਾਮਤਾਂ ਦੇ ਸ਼ਿਕਾਰ ਕਿਰਤੀ ਲੋਕਾਂ ਦੇ ਨਜ਼ਦੀਕ ਆਉਂਦੇ ਹਨ ਅਤੇ ਉਹਨਾਂ ਨਾਲ਼ ਆਤਮਿਕ ਧਰਾਤਲ 'ਤੇ ਵੀ ਨਜ਼ਦੀਕੀ ਮਹਿਸੂਸ ਕਰਨ ਲੱਗਦੇ ਹਨ। ਉਹ ਮੱਧਵਰਗ ਦੇ ਸਭ ਤੋਂ ਉੱਨਤ ਚੇਤਨਾ ਵਾਲ਼ੇ ਰੈਡੀਕਲ ਤੱਤ ਹੁੰਦੇ ਹਨ। ਉਹ ਸਮਾਜਿਕ ਤਬਦੀਲੀ ਦੀ ਦਿਸ਼ਾ ਅਤੇ ਰਾਹ ਬਾਰੇ ਵਿਵਹਾਰਕ ਅਤੇ ਤਰਕਸੰਗਤ ਢੰਗ ਨਾਲ਼ ਸੋਚਦੇ ਹਨ, ਇਹਨਾਂ ਨੂੰ ਜਾਨਣ ਲਈ ਸਮਾਜ ਦੀ ਆਰਥਿਕ-ਸਮਾਜਿਕ-ਰਾਜਨੀਤਕ ਬਣਤਰ ਦਾ, ਉਸਦੀ ਅੰਦਰੂਨੀ ਗਤਿਕੀ ਦਾ ਅਤੇ ਸਮਾਜ ਵਿਕਾਸ ਦੀ ਪੂਰੀ ਇਤਿਹਾਸਕ ਪ੍ਰਕਿਰਿਆ ਦਾ ਅਧਿਐਨ ਕਰਦੇ ਹਨ ਅਤੇ ਇਸ ਪ੍ਰਕਾਰ, ਪੂੰਜੀਵਾਦ-ਵਿਰੋਧੀ ਇਨਕਲਾਬ ਦੇ ਵਿਗਿਆਨ ਤੋਂ ਜਾਣੂ ਹੁੰਦੇ ਹਨ। ਉਹਨਾਂ ਸਾਹਮਣੇ ਇਹ ਸੱਚਾਈ ਸਪੱਸ਼ਟ ਹੋ ਜਾਂਦੀ ਹੈ ਕਿ ਪੂੰਜੀਵਾਦੀ ਸਮਾਜ ਵਿੱਚ ਉਤਪਾਦਨ ਦੇ ਸਾਧਨਾਂ ਅਤੇ ਸਮਾਜਿਕ ਕਿਰਤ ਦੇ ਉਤਪਾਦਾਂ ਉੱਤੇ ਸਮਾਜ ਦੀ ਮਾਲਕੀ ਨਹੀਂ ਹੁੰਦੀ। ਉਹਨਾਂ 'ਤੇ ਪੂੰਜੀਪਤੀ ਜਮਾਤ ਦਾ ਅਧਿਕਾਰ ਹੁੰਦਾ ਹੈ। ਸਮਾਜਿਕ ਉਤਪਾਦਨ ਅਤੇ ਪੂੰਜਾਵਾਦੀ ਨਿਜੀ ਮਾਲਕੀ ਵਿਚਕਾਰ ਇਸ ਅੰਤਰਵਿਰੋਧ ਨੂੰ ਹੱਲ ਕਰਕੇ ਅਤੇ ਉਤਪਾਦਨ ਦੇ ਸਾਧਨਾਂ ਅਤੇ ਸਮਾਜਿਕ ਉਤਪਾਦਾਂ ਦਾ ਸਮਾਜੀਕਰਨ ਕਰਕੇ ਹੀ ਸਮਾਜ ਅੱਗੇ ਵੱਧ ਸਕਦਾ ਹੈ। ਪੂੰਜੀਵਾਦੀ ਜਮਾਤ ਪੂੰਜੀਵਾਦੀ ਉਤਪਾਦਨ ਪ੍ਰਣਾਲੀ ਨੂੰ ਸਮੁੱਚੇ ਤੌਰ 'ਤੇ ਆਪਣੀ ਰਾਜਸੱਤਾ ਦੀ ਤਾਕਤ ਦੇ ਜ਼ੋਰ 'ਤੇ ਹੀ ਕਾਇਮ ਰੱਖਦੀ ਹੈ। ਕੋਈ ਸਮਾਜਿਕ ਇਨਕਲਾਬ ਉਸ ਰਾਜਸੱਤਾ ਨੂੰ ਤਬਾਹ ਕਰਕੇ ਹੀ ਨਵੀਂ ਸਮਾਜਿਕ ਵਿਵਸਥਾ ਦੀ ਉਸਾਰੀ ਦਾ ਰਾਹ ਤਿਆਰ ਕਰ ਸਕਦਾ ਹੈ। ਇਹ ਕੰਮ ਸਿਰਫ਼ ਮਜ਼ਦੂਰ ਜਮਾਤ ਦੀ ਅਗਵਾਈ ਵਿੱਚ ਹੀ ਪੂਰਾ ਕੀਤਾ ਜਾ ਸਕਦਾ ਹੈ ਕਿਉਂਕਿ ਸਿਰਫ਼ ਉਹ ਹੀ ਇੱਕ ਅਜਿਹੀ ਜਮਾਤ ਹੈ ਜੋ ਕਿਸੇ ਵੀ ਪ੍ਰਕਾਰ ਦੀ ਨਿਜੀ ਮਾਲਕੀ ਤੋਂ ਸੱਖਣੀ, ਸਿਰਫ਼ ਆਪਣੀ ਕਿਰਤ ਸ਼ਕਤੀ ਦੀ ਮਾਲਕ ਹੁੰਦੀ ਹੈ, ਉਹੀ ਸਭ ਤੋਂ ਵੱਧ ਲੁੱਟ-ਅਤਿਆਚਾਰ ਸਹਿ ਰਹੀ ਅਤੇ ਉੱਨਤ ਉਤਪਾਦਕ ਤਾਕਤਾਂ ਦਾ ਪ੍ਰਤੀਨਿਧੀ ਹੋਣ ਦੇ ਨਾਤੇ ਸਭ ਤੋਂ ਦ੍ਰਿੜ ਇਨਕਲਾਬੀ ਕਿਰਦਾਰ ਵਾਲ਼ੀ ਜਮਾਤ ਹੁੰਦੀ ਹੈ।

ਇਨਕਲਾਬ ਦੇ ਇਸੇ ਵਿਗਿਆਨ ਨੂੰ ਸਮਝਦੇ ਹੋਏ ਨਿਮਨ ਮੱਧਵਰਗ ਦੇ ਸਭ ਤੋਂ ਵੱਧ ਉੱਨਤ, ਰੈਡੀਕਲ ਬੌਧਿਕ ਤੱਤ ਕਿਰਤੀ ਲੋਕਾਂ ਦੀ ਇਤਿਹਾਸ-ਨਿਰਮਾਤਾ ਭੂਮਿਕਾ ਤੋਂ ਅਤੇ ਮਜ਼ਦੂਰ ਜਮਾਤ ਦੀ ਆਗੂ ਇਨਕਲਾਬੀ ਭੂਮਿਕਾ ਤੋਂ ਜਾਣੂ ਹੁੰਦੇ ਹਨ ਅਤੇ ਉਹਨਾਂ ਨਾਲ਼ ਏਕਤਾ ਬਣਾਉਣ ਦੀਆਂ ਸਚੇਤਨ ਕੋਸ਼ਿਸ਼ਾਂ ਵਿੱਚ ਜੁੱਟ ਜਾਂਦੇ ਹਨ। ਉਂਞ ਤਾਂ ਕਿਸੇ ਵੀ ਪੂੰਜੀਵਾਦੀ ਸਮਾਜ ਵਿੱਚ ਪੂੰਜੀ-ਸੰਗ੍ਰਹਿ ਦੀ ਪ੍ਰਕਿਰਿਆ ਅੱਗੇ ਵਧਣ ਦੇ ਨਾਲ਼-ਨਾਲ਼ ਜਿਵੇਂ ਜਿਵੇਂ ਅਮੀਰ-ਗਰੀਬ ਵਿਚਕਾਰ ਪਾੜਾ ਵਧਦਾ ਜਾਂਦਾ ਹੈ ਅਤੇ ਸਮਾਜਿਕ ਧਰੁਵੀਕਰਨ ਤੇਜ਼, ਗਹਿਰਾ ਅਤੇ ਤਿੱਖਾ ਹੁੰਦਾ ਜਾਂਦਾ ਹੈ, ਉਂਵੇ-ਉਂਵੇ ਲਗਾਤਾਰ ਮਜ਼ਦੂਰ ਜਮਾਤ ਵੱਲ ਧੱਕੇ ਜਾ ਰਹੇ ਮੱਧਵਰਗ ਦੀਆਂ ਹੇਠਲੀਆਂ ਅਤੇ ਵਿਚਕਾਰਲੀਆਂ ਤੈਹਾਂ ਸਾਹਮਣੇ ਇਹ ਗੱਲ ਸਪੱਸ਼ਟ ਹੁੰਦੀ ਜਾਂਦੀ ਹੈ ਕਿ ਉਹਨਾਂ ਦੇ ਸਾਹਮਣੇ ਪੂੰਜੀਵਾਦ ਦੇ ਖ਼ਾਤਮੇ ਅਤੇ ਸਮਾਜਵਾਦ ਦੇ ਬਦਲ ਨੂੰ ਪ੍ਰਵਾਨ ਕਰਨ ਤੋਂ ਇਲਾਵਾ ਹੋਰ ਕੋਈ ਰਾਹ ਨਹੀਂ ਹੈ ਅਤੇ ਸਰੀਰਕ ਕਿਰਤ ਕਰਨ ਵਾਲਿਆਂ ਨਾਲ਼ ਵਿਰੋਧਤਾਈ ਦੇ ਬਾਵਜੂਦ ਪੂੰਜੀਵਾਦ-ਵਿਰੋਧੀ ਇਨਕਲਾਬ ਵਿੱਚ ਉਹਨਾਂ ਦੇ ਮਿੱਤਰ ਬਣ ਜਾਂਦੇ ਹਨ। ਪਰ ਮੱਧ ਵਰਗ ਦੀਆਂ ਇਹਨਾਂ ਤੈਹਾਂ ਦੇ ਜੋ ਸਭ ਤੋਂ ਵੱਧ ਉੱਨਤ ਤੱਤ ਹੁੰਦੇ ਹਨ, ਉਹ ਮਜ਼ਦੂਰ ਜਮਾਤ ਦੇ ਕੇਵਲ ਮਿੱਤਰ ਬਣਨ ਦੀ ਜਗ੍ਹਾ ਕਿਰਤੀਆਂ ਦੀ ਜਿੰਦਗੀ ਅਤੇ ਇਤਿਹਾਸਕ ਮਿਸ਼ਨ ਨੂੰ ਪੂਰੀ ਤਰ੍ਹਾਂ ਅਪਨਾ ਕੇ, ਆਪਣੀ ਜਮਾਤੀ ਰੂਪਬਦਲੀ ਕਰਕੇ ਮਜ਼ਦੂਰ ਜਮਾਤ ਦਾ ਹੀ ਹਿੱਸਾ ਬਣ ਜਾਂਦੇ ਹਨ ਅਤੇ ਮਜ਼ਦੂਰ ਇਨਕਲਾਬ ਦੇ ਹਿਰਾਵਲ ਹਿੱਸਿਆਂ ਵਿੱਚ ਸ਼ਾਮਲ ਹੋ ਜਾਂਦੇ ਹਨ। ਨਿਸ਼ਚਿਤ ਹੀ, ਆਪਣਾ ਮਜ਼ਦੂਰ-ਜਮਾਤੀਕਰਨ ਕਰਨ ਵਾਲ਼ੇ ਅਜਿਹੇ ਮੱਧਵਰਗੀ ਬੁੱਧੀਜੀਵੀਆਂ ਦੀ ਸੰਖਿਆ (ਪੂਰੇ ਮੱਧਵਰਗ ਦੇ ਅਨੁਪਾਤ ਵਿੱਚ) ਬਹੁਤ ਹੀ ਛੋਟੀ ਹੁੰਦੀ ਹੈ, ਪਰ ਸਮਾਜਵਾਦ ਲਈ ਸੰਘਰਸ਼ ਵਿੱਚ, ਵਿਸ਼ੇਸ਼ ਤੌਰ 'ਤੇ ਸ਼ੁਰੂਆਤੀ ਹਾਲਤਾਂ ਵਿੱਚ ਉਹਨਾਂ ਦੀ ਇਤਿਹਾਸਕ ਅਤੇ ਮਹੱਤਵਪੂਰਣ ਭੂਮਿਕਾ ਹੁੰਦੀ ਹੈ। ਉਜ਼ਰਤੀ ਗੁਲਾਮੀ ਦੀਆਂ ਵਿਮਾਨਵਕਾਰੀ (ਡਿਹਿਊਮਨਾਈਜਿੰਗ) ਹਾਲਤਾਂ ਵਿੱਚ ਆਪਣੀ ਹੋਂਦ ਲਈ ਜੂਝਦੀ ਹੋਈ ਮਜ਼ਦੂਰ ਜਮਾਤ ਪੂੰਜੀਵਾਦੀ ਅਣਮਨੁੱਖਤਾ ਵਿਰੁੱਧ ਜੱਥੇਬੰਦ ਹੋ ਕੇ ਲੜਨ ਦੀ ਜਮਾਤੀ ਚੇਤਨਾ ਤਾਂ ਹਾਸਿਲ ਕਰ ਲੈਂਦੀ ਹੈ, ਪਰ ਉਹ ਆਪਣੇ-ਆਪ ਇਹ ਨਹੀਂ ਸਮਝ ਪਾਉਂਦੀ ਕਿ ਪੂੰਜੀ ਦੀ ਸੱਤਾ ਨੂੰ ਤਬਾਹ ਕਰ ਕੇ ਪੂੰਜੀਵਾਦੀ ਉਤਪਾਦਨ ਪ੍ਰਣਾਲੀ ਨੂੰ ਸਮਾਪਤ ਕਰਨ ਦਾ ਅਤੇ ਲੁੱਟ-ਅਤਿਆਚਾਰ ਤੋਂ ਮੁਕਤ ਸਮਾਜਿਕ ਪ੍ਰਬੰਧ ਦੀ ਉਸਾਰੀ ਦੀ ਦਿਸ਼ਾ ਵਿੱਚ ਅੱਗੇ ਵੱਧਣ ਦਾ ਰਾਹ ਕੀ ਹੋਵੇਗਾ ? ਜਿੰਦਗੀ ਉਸਨੂੰ ਜਮਾਤੀ ਸੰਘਰਸ਼ਾਂ ਦੇ ਇਤਿਹਾਸ ਅਤੇ ਨਿਯਮਾਂ ਤੋਂ, ਪੂੰਜੀਵਾਦੀ ਦੀ ਆਰਥਿਕ ਗਤਿਕੀ ਤੋਂ ਅਤੇ ਸਮਾਜਵਾਦ ਦੀ ਵਿਗਿਆਨਕ ਸਮਝਦਾਰੀ ਤੋਂ ਜਾਣੂ ਹੋਣ ਦਾ

ਮੌਕਾ ਨਹੀਂ ਦਿੰਦੀ। ਅਜਿਹੇ ਸਮੇਂ ਵਿੱਚ, ਉਸਦੇ ਸੰਘਰਸ਼ ਜਾਂ ਤਾਂ ਸਿਰਫ਼ ਆਰਥਿਕ ਮੰਗਾਂ ਦੇ ਸੰਘਰਸ਼ਾਂ ਦੇ ਦਾਇਰੇ ਤੱਕ ਅਤੇ ਪੇਸ਼ਾਗਤ ਤੰਗ ਜਿਹੇ ਦਾਇਰੇ ਵਿੱਚ ਸੁੰਗੜ ਕੇ ਹੀ ਰਹਿ ਜਾਂਦੇ ਹਨ ਜਾਂ ਫਿਰ ਦਿਸ਼ਾਹੀਣ ਵਿਦਰੋਹਾਂ ਦੇ ਰੂਪ ਵਿੱਚ ਸਾਹਮਣੇ ਆਉਂਦੇ ਰਹਿੰਦੇ ਹਨ ਅਤੇ ਪੂੰਜੀਵਾਦੀ ਜਮਾਤ ਦੀ ਰਾਜਸੱਤਾ ਨੂੰ ਤਬਾਹ ਕਰਕੇ ਆਪਣੀ ਰਾਜਸੱਤਾ ਸਥਾਪਿਤ ਕਰਨ ਵਾਲ਼ੇ ਰਾਜਨੀਤਕ ਸੰਘਰਸ਼ ਦੀ ਦਿਸ਼ਾ ਵਿੱਚ ਅੱਗੇ ਨਹੀਂ ਵਧ ਪਾਉਂਦੇ। ਇਸ ਕੰਮ ਨੂੰ ਅੰਜ਼ਾਮ ਦੇਣ ਲਈ ਮਜ਼ਦੂਰ ਜਮਾਤ ਦੇ ਥੋੜੇ ਜਿਹੇ ਹੀ ਆਗੂ ਤੱਤ ਅੱਗੇ ਆਉਂਦੇ ਹਨ, ਉਹ ਖ਼ੁਦ ਨੂੰ ਇੱਕ ਹਰਾਵਲ ਦਸਤੇ ਦੇ ਰੂਪ ਵਿੱਚ, ਇੱਕ ਆਗੂ ਕੋਰ ਦੇ ਰੂਪ ਵਿੱਚ- ਇੱਕ ਇਨਕਲਾਬੀ ਪਾਰਟੀ ਦੇ ਰੂਪ ਵਿੱਚ ਜੱਥੇਬੰਦ ਕਰਦੇ ਹੋਏ, ਮਜ਼ਦੂਰ ਜਮਾਤ ਨੂੰ ਉਸਦੇ ਇਤਿਹਾਸਕ ਮਿਸ਼ਨ ਦੀ ਪਹਿਚਾਣ ਕਰਵਾਉਂਦੇ ਹੋਏ, ਉਸਨੂੰ ਸਮਾਜਵਾਦ ਦੇ ਵਿਚਾਰਾਂ ਤੋਂ ਜਾਣੂ ਕਰਵਾਉਂਦੇ ਹੋਏ, ਆਰਥਿਕ ਸੰਘਰਸ਼ਾਂ ਦੇ ਨਾਲ਼-ਨਾਲ਼ ਰਾਜਨੀਤਕ ਸੰਘਰਸ਼ਾਂ ਦੀ ਦਿਸ਼ਾ ਵਿੱਚ ਅੱਗੇ ਵਧਾਉਂਦੇ ਰਹਿੰਦੇ ਹਨ। ਫਿਰ ਵਿਆਪਕ ਮਜ਼ਦੂਰ ਅਬਾਦੀ ਟ੍ਰੇਡ ਯੂਨੀਅਨਾਂ ਤੋਂ ਅੱਗੇ ਵੱਧ ਕੇ ਇੱਕ ਇਨਕਲਾਬੀ ਪਾਰਟੀ ਦੀ ਅਗਵਾਈ ਵਿੱਚ ਆਪਣੀਆਂ ਰਾਜਨੀਤਕ ਮੰਗਾਂ ਲਈ ਲੜਾਈ ਲੜਦੀ ਹੋਈ ਪੂਰੀ ਮਾਲਕ ਜਮਾਤ ਅਤੇ ਉਸਦੀ ਰਾਜਸੱਤਾ ਵਿਰੁੱਧ ਆਪਣੀ ਸਾਰੀ ਤਾਕਤ ਲਗਾਉਂਦੀ ਹੈ। ਪਰ ਪੂੰਜੀਵਾਦੀ ਸਮਾਜ ਵਿੱਚ ਗਿਆਨ ਦੀ ਦੁਨੀਆਂ ਅਤੇ ਸ਼ਰੀਰਕ ਕਿਰਤ ਵਿਚਕਾਰ ਫ਼ਰਕ ਕਾਰਨ, ਇਨਕਲਾਬੀ ਸੰਘਰਸ਼ ਦੇ ਸ਼ੁਰੂਆਤੀ ਦੌਰਾਂ ਵਿੱਚ, ਮਜ਼ਦੂਰ ਜਮਾਤ ਵਿੱਚੋਂ ਆਉਣ ਵਾਲ਼ੇ ਅਜਿਹੇ ਬੌਧਿਕ ਆਗੂ ਤੱਤਾਂ ਦੀ- ਮਜ਼ਦੂਰ ਜਮਾਤ ਦੇ ਅਜਿਹੇ ਕੁਦਰਤੀ 'ਆਰਗੈਨਿਕ ਇੰਟਲੈਕਚੁਅਲਜ਼' ਦੀ ਸੰਖਿਆਂ ਬਹੁਤ ਹੀ ਛੋਟੀ ਜਾਂ ਨਿਗੂਣੀ ਹੁੰਦੀ ਹੈ ਜਿਸਦਾ ਕੰਮ ਮਜ਼ਦੂਰ ਲਹਿਰ ਤੱਕ ਸਮਾਜਵਾਦ ਦੇ ਵਿਚਾਰਾਂ ਨੂੰ ਪਹੁੰਚਾਉਣਾ ਹੁੰਦਾ ਹੈ। ਅੱਗੇ ਚੱਲਕੇ ਆਰਥਿਕ ਸੰਘਰਸ਼ਾਂ ਦੀ ਸ਼ੁਰੂਆਤੀ ਪਾਠਸ਼ਾਲਾ ਅਤੇ ਰਾਜਨੀਤਕ ਸੰਘਰਸ਼ਾਂ ਦੀਆਂ ਉੱਚ-ਪਾਠਸ਼ਾਲਾਵਾਂ ਵਿੱਚ ਸਿੱਖਿਅਤ ਅਤੇ ਟ੍ਰੇਂਡ ਹੋਣ ਤੋਂ ਬਾਅਦ ਅਤੇ ਵਿਸ਼ਾਲ ਰਾਜਨੀਤਕ ਪ੍ਰਚਾਰ ਅਤੇ ਸਿੱਖਿਆ ਦੀਆਂ ਕਾਰਵਾਈਆਂ ਤੋਂ ਬਾਅਦ, ਸਧਾਰਨ ਮਜ਼ਦੂਰਾਂ ਵਿੱਚੋਂ ਵੀ ਅਜਿਹੇ ਉੱਨਤ ਬੌਧਿਕ ਇਨਕਲਾਬੀ ਤੱਤ ਜਿਆਦਾ ਤੋਂ ਜਿਆਦਾ ਸੰਖਿਆਂ ਵਿੱਚ ਪੈਦਾ ਹੋ ਕੇ ਇਨਕਲਾਬੀ ਮਜ਼ਦੂਰ ਪਾਰਟੀ ਵਿੱਚ ਸ਼ਾਮਿਲ ਹੋਣ ਲੱਗਦੇ ਹਨ ਅਤੇ ਉਹਨਾਂ ਵਿੱਚ ਕਈ ਆਗੂ ਭੂਮੀਕਾ ਨਿਭਾਉਣ ਲੱਗਦੇ ਹਨ। ਪਰ ਸ਼ੁਰੂਆਤੀ ਦੌਰਾਂ ਵਿੱਚ ਅਜਿਹਾ ਨਹੀਂ ਹੋ ਪਾਉਂਦਾ।

ਮਜ਼ਦੂਰਾਂ ਦੇ ਇਨਕਲਾਬੀ ਸੰਘਰਸ਼ ਦੇ ਅਜਿਹੇ ਸ਼ੁਰੂਆਤੀ ਦੌਰਾਂ ਵਿੱਚ ਅਜਿਹੇ ਇਨਕਲਾਬੀ ਬੁੱਧੀਜੀਵੀਆਂ ਦੀ ਵਿਸ਼ੇਸ਼ ਇਤਿਹਾਸਕ ਭੂਮਿਕਾ ਹੁੰਦੀ ਹੈ ਜੋ ਆਉਂਦੇ ਤਾਂ ਮੱਧਵਰਗ ਤੋਂ (ਆਮ ਤੌਰ 'ਤੇ ਨਿਮਨ ਮੱਧਵਰਗ) ਹਨ, ਪਰ ਆਪਣੇ ਜਮਾਤੀ-ਮੂਲ ਤੋਂ ਫ਼ੈਸਲਾਕੁਨ ਤੋੜ-ਵਿਛੋੜਾ ਕਰਕੇ ਖ਼ੁਦ ਨੂੰ ਮਜ਼ਦੂਰ ਜਮਾਤ ਦੇ ਜੀਵਨ, ਉਸਦੇ ਸੰਘਰਸ਼ਾਂ ਅਤੇ ਉਸਦੇ ਇਤਿਹਾਸਕ ਉਦੇਸ਼ ਨਾਲ਼ ਜੋੜ ਲੈਂਦੇ ਹਨ। ਉਹ ਆਪਣਾ ਮਜ਼ਦੂਰ-ਜਮਾਤੀਕਰਨ ਕਰ ਲੈਂਦੇ ਹਨ ਅਤੇ ਮਜ਼ਦੂਰ ਜਮਾਤ ਦੇ ਹਰਾਵਲ ਦੀ ਭੂਮਿਕਾ ਨਿਭਾਉਣ ਲੱਗਦੇ ਹਨ ਕਿਉਂਕਿ ਪੂੰਜੀਵਾਦੀ ਸਮਾਜ ਵਿੱਚ ਗਿਆਨ ਦੀ ਦੁਨੀਆਂ ਤੋਂ ਜਾਣੂ ਹੋਣ ਕਾਰਨ ਸਮਾਜ ਵਿਕਾਸ ਦੀ ਦਿਸ਼ਾ ਅਤੇ ਗਤਿਕੀ ਨੂੰ ਸਮਝ ਲੈਣਾ ਉਸ ਲਈ ਵੱਧ ਅਸਾਨ ਹੁੰਦਾ ਹੈ। ਇਸ ਲਈ ਮਜ਼ਦੂਰ ਜਮਾਤ ਦੀ ਅਗਵਾਈ ਵਿੱਚ ਜੱਥੇਬੰਦ ਹੋਣ ਵਾਲ਼ੇ ਪੂੰਜੀਵਾਦ-ਵਿਰੋਧੀ ਸੰਘਰਸ਼ ਦੇ ਸ਼ੁਰੂਆਤੀ ਦੌਰਾਂ ਵਿੱਚ ਮੱਧਵਰਗੀ ਜਮਾਤੀ-ਮੂਲ ਵਾਲ਼ੇ ਅਜਿਹੇ ਇਨਕਲਾਬੀ ਬੁੱਧੀਜੀਵੀਆਂ ਦੀ ਭੂਮਿਕਾ ਬਹੁਤ ਹੀ ਮਹੱਤਵਪੂਰਨ ਹੁੰਦੀ ਹੈ। ਖ਼ੁਦ ਮਾਰਕਸ, ਏਂਗਲਜ, ਲੇਨਿਨ, ਮਾਓ, ਹੋ ਚੀ ਮਿਨ੍ਹ, ਕਿਮ ਇਲ ਸੁੰਗ ਆਦਿ ਵੀ ਅਜਿਹੇ ਹੀ ਲੋਕ ਸਨ। ਮਾਰਕਸ-ਏਂਗਲਜ ਦੇ ਸਮੇਂ ਵਿੱਚ ਯੂਰਪੀ ਮਜ਼ਦੂਰ ਲਹਿਰ ਵਿੱਚ ਡਿਏਟਜ਼ਗੇਨ ਅਤੇ ਜੋਹਨ ਫ਼ਿਲਿਪ ਬੇਕਰ, ਲੇਨਿਨ ਦੇ ਸਮੇਂ ਵਿੱਚ ਰੂਸੀ ਮਜ਼ਦੂਰ ਲਹਿਰ ਵਿੱਚ ਇਵਾਨ ਬਾਬੂਸ਼ਿਕਨ ਜਿਹੇ ਕਈ ਅਜਿਹੇ ਲੋਕ ਵੀ ਸਨ ਜੋ ਸਧਾਰਨ ਮਜ਼ਦੂਰ ਜਮਾਤ ਤੋਂ ਆਉਣ ਵਾਲ਼ੇ ਇਨਕਲਾਬੀ ਬੌਧਿਕ ਤੱਤ ਸਨ, ਪਰ ਸ਼ੁਰੂਆਤੀ ਦੌਰਾਂ ਵਿੱਚ ਅਜਿਹੇ ਤੱਤਾਂ ਦੀ ਸੰਖਿਆਂ ਬਹੁਤ ਹੀ ਘੱਟ ਸੀ। ਹਰ ਜਗ੍ਹਾ 'ਤੇ, ਇਨਕਲਾਬੀ ਮਜ਼ਦੂਰ ਲਹਿਰ ਨੇ ਸਮਾਜਵਾਦ ਦੇ ਵਿਚਾਰਾਂ ਨਾਲ਼ ਲੈੱਸ ਹੋ ਕੇ ਜਿਵੇਂ ਜਿਵੇਂ ਕਦਮ ਅੱਗੇ ਪੁੱਟਿਆ, ਉਸ ਵਿੱਚ ਥੱਲੇ ਤੋਂ ਲੈ ਕੇ ਆਗੂ ਤੱਤਾਂ ਤੱਕ ਉੱਨਤ ਬੌਧਿਕ ਧਰਾਤਲ ਵਾਲ਼ੇ ਮਜ਼ਦੂਰਾਂ ਦੀ ਸੰਖਿਆ ਵਧਦੀ ਹੀ ਗਈ ਅਤੇ ਮਜ਼ਦੂਰ ਜਮਾਤ ਦੀਆਂ ਪਾਰਟੀਆਂ ਦੀ ਬਣਤਰ (ਕੰਪੋਜੀਸ਼ਨ) ਬਦਲਦੀ ਹੀ ਗਈ। ਪਰ ਏਨਾ ਨਿਰਵਿਵਾਦ ਹੈ ਕਿ ਸ਼ੁਰੂਆਤੀ ਦੌਰ ਵਿੱਚ ਸਾਰੀਆਂ ਥਾਂਵਾਂ 'ਤੇ, ਮੱਧਵਰਗ ਤੋਂ ਆਉਣ ਵਾਲ਼ੇ ਅਤੇ ਆਪਣੀ ਜਮਾਤੀ-ਰੂਪਬਦਲੀ ਕਰਕੇ, ਆਪਣੇ ਜਮਾਤੀ ਹਿੱਤਾਂ ਨੂੰ ਛੱਡ ਕੇ ਮਜ਼ਦੂਰ ਜਮਾਤ ਦੇ ਹਿੱਤਾਂ ਲਈ ਲੜਨ ਵਾਲ਼ੇ ਅਤੇ ਮਜ਼ਦੂਰ ਸਮਾਜਵਾਦੀ ਧਾਰਾ ਵਿੱਚ ਸ਼ਾਮਿਲ ਹੋਣ ਜਾਣ ਵਾਲ਼ੇ ਇਨਕਲਾਬੀ ਬੁੱਧੀਜੀਵੀਆਂ ਦੀ ਭੂਮਿਕਾ ਜ਼ਰੂਰੀ ਤੌਰ 'ਤੇ ਮਹੱਤਵਪੂਰਨ ਰਹੀ ਹੈ ਅਤੇ ਪੂੰਜੀਵਾਦੀ ਸਮਾਜ ਦੀ ਕਿਰਤ-ਵੰਡ ਦੀਆਂ ਹਾਲਤਾਂ ਦੇ ਵਿਸ਼ਲੇਸ਼ਣ ਨਾਲ਼ ਇਹ ਪੂਰੀ ਤਰ੍ਹਾਂ ਸੁਭਾਵਿਕ ਅਤੇ ਤਰਕਸੰਗਤ ਪ੍ਰਤੀਤ ਹੁੰਦਾ ਹੈ।

ਭਾਰਤੀ ਸੰਦਰਭਾਂ ਵਿੱਚ ਇਹ ਸਵਾਲ ਹੋਰ ਵੱਧ ਮਹੱਤਵਪੂਰਨ ਹੈ। ਭਾਰਤੀ ਸਮਾਜ ਦੇ ਤਾਣੇ-ਬਾਣੇ ਵਿੱਚ ਜਮਹੂਰੀਅਤ ਦੇ ਤੱਤ, ਯੂਰਪੀ ਸਮਾਜ ਦੀ ਤੁਲਨਾ ਵਿੱਚ (ਇੱਥੋਂ ਤੱਕ ਕਿ 19ਵੀਂ ਸਦੀ ਦੇ ਰੂਸ ਦੀ ਤੁਲਨਾ ਵਿੱਚ ਵੀ) ਬਹੁਤ ਨਿਗੂਣੇ ਹਨ। ਉੱਚ-ਉਸਾਰ (ਸੁਪਰਸਟੱਕਚਰ) ਵਿੱਚ ਬੁਰਜ਼ੁਆ ਜਮਹੂਰੀਅਤ ਦੀ ਸਪੇਸ ਬਹੁਤ ਹੀ ਤੰਗ ਹੈ (ਇਸਦੇ ਨਿਸ਼ਚਿਤ ਇਤਿਹਾਸਕ ਕਾਰਨ ਹਨ, ਜਿਨ੍ਹਾਂ ਦੀ ਚਰਚਾ ਨਾ ਤਾਂ ਇੱਥੇ ਸੰਭਵ ਹੈ ਅਤੇ ਨਾ ਹੀ ਸਾਡਾ ਉਦੇਸ਼)। ਇਸੇ ਕਰਕੇ ਇੱਥੇ ਪੜ੍ਹੇ-ਲਿਖੇ ਮੱਧਵਰਗ ਅਤੇ ਮਜ਼ਦੂਰਾਂ ਵਿਚਲੇ ਸਮਾਜਿਕ ਵੱਖਰੇਪਨ ਦਾ ਪਾੜਾ ਬਹੁਤ ਡੂੰਘਾ ਹੈ। ਘੱਟ-ਵੱਧ ਰਵਾਇਤੀ ਸਕੂਲੀ ਸਿੱਖਿਆ ਹਾਸਿਲ ਕਰ ਲੈਣ ਦੇ ਬਾਵਜੂਦ, ਗਿਆਨ-ਵਿਗਿਆਨ ਅਤੇ ਕਲਾ-ਸਭਿਆਚਾਰ ਦੀ ਦੁਨੀਆਂ ਨਾਲ਼ ਆਮ ਮਜ਼ਦੂਰ ਜਮਾਤ ਹੱਦੋਂ ਵੱਧ ਦੂਰ ਹੈ। ਜਿਸ ਸਮਾਜ ਵਿੱਚ ਆਮ ਮਜ਼ਦੂਰ ਅਤੇ ਪ੍ਰੋਫ਼ੈਸਰ-

ਪੱਤਰਕਾਰ-ਲੇਖਕ-ਵਿਦਿਆਰਥੀ ਇੱਕ ਚਾਹ ਦੀ ਦੁਕਾਨ ’ਤੇ ਇਕੱਠੇ ਚਾਹ ਨਹੀਂ ਪੀਂਦੇ, ਉੱਥੇ ਪੜ੍ਹਨ-ਲਿਖਣ ਦਾ ਸ਼ੌਕ ਰੱਖਣ ਵਾਲ਼ਾ ਗੋਰਕੀ ਜਿਹਾ ਮਜ਼ਦੂਰ ਮੱਧਵਰਗ ਦੇ ਲੇਖਕ ਕੋਰੋਲੇਂਕੋ ਜਿਹੇ ਕਿਸੇ ਵਿਅਕਤੀ ਦੇ ਡਰਾਇੰਗਰੂਮ ਵਿੱਚ ਜਾ ਵੀ ਨਹੀਂ ਸਕਦਾ। ਉੱਥੇ ਪਾਰਸਨ, ਸਪਾਇਸ, ਫਿਸ਼ਰ, ਏਂਜਲ (ਮਈ ਦਿਵਸ ਦੇ ਨਾਇਕ ਮਜ਼ਦੂਰ ਆਗੂ), ਅਰਨੈਸਟ ਜੋਂਸ ਜਿਹੇ ਲੇਖਕ-ਕਵੀ ਮਜ਼ਦੂਰ ਆਗੂ (ਚਾਰਟਿਸਟ ਲਹਿਰ ਦੇ ਆਗੂ) ਅਤੇ ਜੋਹਾਨ ਫਿਲਿਪ ਬੇਕਰ ਅਤੇ ਇਵਾਨ ਬਾਬੁਸ਼ਿਕਨ ਜਿਹੇ ਮਜ਼ਦੂਰ ਜੱਥੇਬੰਦਕ ਅਸਾਨੀ ਨਾਲ਼, ਰਾਜਨੀਤਕ ਸਿੱਖਿਆ, ਪ੍ਰਚਾਰ ਅਤੇ ਸੰਘਰਸ਼ਾਂ ਦੀ ਇੱਕ ਲੰਬੀ ਸਚੇਤਨ ਪ੍ਰਕਿਰਿਆ ਬਿਨਾਂ ਪੈਦਾ ਨਹੀਂ ਹੋ ਸਕਦੇ। ਇੱਕ ਹੋਰ ਵੀ ਸਮੱਸਿਆ ਹੈ। ਭਾਰਤ ਵਿੱਚ ਸਨਅਤੀ ਮਜ਼ਦੂਰ ਅਬਾਦੀ ਵਿੱਚ ਪਿਛਲੇ ਕੁਝ ਦਹਾਕਿਆਂ ਵਿੱਚ ਭਾਰੀ ਵਾਧਾ ਹੋਇਆ ਹੈ, ਪਰ ਅਜੇ ਵੀ ਉਹਨਾਂ ਦੀ ਵੱਡੀ ਗਿਣਤੀ ਅਜਿਹੀ ਹੈ, ਜਿਨ੍ਹਾਂ ਦਾ ਪਰਿਵਾਰ ਪਿੰਡਾਂ ਵਿੱਚ ਰਹਿੰਦਾ ਹੈ ਅਤੇ ਜ਼ਮੀਨ ਦੇ ਕਿਸੇ ਛੋਟੇ ਜਿਹੇ ਟੁੱਕੜੇ ਅਤੇ “ਪੁਰਖਿਆਂ ਦੀ ਮਿੱਟੀ” ਨਾਲ਼ ਰਾਗਮਈ ਮੋਹ ਨਾਲ਼ ਚਿਪਕਿਆ ਬੈਠਾ ਹੈ। ਇਹ ਸਥਿਤੀ ਅਜਿਹੇ ਮਜ਼ਦੂਰਾਂ ਦੀ ਮਜ਼ਦੂਰ ਜਮਾਤੀ ਚੇਤਨਾ ਦੇ ਤਿੱਖੇਪਨ ਅਤੇ ਜੀਵਨ ਦ੍ਰਿਸ਼ਟੀਕੋਣ ਦੇ ਵਿਸਤਾਰ ਵਿੱਚ ਰੁਕਾਵਟ ਪੈਦਾ ਕਰਦੀ ਹੈ ਅਤੇ ਖ਼ੂਹ ਦੇ ਡੱਡੂਪੁਣੇ ਨੂੰ ਟੁੱਟਣ ਨਹੀਂ ਦਿੰਦੀ। ਜਦਕਿ ਪੂੰਜੀ ਦੀ ਚੌਤਰਫ਼ਾ ਅਤੇ ਤਿੱਖੀ ਹੁੰਦੀ ਮਾਰ ਇਸ ਸਥਿਤੀ ਨੂੰ ਬਦਲ ਰਹੀ ਹੈ, ਪਰ ਅਜੇ ਤਾਂ ਹਾਲਤ ਇਹੋ ਹੈ। ਇਹਨਾਂ ਕਾਰਨਾਂ ਕਰਕੇ ਭਾਰਤੀ ਮਜ਼ਦੂਰ ਜਮਾਤ ਦੇ ਆਪਣੇ ‘ਆਰਗੈਨਿਕ ਇੰਟਲੈਕਚੁਅਲਜ਼’ ਦੀ ਇੱਕ ਵੱਡੀ ਗਿਣਤੀ ਦਾ ਬਹੁਤ ਜਲਦੀ ਅੱਗੇ ਆ ਸਕਣਾ ਸੰਭਵ ਨਹੀਂ ਹੈ। ਇਸ ਲਈ ਰਾਜਨੀਤਕ ਸਿੱਖਿਆ ਅਤੇ ਪ੍ਰਚਾਰ ਕਾਰਜ਼ ਅਤੇ ਰਾਜਨੀਤਕ ਸੰਘਰਸ਼ਾਂ ਦੀ ਇੱਕ ਸਾਪੇਖਕ ਤੌਰ ’ਤੇ ਜਿਆਦਾ ਲੰਬੀ, ਜਿਆਦਾ ਸੰਘਣੀ, ਜਿਆਦਾ ਵਿਵਧਤਾਪੂਰਨ ਅਤੇ ਜਿਆਦਾ ਸਿਰਜਣਾਤਮਕ ਪ੍ਰਕਿਰਿਆ ਦੀ ਮੰਗ ਹੈ। ਨਾਲ਼ ਹੀ, ਮਜ਼ਦੂਰ ਜਮਾਤ ਵਿਚਕਾਰ ਇਨਕਲਾਬੀ ਸਭਿਆਚਾਰਕ-ਸਮਾਜਿਕ ਸਰਗਰਮੀਆਂ ਉੱਤੇ ਵੀ ਬਹੁਤ ਜਿਆਦਾ ਜ਼ੋਰ ਦੇਣਾ ਪਵੇਗਾ। ਭਾਰਤ ਦੀ ਕਮਿਊਨਿਸਟ ਲਹਿਰ ਨੇ ਕਦੇ ਇਸ ਸਵਾਲ ਨੂੰ ਸਹੀ ਇਤਿਹਾਸਕ ਪਿਛਕੋੜ ਵਿੱਚ ਜਾਨਣ-ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ, ਪਰ ਇਹ ਇੱਕ ਅਲੱਗ ਇਤਿਹਾਸਕ ਪ੍ਰਸੰਗ ਹੈ।

ਇਸ ਪੂਰੀ ਚਰਚਾ ਦਾ ਨਿਚੋੜ ਇਹ ਹੈ ਕਿ ਪੂੰਜੀਵਾਦ-ਸਾਮਰਾਜਵਾਦ ਵਿਰੁੱਧ ਜੋ ਇੱਕੋ-ਇੱਕ ਬਦਲ ਇੱਕ ਇਤਿਹਾਸਕ ਸੰਭਾਵਨਾਂ ਹੋ ਸਕਦੀ ਹੈ, ਉਹ ਹੈ ਸਮਾਜਵਾਦ। ਸਮਾਜਵਾਦ ਲਈ ਨਵੇਂ ਸਿਰੇ ਤੋਂ ਜੱਥੇਬੰਦ ਕੀਤੇ ਜਾਣ ਵਾਲ਼ੇ ਸੰਘਰਸ਼ ਵਿੱਚ ਆਗੂ ਭੂਮਿਕਾ ਮਜ਼ਦੂਰ ਜਮਾਤ ਦੀ ਹੀ ਹੋ ਸਕਦੀ ਹੈ। ਮੱਧਵਰਗ ਦੇ ਜਿਸ ਹਿੱਸੇ ਲਈ ਪੂੰਜੀਵਾਦ ਵਿੱਚ ਕੋਈ ਭਵਿੱਖ ਨਹੀਂ ਹੈ, ਉਸ ਸਾਹਮਣੇ ਇੱਕੋ-ਇੱਕ ਰਾਹ ਇਹੋ ਰਹਿ ਜਾਂਦਾ ਹੈ ਕਿ ਉਹ ਗੈਰ-ਸਰਗਰਮੀ, ਨਿਰਾਸ਼ਾ, ਬੇਚਾਰਗੀ ਵਿੱਚ ਜਿਉਣ ਜਾਂ ਦਿਸ਼ਾਹੀਣ ਲਹਿਰਾਂ-ਵਿਦਰੋਹਾਂ ਅਤੇ ਅਰਾਜਕਤਾਵਾਦ-ਦਹਿਸ਼ਤਵਾਦ ਦਾ ਰਾਹ ਅਪਣਾਉਣ ਦੀ ਥਾਂ ਆਪਣੇ ਸੰਘਰਸ਼ਾਂ ਨੂੰ ਵਿਆਪਕ ਮਜ਼ਦੂਰ ਅਬਾਦੀ ਦੇ ਸੰਘਰਸ਼ਾਂ ਨਾਲ਼ ਜੋੜੇ ਅਤੇ ਸਮਾਜਵਾਦੀ ਇਨਕਲਾਬ ਦੇ ਨਵੇਂ ਸੰਸਕਰਨਾਂ ਦੀ ਉਸਾਰੀ ਵਿੱਚ ਸਹਿਯੋਗੀ ਬਣੇ। ਮੱਧਵਰਗ ਦੇ ਇਸ ਹਿੱਸੇ ਦੀ ਭੂਮਿਕਾ ਸਿਰਫ਼ ਏਨੀ ਹੀ ਨਹੀਂ ਹੈ। ਮਜ਼ਦੂਰ ਜਮਾਤ ਦੇ ਸੰਘਰਸ਼ਾਂ ਦੀ ਸ਼ੁਰੂਆਤ ਦੇ ਇਸ ਨਵੇਂ ਦੌਰ ਵਿੱਚ, ਇਸ ਤਰ੍ਹਾਂ ਕਹੀਏ ਕਿ ਨਵੀਂ ਸ਼ੁਰੂਆਤ ਲਈ, ਜ਼ਰੂਰੀ ਹੈ ਕਿ ਹੇਠਲੇ ਅਤੇ ਵਿਚਕਾਰਲੇ ਮੱਧਵਰਗ ਦੇ ਸਭ ਤੋਂ ਵੱਧ ਉੱਨਤ ਚੇਤਨਾ ਵਾਲ਼ੇ ਰੈਡੀਕਲ ਤੱਤ ਮਜ਼ਦੂਰ ਜਮਾਤ ਦੀ ਜਿੰਦਗੀ ਅਤੇ ਉਦੇਸ਼ ਨਾਲ਼ ਇਕਮਿਕ ਹੋ ਜਾਣ, ਆਪਣਾ ਮਜ਼ਦੂਰ ਜਮਾਤੀਕਰਨ ਕਰਨ, ਮਜ਼ਦੂਰ ਇਨਕਲਾਬ ਦੇ ਵਿਗਿਆਨ ਨੂੰ ਆਤਮਸਾਤ ਕਰਨ, ਮਜ਼ਦੂਰ ਲਹਿਰ ਅੰਦਰ ਸਮਾਜਵਾਦ ਦੇ ਵਿਚਾਰ ਨੂੰ ਲਿਜਾਣ ਵਿੱਚ ਲੱਗ ਜਾਣ। ਨਿਸ਼ਚਿਤ ਹੀ, ਅੱਗੇ ਚੱਲਕੇ ਮਜ਼ਦੂਰ ਜਮਾਤ ਅੰਦਰੋਂ ਵੀ ਵੱਡੀ ਗਿਣਤੀ ਵਿੱਚ ਉੱਨਤ ਬੌਧਿਕ ਤੱਤ ਉੱਭਰਕੇ ਅੱਗੇ ਆਉਣਗੇ, ਪਰ ਸ਼ੁਰੂਆਤੀ ਦੌਰ ਵਿੱਚ ਉਹਨਾਂ ਦੀ ਗਿਣਤੀ ਬਹੁਤ ਘੱਟ ਹੋਵੇਗੀ। ਅਜਿਹੇ ਸ਼ੁਰੂਆਤੀ ਦੌਰ ਵਿੱਚ ਮੱਧਵਰਗ ਤੋਂ ਆ ਕੇ ਮਜ਼ਦੂਰ ਇਨਕਲਾਬ ਦੇ ਵਿਗਿਆਨ ਅਤੇ ਉਦੇਸ਼ ਨੂੰ ਅਪਣਾਉਣ ਵਾਲ਼ੇ ਉੱਨਤ ਚੇਤੰਨ ਤੱਤਾਂ ਦੀ ਭੂਮੀਕਾ ਬਹੁਤ ਹੀ ਮਹੱਤਵਪੂਰਨ ਹੈ। ਇਹ ਗੱਲ ਆਮ ਤੌਰ ’ਤੇ ਸਹੀ ਹੈ, ਪਰ ਭਾਰਤ ਦੀਆਂ ਵਿਸ਼ੇਸ਼ ਸਮਾਜਿਕ-ਰਾਜਨੀਤਕ ਹਾਲਤਾਂ ਵਿੱਚ ਅਤੇ ਅਜਿਹੇ ਦੌਰ ਵਿੱਚ ਇਸਦਾ ਮਹੱਤਵ ਹੋਰ ਵੀ ਵਧ ਜਾਂਦਾ ਹੈ।

■

ਸਾਡੇ ਦੇਸ਼ ਦੇ ਸਿੱਖਿਅਤ ਮੱਧਵਰਗ ਦੇ ਪਰੇਸ਼ਾਨਹਾਲ ਹਿੱਸਿਆਂ ਦਾ ਜੋ ਪ੍ਰਬੁੱਧ ਅਤੇ ਤਬਦੀਲੀਪਸੰਦ ਨੌਜਵਾਨ ਤਬਕਾ ਹੈ, ਉਹ ਵੀ ਉਤਪਾਦਕਾਂ ਅਤੇ ਉਤਪਾਦਨ ਦੀ ਦੁਨੀਆਂ ਤੋਂ ਟੁੱਟਿਆ ਹੋਇਆ ਹੈ ਅਤੇ ਇਸ ਲਈ ਵਿਆਪਕ ਕਿਰਤੀ ਲੋਕਾਂ ਦੀ ਇਤਿਹਾਸ ਨਿਰਮਾਤਾ ਤਾਕਤ ਤੋਂ ਅਣਜਾਣ ਹੈ। ਇਸ ਲਈ ਹਾਕਮ ਜਮਾਤਾਂ ਦੇ ਵਿਚਾਰਕ-ਸੱਭਿਆਚਾਰਕ ਪ੍ਰਚਾਰ ਤੋਂ ਪ੍ਰਭਾਵਿਤ ਹੋ ਕੇ ਉਹ ਵੀ ਲੋਕਾਂ ਨੂੰ ਇੱਕ ਵਿਚਾਰਾਂ ਤੋਂ ਸੱਖਣੀ ਭੀੜ ਸਮਝਣ ਲੱਗ ਪੈਂਦਾ ਹੈ। ਉਹ ਸਤੱਹੀ ਯਥਾਰਥ ਨੂੰ ਵਿੰਨ੍ਹ ਕੇ ਇਤਿਹਾਸ ਦੇ ਇਸ ਬਣਤਰੀ ਯਥਾਰਥ ਨੂੰ ਸਮਝ ਨਹੀਂ ਪਾਉਂਦਾ ਕਿ ਜੋ ਲੋਕ ਆਪਣੀ ਕਿਰਤ ਸਦਕਾ ਸੰਸਾਰ ਦੀ ਸਾਰੀ ਭੌਤਿਕ ਸੰਪਦਾ ਦੀ ਸਿਰਜਣਾ ਕਰਦੇ ਹਨ, ਉਹ ਤੱਤ ਰੂਪ ਵਿੱਚ ਸਾਰੀ ਆਤਮਿਕ-ਸਮਾਜਿਕ ਸੰਪਦਾ ਦੀ ਉਸਾਰੀ ਪਿੱਛੇ ਕੰਮ ਕਰਨ ਵਾਲ਼ੀ ਮੂਲ ਤਾਕਤ ਹਨ ਅਤੇ ਭਵਿੱਖ ਦੀ ਉਸਾਰੀ ਵੀ ਉਹਨਾਂ ਅੰਦਰ ਸਮੋਈ ਹੋਈ ਸਿਰਜਣਾਤਕ ਤਾਕਤ ਨੂੰ ਬੱਝੀਆਂ ਜੰਜ਼ੀਰਾਂ ਤੋੜ ਕੇ ਹੀ ਕੀਤੀ ਜਾ ਸਕਦੀ ਹੈ। ਗਿਆਨ ਤੱਤ ਰੂਪ ਵਿੱਚ ਇੱਕ ਸਮਾਜਿਕ ਸੰਪਤੀ ਹੈ, ਜਿਸ ਉੱਤੇ ਪੂੰਜੀਵਾਦੀ ਕਿਰਤ-ਵੰਡ ਨੇ ਜੋਰ-ਜਬਰਦਸਤੀ ਨਿਜੀ ਮਲਕਿਅਤ ਦੀ ਸੱਤਾ ਕਾਇਮ ਕਰ ਰੱਖੀ ਹੈ। ਇਤਿਹਾਸ ਵਿੱਚ ਉਤਪਾਦਨ ਦੀ ਬੁਨਿਆਦੀ ਕਿਰਿਆ ਅਤੇ ਉਸ ਦੀ ਬੁਨਿਆਦ ਉੱਤੇ ਕਾਇਮ ਸਮਾਜਿਕ ਸਬੰਧਾਂ ਦੇ ਸਾਰ-ਸੰਕਲ਼ਨ ਅਤੇ ਅਮੂਰਤੀਕਰਨ ਨਾਲ਼ ਹੀ ਸਾਰੇ ਗਿਆਨ-ਵਿਗਿਆਨ ਅਤੇ ਕਲਾ ਦਾ ਜ਼ਨਮ ਹੋਇਆ ਅਤੇ ਉਹਨਾਂ ਦੇ

ਵਿਕਾਸ ਵਿੱਚ ਹੀ ਇਹਨਾਂ ਦਾ ਵਿਕਾਸ ਹੋਇਆ। ਅੱਗੇ ਚੱਲਕੇ ਜਮਾਤੀ-ਵੰਡ ਅਤੇ ਕਿਰਤ-ਵੰਡ ਨੇ ਭੌਤਿਕ ਉਤਪਾਦਨ ਤੋਂ ਆਤਮਿਕ ਉਤਪਾਦਨ ਦੀ ਕਿਰਿਆ ਨੂੰ, ਬੌਧਿਕ ਕਿਰਤ ਤੋਂ ਸਰੀਰਕ ਕਿਰਤ ਨੂੰ ਅਲੱਗ ਕਰ ਦਿੱਤਾ, ਬੁੱਧੀਜੀਵੀ ਜਮਾਤ ਨੂੰ ਇੱਕ ਵਿਸ਼ੇਸ਼ਾਧਿਕਾਰ ਹਾਸਿਲ ਜਮਾਤ ਵਿੱਚ ਬਦਲ ਦਿੱਤਾ ਅਤੇ ਲੁੱਟੇ ਜਾ ਰਹੇ ਲੋਕਾਂ ਦੁਆਰਾ ਕੀਤੀ ਜਾ ਰਹੀ ਸਰੀਰਕ ਕਿਰਤ ਨੂੰ ਨਫ਼ਰਤਯੋਗ ਬਣਾ ਦਿੱਤਾ। ਇਹ ਵੰਡ ਲੁੱਟੇ ਜਾ ਰਹੇ ਲੋਕਾਂ ਦੀ ਇੱਕਜੁਟਤਾ ਵਿੱਚ ਰੁਕਾਵਟ ਬਣਦੀ ਹੈ ਅਤੇ ਹਾਕਮ ਜਮਾਤ ਲਈ ਬਹੁਤ ਹੀ ਫ਼ਾਇਦੇਮੰਦ ਸਿੱਧ ਹੁੰਦੀ ਹੈ। ਇਨਕਲਾਬੀ ਬੁੱਧਜੀਵੀ ਸਿਰਫ਼ ਉਸੇ ਨੂੰ ਕਿਹਾ ਜਾ ਸਕਦਾ ਹੈ, ਜੋ ਸਚੇਤਨ ਤੌਰ 'ਤੇ, ਆਪਣੇ ਚਿੰਤਨ ਅਤੇ ਵਿਵਹਾਰ ਵਿੱਚ ਬੌਧਿਕ ਕਿਰਤ ਅਤੇ ਸਰੀਰਕ ਕਿਰਤ ਵਿਚਲੇ ਫ਼ਰਕ ਨੂੰ ਖ਼ਤਮ ਕਰੇ, ਭੌਤਿਕ ਉਤਪਾਦਨ ਵਿੱਚ ਲੱਗੇ ਲੋਕਾਂ ਨੂੰ ਨਫ਼ਰਤ ਦੀ ਨਿਗ੍ਹਾ ਨਾਲ਼ ਦੇਖਣਾ ਬੰਦ ਕਰੇ ਅਤੇ ਕਿਰਤੀ ਲੋਕਾਂ ਨਾਲ਼ ਪੂਰੀ ਤਰ੍ਹਾਂ ਘੁਲ-ਮਿਲ ਜਾਵੇ।

ਇਹ ਉਮੀਦ ਅਸੀਂ ਖਾਸ ਤੌਰ 'ਤੇ ਪੜ੍ਹੇ-ਲਿਖੇ ਮੱਧਵਰਗ ਦੇ ਸਭ ਤੋਂ ਉੱਨਤ ਅਤੇ ਵਿਦਰੋਹੀ ਚੇਤਨਾ ਵਾਲ਼ੇ ਨੌਜਵਾਨਾਂ ਅਤੇ ਵਿਦਿਆਰਥੀਆਂ ਤੋਂ ਹੀ ਕਰ ਸਕਦੇ ਹਾਂ। ਨੌਜਵਾਨ ਤਬਾਹੀ ਅਤੇ ਸਿਰਜਣਾ ਦੀ ਅਪਾਰ ਯੌਗਤਾ ਨਾਲ਼ ਲੈਸ ਤੇ ਲਗਾਤਾਰ ਵਿਕਾਸਮਾਨ ਊਰਜਾ-ਸ੍ਰੋਤ ਹੁੰਦੇ ਹਨ। ਚੀਨੀ ਇਨਕਲਾਬ ਦੇ ਮਹਾਨ ਆਗੂ ਮਾਓ-ਜੇ-ਤੁੰਗ ਨੇ ਕਿਹਾ ਸੀ- *"ਨੌਜਵਾਨ ਲੋਕ ਸਮਾਜ ਦੇ ਸਭ ਤੋਂ ਵੱਧ ਸਰਗਰਮ ਅਤੇ ਸਭ ਤੋਂ ਜਿਆਦਾ ਹਿੰਮਤ ਕਰਨ ਵਾਲ਼ੀ ਤਾਕਤ ਹੁੰਦੇ ਹਨ। ਉਹਨਾਂ ਵਿੱਚ ਸਿੱਖਣ ਦੀ ਸਭ ਤੋਂ ਤੇਜ਼ ਇੱਛਾ ਹੁੰਦੀ ਹੈ ਅਤੇ ਉਹਨਾਂ ਦੇ ਵਿਚਾਰਾਂ ਵਿੱਚ ਰੂੜੀਵਾਦ ਦਾ ਪ੍ਰਭਾਵ ਸਭ ਤੋਂ ਘੱਟ ਹੁੰਦਾ ਹੈ।"* ਨੌਜਵਾਨੀ ਹੀ ਕਾਢ, ਖੋਜ ਅਤੇ ਰੂੜੀਤੋੜ ਉਮਰ ਹੁੰਦੀ ਹੈ। ਇਤਿਹਾਸ ਵਿੱਚ ਹਮੇਸ਼ਾਂ ਤੋਂ ਹੀ ਇਨਕਲਾਬਾਂ ਨੂੰ ਸ਼ੁਰੂ ਕਰਨ ਅਤੇ ਅੱਗੇ ਵਧਾਉਣ ਵਾਲ਼ਿਆਂ ਵਿੱਚ ਹਿਰਾਵਲ ਭੂਮਿਕਾ ਨੌਜਵਾਨਾਂ ਦੀ ਰਹੀ ਹੈ ਅਤੇ ਇਤਿਹਾਸ ਦੇ ਰੱਥ ਦਾ ਚੱਕਾ ਜਦ ਵੀ ਕਿਸੇ ਖੜੋਤ ਦੀ ਦਲਦਲ ਵਿੱਚ ਧੱਸਦਾ ਰਿਹਾ ਹੈ ਨੌਜਵਾਨ ਹੀ ਆਪਣਾ ਮੋਢਾ ਲਗਾ ਕੇ ਉਸਨੂੰ ਬਾਹਰ ਕੱਢਦੇ ਰਹੇ ਹਨ। ਇਸ ਲਈ, ਅੱਜ ਅਸੀਂ ਮੱਧਵਰਗ ਦੇ ਨਿਠੱਲੇ, ਦੁਨੀਆਂਦਾਰ ਹੋ ਚੁੱਕੇ ਘਰਬਾਰੂਆਂ ਤੋਂ ਨਹੀਂ, ਸਗੋਂ ਰੈਡੀਕਲ, ਵਿਦਰੋਹੀ ਅਤੇ ਉੱਨਤ ਚੇਤਨਾ ਵਾਲੇ ਨੌਜਵਾਨਾਂ ਤੋਂ ਹੀ ਇਹ ਉਮੀਦ ਕਰ ਸਕਦੇ ਹਾਂ ਕਿ ਉਹ ਆਪਣੀਆਂ ਜਮਾਤੀ ਹੱਦਾਂ ਤੋੜ ਦੇਣ, ਬੰਨ ਕੇ ਰੱਖਣ ਵਾਲ਼ੇ ਸੰਸਕਾਰਾਂ ਤੋਂ ਇੱਕ ਝਟਕੇ ਨਾਲ਼ ਹੀ ਤੋੜ-ਵਿਛੋੜਾ ਕਰ ਲੈਣ ਅਤੇ ਵਿਆਪਕ ਕਿਰਤੀ ਲੋਕਾਂ ਵਿੱਚ ਜਾਣ, ਵੱਧ ਤੋਂ ਵੱਧ ਸੰਭਵ ਹੱਦ ਤੱਕ ਉਤਪਾਦਕ ਕਾਰਵਾਈ ਵਿੱਚ ਵੀ ਹਿੱਸਾ ਲੈਣ, ਉਹਨਾਂ ਦੀ ਜਿੰਦਗੀ ਤੋਂ ਵਿਵਹਾਰਕ ਸਿੱਖਿਆ ਲੈਣ, ਉਹਨਾਂ ਵਿੱਚ ਇਨਕਲਾਬੀ ਪ੍ਰਚਾਰ ਅਤੇ ਸਿੱਖਿਆ ਦਾ ਕੰਮ ਕਰਨ ਅਤੇ ਉਸ ਨੂੰ ਜਗਾਉਣ, ਲਾਮਬੰਦ ਅਤੇ ਜੱਥੇਬੰਦ ਕਰਨ।

ਇਸ ਪੂੰਜੀਵਾਦੀ ਸਿੱਖਿਆ ਪ੍ਰਣਾਲੀ ਤੋਂ ਸਾਨੂੰ ਸਮਾਜਿਕ ਯਥਾਰਥ ਨੂੰ ਹਾਕਮ ਜਮਾਤਾਂ ਦੇ ਨਜ਼ਰੀਏ ਤੋਂ ਦੇਖਣ ਦੀ ਸਿੱਖਿਆ ਮਿਲਦੀ ਹੈ। ਪੂੰਜੀਵਾਦੀ ਸਿੱਖਿਆ ਅਤੇ ਸੱਭਿਆਚਾਰ ਵਿੱਚ ਸਮਾਜਿਕ ਅਤੇ ਸੱਭਿਆਚਾਰ ਵਿੱਚ ਸਮਾਜਿਕ ਯਥਾਰਥ ਦਾ ਵਿਗੜਿਆ ਰੂਪ ਹੀ ਦਿਖਾਈ ਦਿੰਦਾ ਹੈ। ਲੋਕਾਂ ਦੀ ਜਿੰਦਗੀ ਨਾਲ਼, ਉਤਪਾਦਨ ਦੀ ਪ੍ਰਕਿਰਿਆ ਨਾਲ਼ ਅਤੇ ਲੋਕਾਂ ਦੀ ਮੁਕਤੀ ਦੇ ਉਦੇਸ਼ ਅਤੇ ਰਾਹ ਤੋਂ ਸਿੱਖਿਅਤ ਹੋਣਾ ਹੀ ਅਸਲ ਸਿੱਖਿਆ ਹੈ। ਸਾਨੂੰ ਇਸੇ ਅਸਲੀ ਸਿੱਖਿਆ ਦਾ ਬਦਲਵਾਂ ਰਾਹ ਅਪਣਾਉਣਾ ਹੋਵੇਗਾ ਅਤੇ ਬਦਲਵੀਂ ਪ੍ਰਣਾਲ਼ੀ ਬਣਾਉਣੀ ਹੋਵੇਗੀ। ਪੂੰਜੀਵਾਦੀ ਸਿੱਖਿਆ ਪ੍ਰਣਾਲੀ ਸਾਨੂੰ ਕੁਦਰਤ, ਇਤਿਹਾਸ ਅਤੇ ਸਮਾਜ ਨੂੰ ਸਮਝਣ ਦੀ ਯੋਗਤਾ ਤਾਂ ਦੇ ਦਿੰਦੀ ਹੈ ਜੋ ਮਨੁੱਖੀ ਸੱਭਿਅਤਾ ਦੀ ਵਿਰਾਸਤ ਹੈ। ਪਰ ਸਿੱਖਿਅਤ ਨੌਜਵਾਨ ਇਸ ਯੋਗਤਾ ਦਾ ਇਸਤੇਮਾਲ ਹਾਕਮ ਜਮਾਤਾਂ ਅਤੇ ਵਿਵਸਥਾ ਹਿੱਤ ਵਿੱਚ ਹੀ ਕਰਦੇ ਹਨ। ਜਦੋਂ ਉਹ ਲੋਕਾਂ ਨਾਲ਼ ਇਕਮਿਕ ਹੋ ਜਾਂਦੇ ਹਨ ਤਾਂ ਉਹਨਾਂ ਦੇ ਹਿੱਤ ਦੇ ਨਜ਼ਰੀਏ ਨਾਲ਼ ਇਤਿਹਾਸ ਅਤੇ ਸਮਾਜ ਦਾ ਅਧਿਐਨ ਕਰਦੇ ਹਨ ਅਤੇ ਫਿਰ ਇਸ ਇਨਕਲਾਬੀ ਗਿਆਨ ਨੂੰ ਉਹਨਾਂ ਹੀ ਲੋਕਾਂ ਤੱਕ ਲੈ ਜਾਂਦੇ ਹਨ। ਜੋ ਪ੍ਰਬੁੱਧ, ਸਿੱਖਿਅਤ ਮੱਧਵਰਗੀ ਨੌਜਵਾਨ ਆਪਣੀਆਂ ਸਮੱਸਿਆਵਾਂ-ਪਰੇਸ਼ਾਨੀਆਂ ਦਾ ਸਧਾਰਨੀਕਰਨ ਕਰਦੇ ਹੋਏ ਨਿਆਂ, ਬਰਾਬਰੀ ਅਤੇ ਇਤਿਹਾਸਕ ਵਿਕਾਸ ਪੱਖੀ ਹੋ ਜਾਂਦੇ ਹਨ, ਉਹਨਾਂ ਦੇ ਵਿਚਾਰਾਂ ਦਾ ਇੱਕੋ-ਇੱਕ ਮੁੱਲ ਇਹ ਪੈ ਸਕਦਾ ਹੈ ਕਿ ਉਹ ਕਿਰਤੀ ਅਬਾਦੀ ਨਾਲ਼ ਏਕਤਾ ਬਣਾ ਕੇ ਉਸਨੂੰ ਸਮਾਜਿਕ ਇਨਕਲਾਬ ਲਈ ਜਥੇਬੰਦ ਕਰਨ, ਕਿਉਂਕਿ ਇਸਤੋਂ ਬਿਨਾਂ ਕੋਈ ਸਮਾਜਿਕ ਇਨਕਲਾਬ ਨਹੀਂ ਹੋ ਸਕਦਾ। ਸਾਨੂੰ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਪ੍ਰਬੁੱਧ ਵਿਦਿਆਰਥੀ-ਨੌਜਵਾਨਾਂ ਦਾ ਵਿਆਪਕ ਕਿਰਤੀ ਲੋਕਾਂ ਤੋਂ ਵੱਖਰਾਪਨ ਇਸ ਪੂੰਜੀਵਾਦੀ ਵਿਵਸਥਾ ਦੀ ਇੱਕ ਮਜ਼ਬੂਤ ਕੰਧ ਹੈ। ਇਸ ਕੰਧ ਨੂੰ ਡੇਗ ਕੇ ਹੀ ਕੋਈ ਪ੍ਰਬੁੱਧ, ਨਿਆਂਸ਼ੀਲ, ਰੈਡੀਕਲ ਨੌਜਵਾਨ ਸਹੀ ਮਾਅਨੇ ਵਿੱਚ ਇਨਕਲਾਬੀ ਕਹਾਉਣ ਦਾ ਹੱਕਦਾਰ ਹੋ ਸਕਦਾ ਹੈ। ਮਾਓ-ਜੇ-ਤੁੰਗ ਨੇ ਇੱਕ ਜਗ੍ਹਾ 'ਤੇ ਲਿਖਿਆ ਹੈ- *" ਕੋਈ ਨੌਜਵਾਨ, ਇਨਕਲਾਬੀ ਹੈ ਜਾਂ ਨਹੀਂ, ਇਹ ਜਾਨਣ ਦੀ ਕਸੌਟੀ ਕੀ ਹੈ? ਉਸਨੂੰ ਕਿਵੇਂ ਪਹਿਚਾਣਿਆ ਜਾਵੇ? ਇਸਦੀ ਕਸੌਟੀ ਸਿਰਫ਼ ਇੱਕ ਹੈ, ਭਾਵ ਇਹ ਦੇਖਣਾ ਚਾਹੀਦਾ ਹੈ ਕਿ ਉਹ ਵਿਆਪਕ ਮਜ਼ਦੂਰ-ਕਿਸਾਨ ਲੋਕਾਂ ਨਾਲ਼ ਇਕਮਿਕ ਹੋ ਜਾਣਾ ਚਾਹੁੰਦਾ ਹੈ ਜਾਂ ਨਹੀਂ, ਅਤੇ ਇਸ ਗੱਲ ਉੱਤੇ ਅਮਲ ਕਰਦਾ ਹੈ ਕਿ ਨਹੀਂ? ਇਨਕਲਾਬੀ ਉਹ ਹੈ ਜੋ ਮਜ਼ਦੂਰਾਂ ਅਤੇ ਕਿਸਾਨਾਂ ਨਾਲ਼ ਇਕਮਿਕ ਹੋ ਜਾਣਾ ਚਾਹੁੰਦਾ ਹੋਵੇ ਅਤੇ ਆਪਣੇ ਅਮਲ ਵਿੱਚ ਮਜ਼ਦੂਰਾਂ ਅਤੇ ਕਿਸਾਨਾਂ ਨਾਲ਼ ਇਕਮਿਕ ਹੋ ਜਾਂਦਾ ਹੋਵੇ, ਨਹੀਂ ਤਾਂ ਉਹ ਇਨਕਲਾਬੀ ਨਹੀਂ ਹੈ, ਜਾਂ ਉਲਟ-ਇਨਕਲਾਬੀ ਹੈ। "*

ਭਗਤ ਸਿੰਘ ਵੀ ਇਨਕਲਾਬਾਂ ਦੇ ਇਤਿਹਾਸ ਦੇ ਡੂੰਘੇ ਅਧਿਐਨ ਅਤੇ ਆਪਣੇ ਅਨੁਭਵਾਂ ਦੇ ਨਿਚੋੜ ਤੋਂ ਇਸੇ ਨਤੀਜੇ 'ਤੇ ਪਹੁੰਚੇ ਸਨ ਕਿ ਕਿਰਤੀ ਲੋਕਾਂ ਨੂੰ ਜੱਥੇਬੰਦ ਕਰਕੇ ਹੀ ਇਨਕਲਾਬ ਨੂੰ ਸਫ਼ਲ ਕੀਤਾ ਜਾ ਸਕਦਾ ਹੈ ਅਤੇ ਸੱਚੇ ਅਰਥਾਂ

ਵਿੱਚ ਅਜ਼ਾਦੀ ਹਾਸਿਲ ਕਰਕੇ ਸਮਾਜਵਾਦ ਵੱਲ਼ ਕਦਮ ਵਧਾਇਆ ਜਾ ਸਕਦਾ ਹੈ। ਭਗਤ ਸਿੰਘ ਅਤੇ ਬੁੱਟਕੇਸ਼ਵਰ ਦੱਤ ਨੇ ਪੰਜਾਬ ਵਿਦਿਆਰਥੀ ਯੂਨੀਅਨ, ਲਾਹੌਰ ਦੇ ਅਕਤੂਬਰ 1929 ਵਿੱਚ ਹੋਏ ਦੂਸਰੇ ਸੰਮੇਲ਼ਨ ਦੇ ਨਾਂ ਜੇਲ੍ਹ ਦੀ ਕੋਠਰੀ ਤੋਂ ਜੋ ਸੁਨੇਹਾ ਭੇਜਿਆ ਸੀ ਉਸ ਵਿੱਚ ਸਪੱਸ਼ਟ ਕਿਹਾ ਸੀ– *"ਨੌਜਵਾਨਾਂ ਨੇ ਇਨਕਲਾਬ ਦਾ ਸੁਨੇਹਾ ਦੇਸ਼ ਦੇ ਹਰ ਕੋਨੇ ਵਿੱਚ ਪਹੁੰਚਾਉਣਾ ਹੈ, ਫ਼ੈਕਟਰੀਆਂ-ਕਾਰਖ਼ਾਨਿਆਂ ਤੱਕ, ਗੰਦੀਆਂ ਬਸਤੀਆਂ ਅਤੇ ਪਿੰਡਾਂ ਦੀਆਂ ਝੋਪੜੀਆਂ ਵਿੱਚ ਰਹਿਣ ਵਾਲ਼ੇ ਕਰੋੜਾਂ ਲੋਕਾਂ ਵਿੱਚ ਇਨਕਲਾਬ ਦੀ ਅਲਖ ਜਗਾਉਣੀ ਹੈ ਜਿਸ ਨਾਲ਼ ਆਜ਼ਾਦੀ ਆਵੇਗੀ ਅਤੇ ਉਦੋਂ ਇੱਕ ਮਨੁੱਖ ਦੁਆਰਾ ਦੂਜੇ ਮਨੁੱਖ ਦੀ ਲੁੱਟ ਅਸੰਭਵ ਹੋ ਜਾਵੇਗੀ।"*

ਜੇਲ੍ਹ ਕਾਲਕੋਠੜੀ ਵਿੱਚ ਡੂੰਘਾ ਅਧਿਐਨ-ਚਿੰਤਨ ਕਰਦੇ ਹੋਏ ਭਗਤ ਸਿੰਘ ਇਸ ਨਤੀਜੇ 'ਤੇ ਪਹੁੰਚ ਚੁੱਕੇ ਸਨ ਕਿ ਲੋਕਾਂ ਦੀ ਅਸਲ ਮੁਕਤੀ ਉਦੋਂ ਹੀ ਸੰਭਵ ਹੈ ਜਦ ਕੌਮੀ ਮੁਕਤੀ ਦਾ ਸੰਘਰਸ਼ ਅੱਗੇ ਵੱਧ ਕੇ ਸਮਾਜਵਾਦ ਦਾ ਸੰਘਰਸ਼ ਬਣ ਜਾਵੇ। ਉਹਨਾਂ ਦੀ ਇਹ ਸਪੱਸ਼ਟ ਸਮਝ ਬਣ ਚੁੱਕੀ ਸੀ ਕਿ ਸਾਮਰਾਜਵਾਦ ਅਤੇ ਪੂੰਜੀਵਾਦ ਦਾ ਫ਼ੈਸਲਾਕੁਨ ਖ਼ਾਤਮਾ ਸਿਰਫ਼ ਤੇ ਸਿਰਫ਼ ਮਜ਼ਦੂਰ ਇਨਕਲਾਬ ਰਾਹੀਂ ਹੀ ਹੋ ਸਕਦਾ ਹੈ ਜਿਸਦੀ ਮੁੱਖ ਤਾਕਤ ਮਜ਼ਦੂਰ ਅਤੇ ਕਿਸਾਨ ਹੋਣਗੇ ਅਤੇ ਜਿਸਦੀ ਅਗਵਾਈ ਮਜ਼ਦੂਰ ਜਮਾਤ ਦੀ ਇਨਕਲਾਬੀ ਪਾਰਟੀ ਦੇ ਹੱਥਾਂ ਵਿੱਚ ਹੋਵੇਗੀ। ਆਪਣੇ ਇਹਨਾਂ ਵਿਚਾਰਾਂ ਨੂੰ ਉਹਨਾਂ ਜਿਸ ਆਖਰੀ ਮਹੱਤਵਪੂਰਨ ਦਸਤਾਵੇਜ਼ ਵਿੱਚ ਸੂਤਰਬੱਧ ਕੀਤਾ ਉਸ ਵਿੱਚ ਇੱਕ ਅਜਿਹੀ ਪਾਰਟੀ ਦੀ ਉਸਾਰੀ ਉੱਤੇ ਜ਼ੋਰ ਦਿੰਦੇ ਹੋਏ ਉਹਨਾਂ ਨੇ ਇਸ ਵਿੱਚ ਸ਼ੁਰੂਆਤੀ ਦੌਰ ਵਿੱਚ ਵਿਦਿਆਰਥੀਆਂ-ਨੌਜਵਾਨਾਂ ਵਿੱਚੋਂ ਭਰਤੀ ਦੀ ਜ਼ਰੂਰਤ ਉੱਤੇ ਜ਼ੋਰ ਦਿੱਤਾ ਸੀ। ਉਹਨਾਂ ਨੇ ਲਿਖਿਆ ਸੀ– *"ਪਾਰਟੀ ਨੂੰ ਕਾਰਕੁੰਨਾ ਦੀ ਲੋੜ ਹੋਵੇਗੀ, ਜਿਨ੍ਹਾਂ ਨੂੰ ਨੌਜਵਾਨਾਂ ਦੀਆਂ ਲਹਿਰਾਂ ਵਿਚੋਂ ਭਰਤੀ ਕੀਤਾ ਜਾ ਸਕਦਾ ਹੈ। ਇਸ ਲਈ ਨੌਜਵਾਨਾਂ ਦੀਆਂ ਲਹਿਰਾਂ ਪਹਿਲੀਆਂ ਮੰਜਿਲਾਂ ਹਨ, ਜਿਥੋਂ ਸਾਡੀ ਲਹਿਰ ਸ਼ੁਰੂ ਹੋਵੇਗੀ। ਨੌਜਵਾਨ ਲਹਿਰ ਨੂੰ ਅਧਿਐਨ ਕੇਂਦਰ (ਸਟੱਡੀ ਸਰਕਲ) ਸ਼ੁਰੂ ਕਰਨੇ ਚਾਹੀਦੇ ਹਨ। ਲੀਫ਼ਲੈਟ, ਪੈਂਫ਼ਲੈਟ, ਕਿਤਾਬਾਂ, ਮੈਗਜੀਨ ਛਾਪਣੇ ਚਾਹੀਦੇ ਹਨ। ਕਲਾਸਾਂ ਵਿੱਚ ਲੈੱਕਚਰ ਹੋਣੇ ਚਾਹੀਦੇ ਹਨ। ਰਾਜਨੀਤਕ ਕਾਰਕੁੰਨਾ ਦੀ ਭਰਤੀ ਕਰਨ ਅਤੇ ਟ੍ਰੇਨਿੰਗ ਦੀ ਇਹ ਸਭ ਤੋਂ ਚੰਗੀ ਜਗ੍ਹਾ ਹੋਵੇਗੀ।"*

■

ਭਗਤ ਸਿੰਘ ਦੀ ਇਹ ਟਿੱਪਣੀ ਸਾਰੇ ਸੰਸਾਰ ਦੇ ਅਲੱਗ-ਅਲੱਗ ਦੇਸ਼ਾਂ ਦੇ ਇਤਿਹਾਸ ਦੇ ਤਜ਼ਰਬਿਆਂ ਨੇ ਵਾਰ-ਵਾਰ ਸੱਚੀ ਸਾਬਿਤ ਕੀਤੀ ਹੈ। ਚੀਨੀ ਨਵ-ਜਮਹੂਰੀ ਇਨਕਲਾਬ ਦੀ ਪ੍ਰਕਿਰਿਆ ਦਾ ਸ਼ੁਰੂਆਤੀ ਨੁਕਤਾ ਮਈ 1919 ਦੀ ਵਿਦਿਆਰਥੀ ਲਹਿਰ ਦਾ ਉਹ ਪ੍ਰਚੰਡ ਜਵਾਰ ਸੀ, ਜਿਸ ਵਿੱਚੋਂ ਕਈ ਪ੍ਰਤਿਭਾਸ਼ਾਲੀ ਇਨਕਲਾਬੀ ਨੌਜਵਾਨ ਜੱਥੇਬੰਦਕ ਨਿਕਲੇ ਜਿਹਨਾਂ ਨੇ ਮਜ਼ਦੂਰ-ਕਿਸਾਨਾਂ ਨੂੰ ਜੱਥੇਬੰਦ ਕਰਨ ਵਿੱਚ ਮੂਹਰਲੀ ਭੂਮਿਕਾ ਨਿਭਾਈ, ਜੋ ਆਪਣੇ ਵਿਅਕਤੀਤਵ ਦੀ ਰੂਪਬਦਲੀ ਕਰਕੇ ਕਿਰਤੀ ਅਬਾਦੀ ਨਾਲ਼ ਜੁੜ ਗਏ ਅਤੇ ਅੱਗੇ ਚੱਲਕੇ ਇਨਕਲਾਬ ਦੇ ਆਗੂਆਂ ਵਿੱਚ ਥਾਂ ਬਣਾਈ। ਅਫ਼ਰੀਕੀ ਦੇਸ਼ਾਂ ਵਿੱਚ ਕੌਮੀ ਮੁਕਤੀ ਲਹਿਰਾਂ ਦੀ ਸ਼ੁਰੂਆਤ ਵਿੱਚ ਲੋਕਾਂ ਦੇ ਵਿਦਰੋਹਾਂ ਦੀ ਅਗਵਾਈ ਕਰਨ ਲਈ ਮੱਧਵਰਗ ਦੀ ਇੱਕ ਬੇਹੱਦ ਛੋਟੀ ਜਿਹੀ ਅਬਾਦੀ ਦੇ ਪੜ੍ਹੇ-ਲਿਖੇ ਨੌਜਵਾਨ ਅੱਗੇ ਆਏ ਸਨ। ਵਿਦਿਆਰਥੀਆਂ ਦੀ ਇਹ ਪਹਿਲੀ ਪੀੜ੍ਹੀ ਵਿੱਚੋਂ ਹੀ ਕਵਾਮੇ ਏਂਕਰੂਮਾ, ਅਮਿਲਕਰ ਕਬਰਾਲ, ਨੇਲਸਨ ਮੰਡੇਲਾ, ਸੈਨ ਨੁਜੋਮਾ, ਕੇਨੇਥ ਕਾਉਂਡਾ, ਜੂਲੀਅਸ ਨਿਏਰੇਰੇ, ਬੇਨ ਬੇਲਾ, ਬੁਮੇਦਿਅਨ ਆਦਿ ਕੌਮੀ ਨਾਇਕ ਉੱਭਰ ਕੇ ਸਾਹਮਣੇ ਆਏ। ਕਿਊਬਾ ਦਾ ਇਨਕਲਾਬ ਅਤੇ ਲਾਤੀਨੀ ਅਮਰੀਕੀ ਦੇਸ਼ਾਂ ਦੇ ਸਾਰੇ ਮੁਕਤੀ-ਸੰਘਰਸ਼ਾਂ ਦਾ ਇਤਿਹਾਸ ਵੀ ਇਹੋ ਹੀ ਰਿਹਾ ਹੈ ਅਤੇ ਭਾਰਤ ਦੀ ਕੌਮੀ ਇਨਕਲਾਬੀ ਲਹਿਰ ਦੇ ਇਤਿਹਾਸ ਵਿੱਚ ਵੀ ਸਾਨੂੰ ਇਹੋ ਚੀਜ਼ ਵੇਖਣ ਨੂੰ ਮਿਲਦੀ ਹੈ।

ਅੱਜ ਅਸੀਂ ਇਤਿਹਾਸ ਦੇ ਇੱਕ ਅਜਿਹੇ ਸਮੇਂ ਵਿੱਚ ਜਿਉਂ ਰਹੇ ਹਾਂ ਜਦ ਇਨਕਲਾਬ ਉੱਤੇ ਉਲਟ-ਇਨਕਲਾਬ ਦੀ ਲਹਿਰ ਹਾਵੀ ਹੈ। 20 ਵੀਂ ਸਦੀ ਦੇ ਮਜ਼ਦੂਰ ਇਨਕਲਾਬਾਂ ਦੀ ਹਾਰ ਵਜੋਂ, ਸਾਰੇ ਸੰਸਾਰ ਉੱਤੇ ਇੱਕ ਵਾਰ ਤਾਂ ਜਿਵੇਂ ਪੂੰਜੀਵਾਦੀ ਲੁੱਟ-ਖ਼ਸੁੱਟ ਦਾ ਇੱਕਤਰਫ਼ਾ ਸਾਮਰਾਜ ਸਥਾਪਿਤ ਹੋ ਗਿਆ ਹੈ। ਭਾਰਤ ਜਿਹੇ ਸਾਰੇ ਪਿਛੜੇ ਦੇਸ਼ਾਂ ਦੇ ਪੂੰਜੀਪਤੀ ਹਾਕਮਾਂ ਨੇ ਆਪਣੇ ਦੇਸ਼ਾਂ ਨੂੰ ਸਾਮਰਾਜੀ ਲੁੱਟ ਦੀ ਖੁੱਲ੍ਹੀ ਚਰਾਗਾਹ ਬਣਾ ਦਿੱਤਾ ਹੈ ਅਤੇ ਖ਼ੁਦ ਵੀ ਚੋਰਾਂ-ਡਕੈਤਾਂ ਦੀ ਤਰ੍ਹਾਂ ਲੋਕਾਂ ਨੂੰ ਲੁੱਟ ਰਹੇ ਹਨ। ਪੂੰਜੀਪਤੀਆਂ ਦੇ ਕਰਾਏ ਦੇ ਕਲਮਘਸੀਟ ਇਸਨੂੰ ਪੂੰਜੀਵਾਦ ਦੀ ਆਖਰੀ ਅਤੇ ਫ਼ੈਸਲਾਕੁਨ ਜਿੱਤ ਦੱਸ ਰਹੇ ਹਨ, ਪਰ ਨਾ ਤਾਂ ਇਤਿਹਾਸ ਦਾ ਤਰਕ ਅਤੇ ਨਾ ਹੀ ਦੇਸ਼-ਦੁਨੀਆਂ ਦੀਆਂ ਹਾਲਤਾਂ ਉਹਨਾਂ ਦੇ ਪੱਖ ਵਿੱਚ ਗਵਾਹੀ ਦੇ ਰਹੀਆਂ ਹਨ। ਇੱਕ ਪਾਸੇ ਸੰਸਾਰ-ਪੂੰਜੀਵਾਦ ਦੇ ਹੱਲ ਨਾ ਹੋ ਸਕਣ ਵਾਲ਼ੇ ਢਾਂਚਾਗਤ ਸੰਕਟ ਤਾਂ ਦੂਜੇ ਪਾਸੇ ਹੱਦੋਂ ਵੱਧ ਲੁੱਟ, ਮਹਿੰਗਾਈ, ਬੇਰੁਜ਼ਗਾਰੀ ਅਤੇ ਅਮੀਰ-ਗਰੀਬ ਵਿਚਲੇ ਵੱਧਦੇ ਜਾ ਰਹੇ ਪਾੜੇ ਦੇ ਸਤਾਏ ਲੋਕਾਂ ਦੀਆਂ ਖਾੜਕੂ ਲਹਿਰਾਂ, ਜੋ ਲਾਤੀਨੀ ਅਮਰੀਕੀ ਦੇਸ਼ਾਂ, ਚੀਨ, ਰੂਸ ਅਤੇ ਸਾਬਕਾ ਸੋਵੀਅਤ ਸੰਘ ਦੇ ਦੇਸ਼ਾਂ ਵਿੱਚ ਲਗਾਤਾਰ ਉੱਠ ਰਹੇ ਹਨ, ਇਸ ਸੱਚਾਈ ਦੀ ਪੁਸ਼ਟੀ ਕਰ ਰਹੇ ਹਨ ਕਿ ਪੂੰਜੀਵਾਦ ਇਤਿਹਾਸ ਦਾ ਆਖਰੀ ਯੁੱਗ ਨਹੀਂ ਹੈ ਅਤੇ ਲੋਕ ਪੂੰਜੀਵਾਦੀ ਬਰਬਰਤਾ ਨੂੰ ਅਨੰਤ ਕਾਲ ਤੱਕ ਹੰਢਾਉਂਣ ਲਈ ਭੋਰਾ ਵੀ ਤਿਆਰ ਨਹੀਂ ਹਨ। ਨਾ ਸਿਰਫ਼ ਇਰਾਕ, ਸਗੋਂ ਸਾਰਾ ਅਰਬ ਖੇਤਰ ਜਵਾਲਾਮੁਖੀ ਦੇ ਦਹਾਨੇ ਉੱਤੇ ਬੈਠਾ ਹੈ। ਉੱਨਤ ਪੂੰਜੀਵਾਦੀ ਦੇਸ਼ਾਂ ਵਿੱਚ ਵੀ ਇੱਕ ਵਾਰ ਫਿਰ ਬਦਹਾਲ ਮਜ਼ਦੂਰਾਂ ਅਤੇ ਬੇਰੁਜਗਾਰਾਂ ਦੇ ਸੰਘਰਸ਼ ਜ਼ੋਰ ਫ਼ੜ ਰਹੇ ਹਨ। ਸਾਮਰਾਜਵਾਦੀਆਂ ਵਿਚਕਾਰ ਲੁੱਟ ਦੀ ਦੌੜ ਫਿਰ ਤੋਂ ਤੇਜ਼ ਹੁੰਦੀ ਜਾ ਰਹੀ ਹੈ।

ਇਹ ਸਾਰੀਆਂ ਹਾਲਤਾਂ ਦੱਸ ਰਹੀਆਂ ਹਨ ਕਿ ਅੱਜ ਦੇ ਪੂੰਜੀਵਾਦੀ ਸੰਸਾਰ ਦੀਆਂ ਸਾਰੀਆਂ ਬੁਨਿਆਦੀ ਅੰਦਰੂਨੀ ਵਿਰੋਧਤਾਈਆਂ ਇੱਕ ਵਾਰ ਮੂੰਹ ਅੱਡ ਰਹੀਆਂ ਹਨ ਅਤੇ ਇਹਨਾਂ

ਨੂੰ ਹੱਲ ਕਰਨ ਦੀ ਦਿਸ਼ਾ ਵਿੱਚ ਕਦਮ ਅੱਗੇ ਵਧਾਉਣਾ ਹੀ ਇਤਿਹਾਸ ਦੀ ਅੰਦਰੂਨੀ ਗਤੀ ਹੈ। ਬੁਨਿਆਦੀ ਸਵਾਲ ਇਹ ਹੈ ਕਿ ਹੋਣ ਵਾਲ਼ੇ ਨਵੇਂ ਮਜ਼ਦੂਰ ਇਨਕਲਾਬਾਂ ਦੀਆਂ ਆਗੂ ਤਾਕਤਾਂ ਅੱਜ ਦੇ ਸੰਸਾਰ ਦੀਆਂ ਅੰਦਰੂਨੀ ਵਿਰੋਧਤਾਈਆਂ ਨੂੰ ਸਮਝ ਕੇ ਅਤੇ ਇਤਿਹਾਸ ਦਾ ਸਾਰ-ਸੰਕਲ਼ਨ ਕਰ ਕੇ, ਇੱਕ ਵਾਰ ਫੇਰ ਜੱਥੇਬੰਦ ਹੋਣ ਵਿੱਚ ਕਿੰਨਾਂ ਸਮਾਂ ਲਾਉਣਗੀਆਂ! ਅੱਜ ਦੇ ਸੰਸਾਰ ਦੀਆਂ ਹਾਲਤਾਂ ਨੂੰ ਸਮਝ ਕੇ ਹੀ ਮਜ਼ਦੂਰ ਇਨਕਲਾਬ ਦੇ ਨਵੇਂ ਸੰਸਕਰਨ ਰਚੇ ਜਾ ਸਕਦੇ ਹਨ। ਅਤੀਤ ਦੇ ਇਨਕਲਾਬਾਂ ਤੋਂ ਸਿੱਖਿਆ ਜਾ ਸਕਦਾ ਹੈ, ਪਰ ਉਹਨਾਂ ਦੀ ਅੰਨੀ ਨਕਲ ਨਹੀਂ ਕੀਤੀ ਜਾ ਸਕਦੀ। ਇਨਕਲਾਬਾਂ ਦੇ ਸੰਭਾਵਿਤ ਤੂਫ਼ਾਨਾਂ ਦੇ ਕੇਂਦਰ ਅੱਜ ਸੰਸਾਰ ਦੇ ਉਹੀ ਦੇਸ਼ ਹਨ ਜੋ ਪਹਿਲਾਂ ਬਸਤੀ-ਅਰਧਬਸਤੀ-ਨਵਬਸਤੀ ਸਨ। ਇਹੋ ਦੇਸ਼ ਅੱਜ ਵੀ ਸਾਮਰਾਜਵਾਦੀ ਲੁੱਟ ਦਾ ਸਭ ਤੋਂ ਵੱਧ ਭਾਰ ਝੱਲ ਰਹੇ ਹਨ। ਪਰ ਇਹਨਾਂ ਦੇਸ਼ਾਂ ਵਿੱਚ ਸਵਾਲ ਅੱਜ ਕੌਮੀ ਮੁਕਤੀ ਦਾ ਜਾਂ ਜਗੀਰਦਾਰੀ-ਵਿਰੋਧ ਦਾ ਨਹੀਂ ਹੈ। ਇਹਨਾਂ ਦੇਸ਼ਾਂ ਵਿੱਚ ਕ੍ਰਮਵਾਰ ਗਤੀ ਨਾਲ਼ ਹੋਣ ਵਾਲ਼ਾ ਪੂੰਜੀਵਾਦੀ ਵਿਕਾਸ ਉਦਾਰੀਕਰਨ-ਨਿਜੀਕਰਨ ਦੀਆਂ ਨੀਤੀਆਂ ਦੇ ਦੌਰ ਵਿੱਚ ਤੇਜ਼ੀ ਨਾਲ਼ ਆਪਣੇ ਅੰਜ਼ਾਮ ਤੱਕ ਜਾ ਪਹੁੰਚਿਆ ਹੈ, ਅਤੇ ਇਹ ਪਿਛੜੇ ਹੋਏ ਪੂੰਜੀਵਾਦੀ ਦੇਸ਼ ਹੁਣ ਸਾਮਰਾਜਵਾਦ-ਪੂੰਜੀਵਾਦ ਵਿਰੋਧੀ ਸਮਾਜਵਾਦੀ ਇਨਕਲਾਬ ਦੀ ਮੰਜ਼ਿਲ ਵਿੱਚ ਸਪੱਸ਼ਟ ਅਤੇ ਫ਼ੈਸਲਾਕੁਨ ਰੂਪ ਵਿੱਚ ਕਦਮ ਰੱਖ ਚੁੱਕੇ ਹਨ। ਜੋ ਇਨਕਲਾਬੀ ਇਹਨਾਂ ਹਾਲਤਾਂ ਨੂੰ ਸਹੀ ਢੰਗ ਨਾਲ਼ ਸਮਝ ਸਕਣਗੇ, ਉਹੀ ਨਵੇਂ ਸਿਰੇ ਤੋਂ ਖ਼ੁਦ ਨੂੰ ਨਵੇਂ ਮਜ਼ਦੂਰ ਇਨਕਲਾਬਾਂ ਦੀ ਆਗੂ ਤਾਕਤ ਦੇ ਰੂਪ ਵਿੱਚ ਜੱਥੇਬੰਦ ਕਰ ਸਕਣਗੇ।

ਇਸ ਇਤਿਹਾਸਕ ਸੰਦਰਭ ਵਿੱਚ, ਇਹ ਇੱਕ ਨਵੀਂ ਸ਼ੁਰੂਆਤ ਦਾ ਸਮਾਂ ਹੈ ਅਤੇ ਜਿਵੇਂ ਕਿ ਅਸੀਂ ਪਹਿਲਾਂ ਹੀ ਕਿਹਾ ਹੈ, ਅਜਿਹੇ ਦੌਰਾਂ ਵਿੱਚ ਇਨਕਲਾਬੀ ਵਿਦਿਆਰਥੀ-ਨੌਜਵਾਨਾਂ ਦੀ ਭੂਮਿਕਾ ਹੋਰ ਵੀ ਮਹੱਤਵਪੂਰਨ ਹੋ ਜਾਂਦੀ ਹੈ। ਅਜਿਹੇ ਪ੍ਰਬੁੱਧ, ਰੈਡੀਕਲ ਵਿਦਿਆਰਥੀ-ਨੌਜਵਾਨਾਂ ਨੂੰ, ਜੋ ਇਤਿਹਾਸ ਦੀ ਗਤਿਕੀ ਅਤੇ ਇਨਕਲਾਬ ਦੇ ਵਿਗਿਆਨ ਨੂੰ ਸਮਝ ਕੇ ਕਿਰਤੀ ਲੋਕਾਂ ਨਾਲ਼ ਇਕਮਿਕ ਹੋ ਜਾਣ ਲਈ ਤਿਆਰ ਹਨ, ਠੰਡੀ ਨਿਰਪੱਖਤਾ, ਨਿਰਦਈ ਕਾਇਰਤਾ ਅਤੇ ਮੁਰਦਾ ਸ਼ਾਤੀ ਵਿਰੁੱਧ ਵਿਦਰੋਹ ਦਾ ਅੰਬਰ ਚੀਰਦਾ ਬਿਗੁਲ ਵਜਾਉਣਾ ਹੋਵੇਗਾ। ਉਹਨਾਂ ਨੂੰ ਅੱਜ ਦੇ ਸੰਸਾਰ ਅਤੇ ਆਪਣੇ ਦੇਸ਼ ਦੀਆਂ ਹਾਲਤਾਂ ਦਾ, ਇਨਕਲਾਬ ਦੇ ਵਿਗਿਆਨ ਦਾ ਅਤੇ ਇਨਕਲਾਬਾਂ ਦੇ ਇਤਿਹਾਸ ਦਾ ਡੂੰਘਾ ਅਧਿਐਨ ਕਰਨਾ ਹੋਵੇਗਾ। ਉਹਨਾਂ ਨੂੰ ਵਿਆਪਕ ਵਿਦਿਆਰਥੀ-ਨੌਜਵਾਨ ਅਬਾਦੀ ਨੂੰ ਬੇਰੁਜ਼ਗਾਰੀ ਦੇ ਸਵਾਲ, ਬਰਾਬਰ ਸਿੱਖਿਆ ਅਤੇ ਸਭ ਨੂੰ ਰੁਜ਼ਗਾਰ ਦੇ ਸਵਾਲਾਂ ਉੱਤੇ ਅਤੇ ਜਮਹੂਰੀ ਅਧਿਕਾਰਾਂ ਦੇ ਸਵਾਲਾਂ ਉੱਤੇ ਲਾਮਬੰਦ ਕਰਨਾ ਹੋਵੇਗਾ। ਉਹਨਾਂ ਨੂੰ ਨਿਮਨ-ਮੱਧਵਰਗ ਦੇ ਨੌਜਵਾਨਾਂ ਨੂੰ ਪੂੰਜੀਵਾਦੀ ਰਾਜਨੀਤੀ ਦੇ ਚੱਕਰ-ਚਪੇਟ ਤੋਂ ਬਚਾਉਣ ਅਤੇ ਜਾਤ ਅਧਾਰਤ ਰਾਜਨੀਤੀ ਜਾਂ ਧਾਰਮਿਕ ਕੱਟੜਪੰਥੀ ਫ਼ਾਸੀਵਾਦੀ ਗਿਰੋਹਾਂ ਦੇ ਪਿਛਲੱਗੂ ਅਤੇ ਲੱਠਮਾਰ ਬਣਨ ਤੋਂ ਬਚਾਉਣ ਲਈ ਲਗਾਤਾਰ ਮਿਹਨਤ ਨਾਲ਼ ਅਤੇ ਸੰਘਣਾ ਪ੍ਰਚਾਰ-ਕੰਮ ਕਰਨਾ ਪੈਣਾ ਹੈ ਅਤੇ ਰਾਜਨੀਤਕ ਸਿੱਖਿਆ ਦਾ ਠੋਸ ਪ੍ਰੋਗਰਾਮ ਹੱਥ ਵਿੱਚ ਲੈਣਾ ਹੋਵੇਗਾ। ਨਵਉਦਾਰਵਾਦੀ ਆਰਥਿਕ ਨੀਤੀਆਂ 'ਤੇ ਅਮਲ ਦੇ ਸਤਾਰਾਂ ਵਰ੍ਹਿਆਂ ਦੌਰਾਨ ਸਾਡੇ ਦੇਸ਼ ਦੇ ਸਿੱਖਿਆ ਢਾਂਚੇ ਵਿੱਚ ਕਾਫ਼ੀ ਬਦਲਾਅ ਆਏ ਹਨ ਅਤੇ ਇਸਦਾ ਪੂਰੀ ਤਰ੍ਹਾਂ ਵਪਾਰੀਕਰਨ ਹੋ ਗਿਆ ਹੈ। ਸਿੱਖਿਆ ਪੂੰਜੀ-ਨਿਵੇਸ਼ ਦਾ ਖੇਤਰ ਬਣ ਗਈ ਹੈ ਅਤੇ ਦੇਸ਼ੀ-ਵਿਦੇਸ਼ੀ ਪੂੰਜੀਪਤੀ ਘਰਾਣੇ ਪੂੰਜੀ ਲਾ ਕੇ ਆਪਣੇ ਹਿੱਤ ਪੂਰਨ ਲਈ ਵਿਵਸਥਾ ਦੇ ਚਾਕਰ ਪੈਦਾ ਕਰਨ ਦੇ ਨਾਲ਼-ਨਾਲ਼ ਮੁਨਾਫ਼ਾ ਵੀ ਖੱਟ ਰਹੇ ਹਨ। ਪ੍ਰਬੰਧਕੀ, ਵਣਿਜ, ਤਕਨੀਕੀ ਵਿਗਿਆਨ, ਅਤੇ ਤਰ੍ਹਾਂ-ਤਰ੍ਹਾਂ ਦੀ ਪ੍ਰੋਫੈਸ਼ਨਲ ਪੜ੍ਹਾਈ ਉੱਤੇ ਜ਼ੋਰ ਵਧਿਆ ਹੈ ਅਤੇ ਮਾਨਵਿਕੀ ਤੇ ਕਲਾ-ਸਾਹਿਤ ਦੇ ਵਿਸ਼ੇ ਤਾਂ ਬਸ ਬੇਰੁਜ਼ਗਾਰਾਂ ਦਾ ਸਮਾਂ ਪਾਸ ਕਰਨ ਦਾ ਜ਼ਰੀਆ ਹੀ ਰਹਿ ਗਏ ਹਨ। ਜਿਸ ਸਿੱਖਿਆ ਤੋਂ ਨੌਕਰੀ ਮਿਲ ਸਕਦੀ ਹੈ, ਉੱਥੇ ਤੱਕ ਉੱਚ-ਮੱਧ ਵਰਗ ਦੀ ਪਹੁੰਚ ਹੀ ਸੰਭਵ ਰਹਿ ਗਈ ਹੈ। ਇਸ ਹਾਲਤ ਨੇ ਉੱਚ ਸਿੱਖਿਆ ਦੀ ਜਮਾਤੀ ਬਣਤਰ ਨੂੰ ਪ੍ਰਭਾਵਿਤ ਕੀਤਾ ਹੈ। ਹੁਣ ਮੈਡੀਕਲ-ਇੰਜੀਨਿਅਰਿੰਗ-ਵਣਿਜ-ਪ੍ਰਬੰਧਕੀ ਆਦਿ ਦੀਆਂ ਸੰਸਥਾਵਾਂ ਵਿੱਚ ਤਾਂ ਉੱਚ ਮੱਧਵਰਗ ਦੇ ਨੌਜਵਾਨਾਂ ਦੀ ਹੀ ਬਹੁਤਾਤ ਹੈ ਜੋ ਪੂੰਜੀਵਾਦ ਦੇ ਪ੍ਰਚੰਡ ਸਮਰਥਕ ਅਤੇ ਪੈਰੋਕਾਰ ਹਨ। ਮਹਾਂਨਗਰਾਂ ਦੇ ਕਾਲਜਾਂ-ਯੂਨਿਵਰਸਿਟੀਆਂ ਵਿੱਚ ਵਧਦੀਆਂ ਫ਼ੀਸਾਂ, ਘੱਟਦੀਆਂ ਸੀਟਾਂ ਅਤੇ ਆਰਥਿਕ ਬਦਹਾਲੀ ਨੇ ਨਿਮਨ ਮੱਧਵਰਗ ਦੇ ਸਧਾਰਨ ਵਿਦਿਆਰਥੀਆਂ ਦੀ ਅਬਾਦੀ ਨੂੰ ਕਾਫ਼ੀ ਘੱਟ ਕਰ ਦਿੱਤਾ ਹੈ। ਛੋਟੇ ਸ਼ਹਿਰਾਂ-ਕਸਬਿਆਂ ਦੇ ਕਾਲਜਾਂ-ਯੁਨਿਵਰਸਿਟੀਆਂ ਵਿੱਚ ਜ਼ਰੂਰ ਹਾਲ਼ੇ ਨਿਮਨ ਮੱਧਵਰਗ ਦੇ ਵਿਦਿਆਰਥੀਆਂ ਦੀ ਅਬਾਦੀ ਬਹੁਤ ਹੈ, ਜਿਨ੍ਹਾਂ ਦੀ ਰਾਜਨੀਤਕ ਚੇਤਨਾ ਦਾ ਧਰਾਤਲ ਤਾਂ ਥੱਲੇ ਹੈ ਪਰ ਉੱਥੇ ਵਿਦਰੋਹ ਦੀ ਭਾਵਨਾ ਡੂੰਘੀ ਹੈ। ਪਰ ਕੁੱਲ ਮਿਲਾ ਕੇ, ਨਿਮਨ ਮੱਧਵਰਗ ਉੱਤੇ ਵੱਧਦੇ ਜਾਂਦੇ ਆਰਥਿਕ ਦਬਾਅ ਅਤੇ ਬੇਰੁਜ਼ਗਾਰੀ ਕਾਰਨ ਇਸ ਤਬਕੇ ਦੇ ਨੌਜਵਾਨਾਂ ਦੀ ਭਾਰੀ ਗਿਣਤੀ ਪਿਛਲੇ ਦੋ ਦਹਾਕਿਆਂ ਦੌਰਾਨ ਉੱਚ ਸਿੱਖਿਆ ਦੇ ਕੈਂਪਸਾਂ ਤੋਂ ਬਾਹਰ ਹੋ ਗਈ ਹੈ ਅਤੇ ਜਾਂ ਛੋਟੀ-ਮੋਟੀ ਅਸਥਾਈ ਅਤੇ ਪਾਰਟਟਾਈਮ ਨੌਕਰੀ ਕਰਦੀ ਹੋਈ, ਜਾਂ ਫਿਰ ਦਿਹਾੜੀ ਮਜ਼ਦੂਰੀ ਕਰਦੀ ਹੋਈ, ਜਾਂ ਫਿਰ ਨੌਕਰੀਆਂ ਦੇ ਫ਼ਾਰਮ ਭਰਦੀ ਹੋਈ ਬੇਰੁਜ਼ਗਾਰੀ ਦੀ ਜਿੰਦਗੀ ਕੱਟ ਰਹੀ ਹੈ। ਨਿਮਨ ਮੱਧਵਰਗ ਦੇ ਬਹੁਗਿਣਤੀ ਨੌਜਵਾਨਾਂ ਦੀ ਇਹੋ ਸਥਿਤੀ ਹੈ ਅਤੇ ਇਹਨਾਂ ਅੰਦਰ ਬਗਾਵਤ ਦਾ ਲਾਵਾ ਉੱਬਲ ਰਿਹਾ ਹੈ। ਕੈਂਪਸਾਂ ਦੀ ਅਬਾਦੀ ਦੀ ਬਦਲਦੀ ਬਣਤਰ ਨੇ ਕੈਂਪਸ ਕੇਂਦਰਤ ਵਿਦਿਆਰਥੀ-ਨੌਜਵਾਨ ਅੰਦੋਲ਼ਨਾਂ ਦੀ ਸੰਭਾਵਨਾਂ ਅਤੇ ਤਾਕਤ ਨੂੰ ਖੋਰਾ ਲਾਇਆ ਹੈ ਅਤੇ ਅੱਜ ਦੀ ਹਾਲਤ ਵਿੱਚ ਸਿੱਖਿਆ ਅਤੇ ਰੁਜ਼ਗਾਰ ਦੇ ਬਰਾਬਰ ਅਧਿਕਾਰ ਦੇ ਸਵਾਲ ਉੱਤੇ ਵਿਆਪਕ ਵਿਦਿਆਰਥੀ-ਨੌਜਵਾਨ ਲਹਿਰ ਦੀ ਤਿਆਰੀ ਦੀ ਪ੍ਰਕਿਰਿਆ ਚਾਹੇ ਲੰਬੀ ਅਤੇ ਔਖੀ ਹੋਵੇ, ਪਰ ਹਾਲਤਾਂ ਇਸੇ ਲਈ ਹੀ ਵੱਧ ਤਿਆਰ ਹਨ।

ਨਾਲ਼ ਹੀ, ਜ਼ਰੂਰਤ ਇਸ ਗੱਲ ਦੀ ਹੈ ਕਿ ਵਿਦਿਆਰਥੀ-ਨੌਜਵਾਨ ਤਬਕਾ ਰੁਜ਼ਗਾਰ ਅਤੇ ਸਿੱਖਿਆ ਦੇ ਅਧਿਕਾਰ ਦੇ ਆਪਣੇ ਸੰਘਰਸ਼ ਨੂੰ ਵਿਵਸਥਾ-ਤਬਦੀਲੀ ਦੇ ਵਿਆਪਕ ਸੰਘਰਸ਼ ਦਾ ਅੰਗ ਬਣਾਏ ਅਤੇ ਇਸ ਨੂੰ ਕਿਰਤੀ ਅਬਾਦੀ ਦੇ ਸੰਘਰਸ਼ਾਂ ਨਾਲ਼ ਜੋੜੇ। ਜ਼ਰੂਰੀ ਹੈ ਕਿ ਇਨਕਲਾਬੀ ਵਿਦਿਆਰਥੀ-ਨੌਜਵਾਨ ਆਪਣੇ ਨਜ਼ਦੀਕ ਪੈਂਦੇ ਖੇਤਰਾਂ ਦੇ ਮਜ਼ਦੂਰਾਂ ਦੇ ਸੰਘਰਸ਼ਾਂ ਵਿੱਚ ਨਾ ਸਿਰਫ਼ ਭਰਪੂਰ ਸਹਿਯੋਗ ਕਰਨ ਸਗੋਂ ਉਹਨਾਂ ਦਾ ਇੱਕ ਹਿੱਸਾ ਵੀ ਬਣਨ। ਇਸ ਲਈ ਅਗਲੀ ਮੰਜ਼ਿਲ ਵਿੱਚ ਰੁਜ਼ਗਾਰ, ਮਹਿੰਗਾਈ ਅਤੇ ਰਾਜਨੀਤਕ ਅਧਿਕਾਰਾਂ ਦੇ ਅਲੱਗ-ਅਲੱਗ ਮੁੱਦਿਆਂ ਉੱਤੇ ਕਿਰਤੀ ਲੋਕਾਂ ਨਾਲ਼ ਸਾਂਝੇ ਮੋਰਚੇ ਅਤੇ ਸਾਂਝੇ ਸੰਘਰਸ਼ ਦੀਆਂ ਹਾਲਤਾਂ ਤਿਆਰ ਹੋ ਸਕਦੀਆਂ ਹਨ। ਪਰ ਗੱਲ ਸਿਰਫ਼ ਇੱਥੇ ਆ ਕੇ ਖ਼ਤਮ ਨਹੀਂ ਹੋ ਜਾਂਦੀ ਕਿ ਵਿਦਿਆਰਥੀ-ਨੌਜਵਾਨ ਲਹਿਰ ਨੂੰ ਵਿਆਪਕ ਲੋਕਾਂ ਦੇ ਸੰਘਰਸ਼ਾਂ ਨਾਲ਼ ਜੋੜਨ ਲਈ ਉਸਦੀ ਇਨਕਲਾਬੀ ਲੀਡਰਸ਼ਿਪ ਲਗਾਤਾਰ ਕੋਸ਼ਿਸ਼ ਕਰੇ। ਇਹ ਤਾਂ ਹਰ ਹਾਲਤ ਵਿੱਚ ਕਰਨਾ ਹੀ ਪੈਂਦਾ ਹੈ। ਅੱਜ ਦੀਆਂ ਹਾਲਤਾਂ ਵਿੱਚ ਜੋ ਵਿਸ਼ੇਸ਼ ਇਤਿਹਾਸਕ ਜ਼ਰੂਰਤ ਹੈ, ਉਹ ਹੈ ਕਿ ਇਨਕਲਾਬੀ ਬੁੱਧੀਜੀਵੀ ਦੇ ਰੂਪ ਵਿੱਚ- ਨਿਮਨ ਮੱਧਵਰਗ ਦੇ ਵਿਦਿਆਰਥੀ-ਨੌਜਵਾਨਾਂ ਦੇ ਜੋ ਸਭ ਤੋਂ ਵੱਧ ਉੱਨਤ ਚੇਤਨਾ ਵਾਲ਼ੇ, ਸਭ ਤੋਂ ਪ੍ਰਬੁੱਧ, ਸਭ ਤੋਂ ਰੈਡੀਕਲ ਤੱਤ ਹਨ, ਉਹ ਨਾ ਸਿਰਫ਼ ਮਜ਼ਦੂਰ ਇਨਕਲਾਬ ਦੇ ਵਿਗਿਆਨ ਨੂੰ ਆਤਮਸਾਤ ਕਰਨ ਸਗੋਂ ਵਿਆਪਕ ਕਿਰਤੀ ਅਬਾਦੀ ਵਿੱਚ ਜਾਣ, ਉਹਨਾਂ ਨਾਲ਼ ਘੁਲ਼-ਮਿਲ਼ਕੇ ਆਪਣਾ ਮਜ਼ਦੂਰ-ਜਮਾਤੀਕਰਨ ਕਰਨ, ਉਤਪਾਦਕ ਸਰਗਰਮੀ ਨਾਲ਼ ਜੁੜਨ ਅਤੇ ਫਿਰ ਕਿਰਤੀਆਂ ਨੂੰ ਜਗਾਉਣ ਅਤੇ ਜੱਥੇਬੰਦ ਕਰਨ ਦੇ ਕੰਮ ਵਿੱਚ ਲੱਗ ਜਾਣ। ਇਹ ਉਮੀਦ ਅਸੀਂ ਇੱਕ ਆਮ ਅੰਦੋਲ਼ਨਕਾਰੀ ਵਿਦਿਆਰਥੀ ਤੋਂ ਨਹੀਂ ਕਰ ਸਕਦੇ। ਪਰ ਉੱਨਤ ਚੇਤੰਨਸ਼ੀਲ ਇਨਕਲਾਬੀ ਵਿਦਿਆਰਥੀ-ਨੌਜਵਾਨਾਂ ਤੋਂ ਇਹ ਉਮੀਦ ਜ਼ਰੂਰ ਕੀਤੀ ਜਾ ਸਕਦੀ ਹੈ ਅਤੇ ਜ਼ਰੂਰ ਹੀ ਕੀਤੀ ਜਾਣੀ ਚਾਹੀਦੀ ਹੈ, ਕਿਉਂ ਕਿ ਇਹ ਨਵੇਂ ਸਿਰੇ ਤੋਂ ਇਨਕਲਾਬੀ ਸ਼ੁਰੂਆਤ ਕਰਨ ਦਾ ਸਮਾਂ ਹੈ ਅਤੇ ਜਿਵੇਂ ਕਿ ਉੱਪਰ ਵਿਸਤਾਰ ਵਿੱਚ ਚਰਚਾ ਕੀਤੀ ਗਈ ਹੈ, ਅਜਿਹੇ ਦੌਰ ਵਿੱਚ ਨਿਮਨ-ਮੱਧਵਰਗ ਤੋਂ ਆ ਕੇ ਮਜ਼ਦੂਰ ਜਮਾਤ ਦੀ ਜਿੰਦਗੀ ਅਤੇ ਇਤਿਹਾਸਕ ਮਿਸ਼ਨ ਨੂੰ ਅਪਣਾਉਣ ਵਾਲ਼ੇ ਉੱਨਤ ਤੱਤਾਂ ਦੀ ਇੱਕ ਛੋਟੀ ਜਿਹੀ ਗਿਣਤੀ ਦੀ ਭੂਮਿਕਾ ਇਤਿਹਾਸਕ ਹੁੰਦੀ ਹੈ।

ਸਾਡਾ ਇਹ ਠੋਸ ਸੁਝਾਅ ਹੈ ਕਿ ਕੈਂਪਸਾਂ ਤੋਂ, ਛੁੱਟੀਆਂ ਵਿੱਚ ਅਜਿਹੇ ਵਿਦਿਆਰਥੀਆਂ ਦੀਆਂ ਟੋਲੀਆਂ ਬਣਾ ਕੇ ਮਜ਼ਦੂਰ ਬਸਤੀਆਂ ਵਿੱਚ ਜਾਣਾ ਚਾਹੀਦਾ ਹੈ। ਉੱਥੇ ਠਹਿਰ ਕੇ ਉਤਪਾਦਨ ਕੰਮਾਂ ਵਿੱਚ ਵੀ ਕੁਝ ਭਾਗ ਲੈਣਾ ਚਾਹੀਦਾ ਹੈ। ਦਿਹਾੜੀਕਰਨ-ਠੇਕਾਕਰਨ ਦੇ ਇਸ ਸਮੇਂ ਵਿੱਚ ਕੁਝ ਨਾ ਕੁਝ ਮਜ਼ਦੂਰੀ ਦਾ ਕੰਮ ਮਿਲ ਹੀ ਜਾਂਦਾ ਹੈ। ਇਸੇ ਨਾਲ਼ ਹੀ ਮਜ਼ਦੂਰਾਂ ਨੂੰ, ਮਜ਼ਦੂਰ ਔਰਤਾਂ ਨੂੰ, ਉਹਨਾਂ ਦੇ ਬੱਚਿਆਂ ਨੂੰ ਪੜ੍ਹਾਉਣ ਦਾ ਅਤੇ ਇਸੇ ਦੌਰਾਨ ਦੇਸ਼-ਦੁਨੀਆਂ-ਸਮਾਜ ਦਾ ਗਿਆਨ ਦੇਣ ਦਾ ਕੰਮ ਕਰਨਾ ਚਾਹੀਦਾ ਹੈ, ਸਿਹਤ-ਸਫ਼ਾਈ ਆਦਿ ਦੀਆਂ ਮੁਹਿੰਮਾਂ ਚਲਾਉਣੀਆਂ ਚਾਹੀਦੀਆਂ ਹਨ, ਨੌਜਵਾਨ ਮਜ਼ਦੂਰਾਂ ਅਤੇ ਮਜ਼ਦੂਰਾਂ ਦੇ ਬੱਚਿਆਂ ਨੂੰ ਖੇਡਾਂ ਅਤੇ ਸੱਭਿਆਚਾਰਕ ਕਾਰਵਾਈਆਂ ਦੌਰਾਨ ਸਿੱਖਿਅਤ ਅਤੇ ਜੱਥੇਬੰਦ ਕਰਨਾ ਚਾਹੀਦਾ ਹੈ। ਉਹਨਾਂ ਨੂੰ ਇਨਕਲਾਬੀਆਂ ਅਤੇ ਇਨਕਲਾਬਾਂ ਦੇ ਇਤਿਹਾਸ ਤੋਂ ਜਾਣੂ ਕਰਵਾਉਣਾ ਚਾਹੀਦਾ ਹੈ। ਛੁੱਟੀਆਂ ਖ਼ਤਮ ਹੋਣ ਤੋਂ ਬਾਅਦ ਵੀ, ਵਿੱਚ ਵਿੱਚ ਜਾ ਕੇ ਇਸ ਪ੍ਰਕਿਰਿਆ ਨੂੰ ਚਲਾਉਂਦੇ ਰਹਿਣਾ ਚਾਹੀਦਾ ਹੈ। ਅਜਿਹੇ ਉੱਨਤ ਇਨਕਲਾਬੀ ਚੇਤਨਾ ਵਾਲ਼ੇ ਵਿਦਿਆਰਥੀ ਹੋਸਟਲ ਅਤੇ ਕਿਰਾਏ ਦੀਆਂ ਥਾਂਵਾਂ ਨੂੰ ਛੱਡ ਕੇ ਜੇ ਮਜ਼ਦੂਰ ਬਸਤੀਆਂ ਵਿੱਚ ਰਹਿ ਸਕਣ ਤਾਂ ਹੋਰ ਵੀ ਵਧੀਆ ਹੈ। ਇਸੇ ਪ੍ਰਕਿਰਿਆ ਵਿੱਚ ਉਹਨਾਂ ਨੂੰ ਮਜ਼ਦੂਰਾਂ ਦੀ ਜਿੰਦਗੀ ਦੀ ਡੂੰਘੀ ਜਾਣਕਾਰੀ ਮਿਲੇਗੀ ਅਤੇ ਇੱਕ ਦਿਨ ਉਹਨਾਂ ਦੀ ਭੂਮਿਕਾ ਮਜ਼ਦੂਰ ਜੱਥੇਬੰਦਕ ਦੀ ਬਣਨ ਲੱਗੇਗੀ।

ਸਾਫ਼ ਹੈ ਕਿ ਇਹ ਇੱਕ ਲੰਬੀ ਪ੍ਰਕਿਰਿਆ ਹੋਵੇਗੀ, ਪਰ ਫਿਲਹਾਲ ਸ਼ੁਰੂਆਤ ਤਾਂ ਇਸੇ ਤੋਂ ਕੀਤੀ ਜਾ ਸਕਦੀ ਹੈ। ਕਿਰਤੀਆਂ ਨਾਲ਼ ਏਕਤਾ ਬਣਾਉਣ, ਸਮਾਜਿਕ ਅਲਹਿਦਗੀ ਦੀਆਂ ਕੰਧਾਂ ਨੂੰ ਡੇਗਣ ਅਤੇ ਖ਼ੁਦ ਆਪਣੇ ਅੰਦਰ ਬੈਠੀ ਮੱਧਵਰਗੀ ਅਲਹਿਦਗੀ ਤੋਂ ਪੈਦਾ ਹੋਏ ਇਕੱਲੇਪਨ ਦੇ ਸੰਤਾਪ ਅਤੇ ਆਤਮਜਲਾਵਤਨੀ ਦੀ ਘੁਟਣ ਅਤੇ ਡਿਪਰੈਸ਼ਨ ਤੋਂ ਮੁਕਤ ਹੋ ਕੇ ਆਪਣੀ ਸਿਰਜਣਾਤਮਕ ਊਰਜਾ ਦੀਆਂ ਜੰਜ਼ੀਰਾਂ ਤੋੜ ਦੇਣ ਅਤੇ ਆਪਣੇ ਆਪ ਨੂੰ ਬਹਾਦਰਾਨਾ ਸਮਾਜਿਕ ਪ੍ਰਯੋਗਾਂ ਲਈ ਤਿਆਰ ਕਰਨ ਲਈ, ਅਸੀਂ ਸਾਰੇ ਬਹਾਦਰ, ਇਨਸਾਫ਼ਪਸੰਦ, ਤਬਦੀਲੀਪਸੰਦ ਵਿਦਿਆਰਥੀ ਦੇ ਸਾਹਮਣੇ ਇਹ ਠੋਸ ਪ੍ਰਸਤਾਵ ਰੱਖ ਰਹੇ ਹਾਂ।

(ਸਫ਼ਾ 17 ਦਾ ਬਾਕੀ)

ਅਸੀਂ ਦੇਖਿਆ ਹੈ ਕਿ ਕਿਵੇਂ ਪਾਣੀ ਦੀ ਤਰ੍ਹਾਂ ਡਾਲ਼ਰ ਵਹਾ ਕੇ ਹੀ ਰਾਸ਼ਟਰਪਤੀ ਅਤੇ ਹੋਰ ਅਹੁਦੇ ਹਾਸਿਲ ਕੀਤੇ ਜਾਂਦੇ ਹਨ। ਕੋਈ ਬਦਲ ਨਾ ਹੋਣ ਕਰਕੇ ਅਮਰੀਕੀ ਲੋਕ ਕਦੇ ਇੱਕ ਅਤੇ ਕਦੇ ਦੂਜੀ ਪਾਰਟੀ ਦੀ ਪੂੰਛ ਬਣਕੇ ਰਹਿ ਗਏ ਹਨ।

ਪਰ ਇਸ ਤਰ੍ਹਾਂ ਹਮੇਸ਼ਾਂ ਹੀ ਚਲਦਾ ਰਹੇਗਾ- ਅਜਿਹਾ ਹੋਣਾ ਵੀ ਸੰਭਵ ਨਹੀਂ ਹੈ। ਅਮਰੀਕਾ ਸਮੇਤ ਸਾਰੇ ਸੰਸਾਰ ਦੇ ਹੀ ਬਿਹਤਰ ਭਵਿੱਖ ਵਿੱਚ ਅਡਿੱਗ ਵਿਸ਼ਵਾਸ ਰੱਖਣ ਵਾਲ਼ੇ ਅਤੇ ਇਸ ਦੇ ਲਈ ਸੰਘਰਸ਼ ਕਰ ਰਹੇ ਧਾਰਾ ਦੇ ਉਲ਼ਟ ਤੈਰਨ ਵਾਲ਼ੇ ਲੋਕ ਵੀ ਉੱਥੇ ਜਰੂਰ ਹੋਣਗੇ। ਰਾਜਨੀਤੀ ਸਮੇਤ ਸਮਾਜ ਦੇ ਹਰ ਖੇਤਰ ਨੂੰ ਹੀ ਪੂੰਜੀ ਦੇ ਸਿਕੰਜ਼ੇ ਤੋਂ ਮੁਕਤ ਕਰਵਾਉਣ ਲਈ ਜੂਝ ਰਹੀ ਵਿਸ਼ਵ ਵਿਆਪੀ ਲਹਿਰ ਅੱਜ ਭਾਂਵੇ ਵਿਸ਼ਾਲ ਹਨੇਰੇ ਸੰਘਣ ਜੰਗਲ ਵਿੱਚ ਨਿੱਕੇ ਦੀਵੇ ਦੀ ਤਰਾਂ ਹੀ ਹੈ ਪਰ ਇੱਕ ਰੋਸ਼ਨੀ ਦੀ ਕਿਰਨ ਤਾਂ ਦੇ ਹੀ ਰਹੀ ਹੈ। ਅਮਰੀਕੀ ਕਿਰਤੀ ਲੋਕ ਇਸ ਰੋਸ਼ਨੀ ਦੀ ਕਿਰਨ ਦਾ ਸਹਾਰਾ ਲੈ ਜ਼ਰੂਰ ਹੀ ਕੋਈ ਰਾਹ ਤਰਾਸ਼ਣਗੇ।

ਸਿੱਖਿਆ ਜਗਤ

ਕੌਮੀ ਗਿਆਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ
ਦੇਸੀ-ਵਿਦੇਸ਼ੀ ਪੂੰਜੀ ਦੀ ਸੇਵਾ ਵਿੱਚ ਮੈਕਾਲੇ ਪੁੱਤਰਾਂ ਦੀ ਕਵਾਇਦ

—ਅਰਵਿੰਦ

ਭਾਰਤ ਵਿੱਚ ਬਸਤੀਵਾਦੀ ਸਿੱਖਿਆ ਦੀ ਬੁਨਿਆਦ ਰੱਖਦੇ ਹੋਏ ਲਾਰਡ ਮੈਕਾਲੇ ਨੇ ਪੂਰੀ ਢੀਠਤਾਈ ਨਾਲ਼ ਕਿਹਾ ਸੀ— "ਸਾਡੀ ਇਸ ਸਿੱਖਿਆ ਦੁਆਰਾ ਇੱਕ ਇਸ ਤਰਾਂ ਦੇ ਵਰਗ ਦੀ ਸ਼੍ਰਿਸਟੀ ਹੋਵੇਗੀ ਜਿਹੜਾ ਖ਼ੂਨ ਅਤੇ ਰੰਗ ਵਿੱਚ ਭਾਰਤੀ ਹੋਵੇਗਾ ਪਰ ਪਸੰਦ, ਵਿਚਾਰ, ਆਚਰਣ ਅਤੇ ਵਿਦਵਤਾ ਵਿੱਚ ਅੰਗਰੇਜ਼ ਹੋਵੇਗਾ।" ਮੈਕਾਲੇ ਦਾ ਇਹ ਦਾਅਵਾ ਗਲਤ ਵੀ ਨਹੀਂ ਸੀ। ਜਦੋਂ ਤੱਕ ਦੇਸ਼ ਵਿੱਚ ਅੰਗਰੇਜ਼ੀ ਹਕੂਮਤ ਕਾਇਮ ਰਹੀ ਨਵੀਂ ਪੀੜ੍ਹੀ ਮੈਕਾਲੇ ਦੇ ਸਿੱਖਿਆ ਢਾਂਚੇ ਦੇ ਸੰਸਕਾਰਾਂ ਮੁਤਾਬਕ ਸਿੱਖਿਅਤ ਹੁੰਦੀ ਰਹੀ। ਅੰਗਰੇਜ਼ੀਅਤ ਦੀ ਮਾਨਸਿਕਤਾ ਵਾਲ਼ੇ ਕਲਰਕ, ਵਕੀਲ, ਛੋਟੇ-ਮੋਟੇ ਅਫ਼ਸਰ ਅਤੇ ਤਕਨੀਸ਼ੀਅਨ ਇਸ ਸਿੱਖਿਆ-ਢਾਂਚੇ ਦੁਆਰਾ ਘੜੇ ਜਾਂਦੇ ਰਹੇ ਜਿਹੜੇ ਬਸਤੀਵਾਦੀ ਸੱਤਾ ਅਤੇ ਸਮਾਜੀ-ਪ੍ਰਬੰਧ ਦੇ ਲਾਭਦਾਇਕ ਪੁਰਜ਼ੇ ਸਾਬਿਤ ਹੁੰਦੇ ਰਹੇ। ਪਰ 1947 ਵਿੱਚ ਸਿਆਸੀ ਅਜ਼ਾਦੀ ਪ੍ਰਾਪਤ ਹੋਣ ਦੇ ਬਾਅਦ ਵੀ ਦੇਸੀ ਹਾਕਮਾਂ ਨੇ ਸਿੱਖਿਆ ਦਾ ਜੋ ਢਾਂਚਾ ਤਿਆਰ ਕੀਤਾ ਉਸ ਵਿੱਚ ਲਾਰਡ ਮੈਕਾਲੇ ਦੀ ਆਤਮਾ ਰਚੀ ਵੱਸੀ ਸੀ ਜਿਸਦਾ ਇੱਕੋ-ਇੱਕ ਉਦੇਸ਼ ਦੇਸੀ ਪੂੰਜੀਵਾਦੀ ਢਾਂਚੇ ਲਈ ਕਾਰਗਰ ਪੁਰਜ਼ੇ ਤਿਆਰ ਕਰਨਾ ਹੀ ਸੀ। ਪਿਛਲੇ ਸੱਠ ਸਾਲਾਂ ਵਿੱਚ ਸਮੇਂ-ਸਮੇਂ 'ਤੇ ਬਣੇ ਅਨੇਕ ਸਿੱਖਿਆ ਕਮਿਸ਼ਨਾਂ ਦੀ ਤਰਜ਼ 'ਤੇ ਬਣਿਆ ਕੌਮੀ ਗਿਆਨ ਕਮਿਸ਼ਨ ਵੀ ਮੈਕਾਲੇ ਦੀ ਵਿਰਾਸਤ ਨੂੰ ਅੱਗੇ ਵਧਾਉਂਦਾ ਹੋਇਆ ਵਿਸ਼ਵੀਕਰਨ ਦੇ ਦੌਰ ਵਿੱਚ ਹਾਕਮ ਜਮਾਤਾਂ ਦੀਆਂ ਨਵੀਆਂ ਜ਼ਰੂਰਤਾਂ ਦੀ ਪਹਿਚਾਣ ਕਰ ਰਿਹਾ ਹੈ ਅਤੇ ਉਸਦੇ ਅਨੁਰੂਪ ਸਿੱਖਿਆ ਦੇ ਢਾਂਚੇ ਵਿੱਚ ਬਦਲਾਵਾਂ ਦੀਆਂ ਸਿਫ਼ਾਰਸ਼ਾਂ ਕਰ ਰਿਹਾ ਹੈ।

ਕੌਮੀ ਗਿਆਨ ਕਮਿਸ਼ਨ ਦਾ ਗਠਨ ਕੇਂਦਰ ਸਰਕਾਰ ਦੁਆਰਾ ਬੀਤੇ ਜੂਨ 2005 ਵਿੱਚ ਕੀਤਾ ਗਿਆ ਸੀ। ਸੈਮ ਪਿਤਰੋਦਾ ਦੀ ਪ੍ਰਧਾਨਗੀ ਵਿੱਚ ਬਣੇ ਇਸ ਕਮਿਸ਼ਨ ਦੇ ਹੋਰ ਮੈਂਬਰ ਨਿਯੁਕਤ ਕੀਤੇ ਗਏ ਸਨ- ਪੀ. ਐਮ ਭਾਰਗਵ (ਉਪ-ਪ੍ਰਧਾਨ) ਅਸ਼ੋਕ ਗਾਂਗੁਲੀ, ਜੈਤੀ ਘੋਸ਼, ਦੀਪਕ ਨੈਯਰ ਨੰਦਨ ਨਿਲਕੇਨੀ, ਪ੍ਰਤਾਪ ਭਾਨੂ ਮਿਹਤਾ ਅਤੇ ਆਂਦਰੇ ਬੇਤੇਲ। ਇਹਨਾਂ ਵਿੱਚੋਂ ਪ੍ਰਤਾਪ ਭਾਨੂ ਮਿਹਤਾ ਅਤੇ ਆਂਦਰੇ ਬੇਤੇਲ ਉੱਚ ਸਿੱਖਿਅਕ ਸੰਸਥਾਵਾਂ ਵਿੱਚ ਪਿਛੜੇ ਵਰਗਾਂ ਦੇ ਲਈ ਰਾਖਵਾਂਕਰਨ ਲਾਗੂ ਕਰਨ ਦੇ ਕੇਂਦਰ ਸਰਕਾਰ ਦੇ ਫੈਸਲੇ ਦੇ ਵਿਰੋਧ ਵਿੱਚ ਅਸਤੀਫ਼ਾ ਦੇ ਚੁੱਕੇ ਹਨ। ਉਪ-ਪ੍ਰਧਾਨ ਪੀ. ਐੱਮ. ਭਾਰਗਵ ਵੀ ਕਮਿਸ਼ਨ ਦੇ ਪ੍ਰਧਾਨ ਸੈਮ ਪਿਤਰੋਦਾ ਦੇ ਤਾਨਾਸ਼ਾਹ ਰਵੱਈਏ ਦੇ ਖ਼ਿਲਾਫ ਪ੍ਰਧਾਨ ਮੰਤਰੀ ਕੋਲ਼ ਸ਼ਿਕਾਇਤ ਕਰ ਚੁੱਕੇ ਹਨ। ਖੈਰ ਇਸ ਕਮਿਸ਼ਨ ਨੇ ਤਿੰਨ ਸਾਲਾਂ ਵਿੱਚ ਆਪਣੀ ਰਿਪੋਰਟ ਪੇਸ਼ ਕਰਨੀ ਹੈ ਜਿਸਦੇ ਦਾਇਰੇ ਵਿੱਚ ਪ੍ਰਾਇਮਰੀ, ਮਿਡਲ ਅਤੇ ਉੱਚ ਸਿੱਖਿਆ, ਤਿੰਨੇ ਖੇਤਰ ਸ਼ਾਮਿਲ ਹਨ। ਕਮਿਸ਼ਨ ਨੇ ਬੀਤੇ ਜਨਵਰੀ ਮਹੀਨੇ ਵਿੱਚ ਆਪਣੀ ਜੋ ਅੱਧ-ਪਚੱਧੀ ਰਿਪੋਰਟ ਸਰਕਾਰ ਨੂੰ ਸੌਂਪੀ ਹੈ ਉਹ ਮੁੱਖ ਰੂਪ ਵਿੱਚ ਉੱਚ ਸਿੱਖਿਆ 'ਤੇ ਕੇਂਦਰਿਤ ਹੈ। ਰਿਪੋਰਟ ਵਿੱਚ ਜੋ ਸਿਫ਼ਾਰਸ਼ਾਂ ਕੀਤੀਆਂ ਗਈਆਂ ਹਨ ਉਸਦੇ ਪਿੱਛੇ ਮੂਲ ਚਿੰਤਾ ਸਿਰਫ਼ ਇਹੀ ਨਜ਼ਰ ਆਉਂਦੀ ਹੈ ਕਿ ਉੱਚ ਸਿੱਖਿਆ ਦੇ ਮੌਜੂਦਾ ਢਾਂਚੇ ਨੂੰ ਵਿਸ਼ਵੀਕਰਨ ਦੇ ਮੌਜੂਦਾ ਦੌਰ ਵਿੱਚ ਦੇਸ਼ੀ-ਵਿਦੇਸ਼ੀ ਪੂੰਜੀ ਦੀਆਂ ਨਵੀਆਂ ਜ਼ਰੂਰਤਾਂ ਦੇ ਅਨੁਰੂਪ ਕਿਵੇਂ ਢਾਲ਼ਿਆ ਜਾਵੇ।

ਜਿਵੇਂ ਦੀ ਔਕਾਤ, ਉਵੇਂ ਦੀ ਸਿੱਖਿਆ

ਦੋ ਸ਼ਬਦਾਂ ਵਿੱਚ ਕਹੀਏ ਤਾਂ ਗਿਆਨ ਕਮਿਸ਼ਨ ਦੀਆਂ ਉੱਚ ਸਿੱਖਿਆ ਸੰਬੰਧੀ ਸਿਫ਼ਾਰਸ਼ਾਂ ਦੀ ਮੂਲ ਭਾਵਨਾ ਇਹ ਹੈ ਕਿ ਉਸਨੂੰ ਪੂਰੀ ਤਰ੍ਹਾਂ ਮੰਡੀ ਦੀਆਂ ਤਾਕਤਾਂ ਲਈ ਖੁੱਲ੍ਹੀ ਖੇਡ ਦਾ ਮੈਦਾਨ ਬਣਾ ਦਿੱਤਾ ਜਾਵੇ। ਜਿਵੇਂ ਕਿ ਦੇਸ਼ ਵਿੱਚ ਬਣੇ ਹਰ ਸਰਕਾਰੀ ਕਮਿਸ਼ਨ ਨਾਲ਼ ਹੁੰਦਾ ਹੈ ਕਿ ਸਮੱਸਿਆਵਾਂ ਅਤੇ ਸਥਿਤੀਆਂ ਦੇ ਇੱਕ ਹੱਦ ਤੱਕ ਬਾਹਰਮੁਖੀ ਚਿਤਰਣ ਤੋਂ ਬਾਅਦ ਜਦੋਂ ਸਿਫਾਰਸ਼ਾਂ ਦੀ ਗੱਲ ਆਉਂਦੀ ਹੈ ਤਾਂ ਇਸ ਚਿਤਰਣ ਨਾਲ਼ ਉਸਦਾ ਕੋਈ ਮੇਲ ਨਹੀਂ ਬੈਠਦਾ।

ਕਮਿਸ਼ਨ ਨੇ ਉੱਚ ਸਿੱਖਿਆ ਵਿੱਚ ਸੁਧਾਰਾਂ ਦੇ ਮੌਜੂਦਾ ਦੌਰ ਦੇ ਲਈ ਤਿੰਨ ਟੀਚੇ ਨਿਰਧਾਰਿਤ ਕੀਤੇ- "ਵਿਸਤਾਰ, ਗੁਣਵੱਤਾ ਅਤੇ ਸਮੋਣਾ।" ਕਮਿਸ਼ਨ ਇਸ 'ਤੇ ਚਿੰਤਾ ਜ਼ਾਹਿਰ ਕਰਦਾ ਹੈ ਕਿ ਦੇਸ਼ ਵਿੱਚ ਹਾਲੇ 18-24 ਉਮਰ ਵਰਗ ਦੇ ਕੇਵਲ ਸੱਤ ਪ੍ਰਤਿਸ਼ਤ ਨੌਜਵਾਨ ਹੀ ਉੱਚ ਸਿੱਖਿਆ ਦੀ ਦਹਿਲੀਜ਼ ਤੱਕ ਪਹੁੰਚ ਪਾਉਂਦੇ ਹਨ ਜੋ ਕਿ ਏਸ਼ੀਆ ਦੇ ਔਸਤ 15 ਪ੍ਰਤੀਸ਼ਤ ਦਾ ਅੱਧਾ ਹੈ। ਯੂਰਪ, ਅਮਰੀਕਾ ਅਤੇ ਜਾਪਾਨ ਵਿੱਚ ਇਹ ਔਸਤ 25 ਪ੍ਰਤਿਸ਼ਤ ਹੈ। ਇਸ ਸਥਿਤੀ ਨੂੰ ਦੂਰ ਕਰਨ ਲਈ ਕਮਿਸ਼ਨ ਸਿਫ਼ਾਰਿਸ਼ ਕਰਦਾ ਹੈ ਕਿ ਅਗਲੇ ਅੱਠ ਸਾਲਾਂ ਵਿੱਚ ਦੇਸ਼ ਵਿੱਚ ਯੂਨੀਵਰਸਿਟੀਆਂ ਦੀ ਸੰਖਿਆ ਵਧਾਕੇ 1500 ਕਰ ਦੇਣੀ ਚਾਹੀਦੀ ਹੈ। ਦੇਸ਼ ਵਿੱਚ ਇਸ ਸਮੇਂ ਕੁੱਲ 367 ਯੂਨੀਵਰਸਿਟੀਆਂ ਹਨ। ਇਹਨਾਂ ਵਿੱਚੋਂ 100 ਨਿੱਜੀ ਖੇਤਰ 'ਚ ਹਨ। ਇਸੇ ਤਰ੍ਹਾਂ ਦੇਸ਼ ਵਿੱਚ ਫਿਲਹਾਲ ਮੌਜੂਦ ਕੁੱਲ 17,700 ਕਾਲਜਾਂ ਵਿੱਚ ਸਿਰਫ਼ 4,300 ਸਰਕਾਰ ਦੁਆਰਾ ਚਲਾਏ ਜਾਂਦੇ ਹਨ, ਬਾਕੀ 5750 ਰਾਜ ਦੁਆਰਾ ਸਹਾਇਤਾ ਪ੍ਰਾਪਤ ਨਿੱਜੀ ਕਾਲਜ ਹਨ। ਹੋਰ 7,650 ਨਿੱਜੀ ਕਾਲਜ ਇਵੇਂ ਦੇ ਹਨ ਜਿਹਨਾਂ ਨੂੰ ਸਰਕਾਰੀ ਸਹਾਇਤਾ ਨਹੀਂ ਮਿਲਦੀ। ਅਗਲੇ ਅੱਠ ਸਾਲਾਂ ਵਿੱਚ 1500 ਯੂਨੀਵਰਸਿਟੀਆਂ ਖੋਹਲਣ ਦਾ ਟੀਚਾ ਹਾਸਿਲ ਕਰਨ ਲਈ

ਕਮਿਸ਼ਨ ਨੇ ਰਾਜ ਨੂੰ ਕੋਈ ਜ਼ਿੰਮੇਵਾਰੀ ਨਹੀਂ ਸੌਂਪੀ ਹੈ। ਸਿਰਫ ਇਹ ਸਿਫਾਰਿਸ਼ ਕੀਤੀ ਗਈ ਹੈ ਕਿ ਸਰਕਾਰ ਉੱਚ ਸਿੱਖਿਆ 'ਤੇ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਦਾ 1.5 ਪ੍ਰਤਿਸ਼ਤ ਖ਼ਰਚ ਕਰੇ। ਜ਼ਾਹਿਰ ਹੈ ਕਿ ਭਾਰੀ ਸੰਖਿਆ ਵਿੱਚ ਨਿੱਜੀ ਯੁਨੀਵਰਸਿਟੀਆਂ ਖੋਹਲਣ ਲਈ ਕਮਿਸ਼ਨ ਨੇ ਰਾਹ ਸਾਫ਼ ਕਰ ਦਿੱਤਾ ਹੈ। 'ਵਿਸਤਾਰ' ਦਾ ਟੀਚਾ ਇਸ ਪ੍ਰਕਾਰ ਪੂਰਾ ਹੋਵੇਗਾ ਅਤੇ "ਗੁਣਵੱਤਾ" ਦਾ ਟੀਚਾ ? ਇਸਦੇ ਲਈ ਇੱਕ ਪਾਸੇ ਕਮਿਸ਼ਨ ਨੇ ਗੁਣਵੱਤਾ ਦਾ ਉਦਾਹਰਣ ਪੇਸ਼ ਕਰਨ ਵਾਲ਼ੀਆਂ 50 ਕੌਮੀ ਯੁਨੀਵਰਸਿਟੀਆਂ ਖੋਹਲਣ ਦਾ ਸੁਝਾਅ ਦਿੱਤਾ ਹੈ ਦੂਸਰੇ ਪਾਸੇ ਵਿਦੇਸ਼ੀ ਸੰਸਥਾਵਾਂ ਨੂੰ ਸੱਦਾ ਭੇਜਣ ਦੀ ਸਿਫਾਰਿਸ਼ ਕੀਤੀ ਹੈ। ਕਮਿਸ਼ਨ ਨੇ ਇਸਦੇ ਪਿੱਛੇ ਇਹ ਪੁਰਾਣਾ ਬਜ਼ਾਰੂ ਤਰਕ ਦਿੱਤਾ ਹੈ ਕਿ ਵਿਦੇਸ਼ੀ ਸੰਸਥਾਵਾਂ ਨਾਲ਼ ਮੁਕਾਬਲੇ ਵਿੱਚ ਹੋਰ ਭਾਰਤੀ ਸੰਸਥਾਵਾਂ ਦੀ ਗੁਣਵੱਤਾ ਵੀ ਵਧੇਗੀ।

ਕਮਿਸ਼ਨ ਦੀਆਂ ਸਾਰੀਆਂ ਸਿਫਾਰਿਸ਼ਾਂ ਦੇ ਪਿੱਛੇ ਅਸਲੀ ਮਕਸਦ ਸਾਫ਼-ਸਾਫ਼ ਉਦੋਂ ਉਜਾਗਰ ਹੁੰਦਾ ਹੈ ਜਦੋਂ ਉਹ ਇਹ ਸਿਫਾਰਿਸ਼ ਕਰਦਾ ਹੈ ਕਿ ਕਿਸੇ ਯੁਨੀਵਰਸਿਟੀ ਦੇ ਸੰਚਾਲਨ ਦੇ ਕੁੱਲ ਖਰਚ ਦਾ ਵੀਹ ਪ੍ਰਤਿਸ਼ਤ ਫੀਸ ਦੇ ਰੂਪ ਵਿੱਚ ਵਿਦਿਆਰਥੀਆਂ ਤੋਂ ਵਸੂਲ ਕੀਤਾ ਜਾਣਾ ਚਾਹੀਦਾ ਹੈ। ਇੰਨਾ ਹੀ ਨਹੀਂ, ਕਮਿਸ਼ਨ ਦੀ ਸਿਫਾਰਿਸ਼ ਇਹ ਵੀ ਹੈ ਕਿ ਹਰ ਦੋ ਸਾਲਾਂ ਵਿੱਚ ਫੀਸਾਂ ਵਧਾਈਆਂ ਜਾਣੀਆਂ ਚਾਹੀਦੀਆਂ ਹਨ ਅਤੇ ਇਸਦਾ ਅਧਾਰ ਕੀਮਤ ਸੂਚਕ ਅੰਕ ਬਣਾਇਆ ਜਾਣਾ ਚਾਹੀਦਾ ਹੈ। ਇਹ ਸਿਫਾਰਸ਼ਾਂ ਕਰਦੇ ਸਮੇਂ ਕਮਿਸ਼ਨ ਨੇ "ਸਮੋਣ" ਦੇ ਟੀਚੇ ਨੂੰ ਪੂਰੀ ਅੱਖਾਂ ਤੋਂ ਓਹਲੇ ਕਰ ਦਿੱਤਾ।

ਸਪੱਸ਼ਟ ਹੈ ਕਿ ਕਮਿਸ਼ਨ ਜਦੋਂ ਉੱਚ ਸਿੱਖਿਆ ਦੇ "ਵਿਸਤਾਰ" ਦੀ ਗੱਲ ਕਰਦਾ ਹੈ ਤਾਂ ਇਸਦੇ ਪਿੱਛੇ 18-24 ਸਾਲ ਉਮਰ ਵਰਗ ਦੇ ਸਾਰੇ ਨੌਜਵਾਨਾਂ ਨੂੰ ਉੱਚ ਗੁਣਵੱਤਾ ਵਾਲ਼ੀ ਉੱਚ ਸਿੱਖਿਆ ਉਪਲੱਬਧ ਕਰਾਉਣ ਦਾ ਟੀਚਾ ਬਿਲਕੁਲ ਨਹੀਂ ਹੈ। ਉੱਚ ਗੁਣਵੱਤਾ ਵਾਲੀ ਉੱਚ ਸਿੱਖਿਆ ਤਾਂ ਕੇਵਲ ਉਹਨਾਂ ਨੌਜਵਾਨਾਂ ਨੂੰ ਨਸੀਬ ਹੋਵੇਗੀ ਜੋ ਚਾਂਦੀ ਦਾ ਚਮਚਾ ਮੂੰਹ ਵਿੱਚ ਲੈਕੇ ਪੈਦਾ ਹੋਏ ਹਨ। ਇਸ ਦਾਇਰੇ ਵਿੱਚ ਕੇਵਲ ਸ਼ਹਿਰਾਂ ਅਤੇ ਪਿੰਡਾਂ ਦੇ ਖੁਸ਼ਹਾਲ ਮੱਧਵਰਗ ਤੱਕ ਦੇ ਨੌਜਵਾਨ ਹੀ "ਸਮੋ" ਸਕਣਗੇ। ਬਾਕੀ ਨਿਮਨ ਮੱਧਵਰਗ ਦੇ ਨੌਜਵਾਨ ਜਿਹੜੇ ਇਹਨਾਂ ਉੱਚ ਗੁਣਵੱਤਾ ਵਾਲੀਆਂ ਸੰਸਥਾਵਾਂ ਵਿੱਚ ਦਾਖਲਾ ਨਹੀਂ ਲੈ ਸਕਣਗੇ ਉਹਨਾਂ ਲਈ ਪਿੰਡਾ-ਕਸਬਿਆਂ ਵਿੱਚ ਖੁੰਭਾ ਦੀ ਤਰ੍ਹਾਂ ਨਿੱਜੀ ਕਾਲਜ ਹਨ ਹੀ ਜਿਹਨਾਂ ਦੇ ਵਿਸਤਾਰ ਲਈ ਗਿਆਨ ਕਮਿਸ਼ਨ ਨੇ ਹਰੀ ਝੰਡੀ ਦੇ ਦਿੱਤੀ ਹੈ। ਦਰਅਸਲ ਨਿਮਨ ਮੱਧਵਰਗ ਦੇ ਨੌਜਵਾਨਾਂ ਵਿੱਚ ਉੱਚ ਸਿੱਖਿਆ ਪ੍ਰਾਪਤ ਕਰਨ ਦੀ ਜੋ ਇੱਛਾ ਪੈਦਾ ਹੋਈ ਹੈ ਉਸਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰਨਾ ਹਾਕਮਾਂ ਨੂੰ ਮਹਿੰਗਾ ਪੈ ਸਕਦਾ ਹੈ। ਇਸ ਲਈ ਉਹਨਾਂ ਨੂੰ ਉੱਚ ਸਿੱਖਿਆ ਦੇ ਨਾਮ 'ਤੇ ਦੂਜੇ ਦਰਜੇ ਦੀ ਸਿੱਖਿਆ ਦਾ ਲੌਲੀਪੌਪ ਫੜਾਇਆ ਗਿਆ ਹੈ। 1986 ਵਿੱਚ ਐਲਾਨੀ ਨਵੀਂ ਸਿੱਖਿਆ ਨੀਤੀ ਦੁਆਰਾ ਇੰਦਰਾ ਗਾਂਧੀ ਨੈਸ਼ਨਲ ਓਪਨ ਯੁਨੀਵਰਸਿਟੀ ਦੀ ਸਥਾਪਨਾ ਅਤੇ ਅਨੇਕ ਪੱਤਰ-ਵਿਵਹਾਰੀ ਕੋਰਸਾਂ ਦੁਆਰਾ ਆਮ ਘਰਾਂ ਦੇ ਨੌਜਵਾਨਾਂ ਲਈ ਇਸ ਤਰ੍ਹਾਂ ਦੇ ਲੌਲੀਪੌਪ ਦੀ ਸ਼ੁਰੂਆਤ ਕੀਤੀ ਗਈ ਸੀ। ਕੌਮੀ ਗਿਆਨ ਕਮਿਸ਼ਨ ਨੇ ਉਸੇ ਸਿਲਸਿਲੇ ਨੂੰ ਨਵਾਂ ਰੂਪ ਦਿੱਤਾ ਹੈ। ਵਿਸ਼ਵੀਕਰਨ ਦੇ ਦੌਰ ਵਿੱਚ ਸਿੱਖਿਆ ਖੇਤਰ ਦਾ ਪੂੰਜੀ ਨਿਵੇਸ਼ ਦੇ ਨਵੇਂ ਸੰਭਾਵਨਾਸੰਪੰਨ ਖੇਤਰ ਦੇ ਰੂਪ ਵਿੱਚ ਵਿਕਾਸ ਹੋਇਆ ਹੈ। ਦੇਸੀ ਅਤੇ ਵਿਦੇਸ਼ੀ ਦੋਵੇਂ ਨਿਵੇਸ਼ਕ ਸਿੱਖਿਆ ਖੇਤਰ ਵਿੱਚ ਭਾਰੀ ਨਿਵੇਸ਼ ਕਰ ਰਹੇ ਹਨ ਅਤੇ ਮੁਨਾਫ਼ਾ ਕਮਾ ਰਹੇ ਹਨ। ਉੱਚ ਸਿੱਖਿਆ ਦੇ ਇਹਨਾਂ 'ਡਿਪਾਰਟਮੈਂਟਲ ਸਟੋਰਾਂ' ਵਿੱਚ ਅਲੱਗ-ਅਲੱਗ ਕਵਾਲਿਟੀ ਦੇ ਮਾਲ ਵਿਕਣਗੇ, ਜਿਸਦੀ ਜੋ ਔਕਾਤ ਹੋਵੇ ਉਹ ਉਸੇ ਤਰ੍ਹਾਂ ਦਾ ਮਾਲ ਖਰੀਦ ਲਵੇ।

ਨਿਚੋੜ ਇਹ ਕਿ ਉੱਚ ਸਿੱਖਿਆ ਦੇ ਖੇਤਰ ਵਿੱਚ ਪਹਿਲਾਂ ਤੋਂ ਚਲਦੀ ਆ ਰਹੀ ਜਮਾਤੀ ਵੰਡ ਨੂੰ ਕੌਮੀ ਗਿਆਨ ਕਮਿਸ਼ਨ ਨੇ ਹੋਰ ਮੁਕੰਮਲ ਬਣਾ ਦਿੱਤਾ ਹੈ। ਕੁੱਝ ਚੁਣੀਆਂ ਹੋਈਆਂ ਉੱਚ ਸਿੱਖਿਆ ਸੰਸਥਾਵਾਂ ਅਮੀਰ ਵਰਗ ਦੇ ਚੁਣੇ ਹੋਏ ਨੌਜਵਾਨਾਂ ਨੂੰ "ਉੱਚ ਗੁਣਵੱਤਾ" ਵਾਲ਼ੀ ਸਿੱਖਿਆ ਦੇਣਗੀਆਂ। ਇਹਨਾਂ ਨੌਜਵਾਨਾਂ ਲਈ ਹੀ ਉੱਚੀਆਂ ਤਨਖਾਹਾਂ ਵਾਲ਼ੀਆਂ ਨੌਕਰੀਆਂ ਸੁੱਰਖਿਅਤ ਹੋਣਗੀਆਂ। ਬਾਕੀ ਸਿੱਖਿਆ ਸੰਸਥਾਵਾਂ ਵਿੱਚ ਦੂਸਰੇ-ਤੀਸਰੇ ਦਰਜੇ ਦੀ ਉੱਚ ਸਿੱਖਿਆ ਹਾਸਲ ਕਰਨ ਵਾਲ਼ੇ ਨੌਜਵਾਨ ਇੱਕ ਅੱਧੀ ਕੰਮਚਲਾਊ ਨੌਕਰੀ ਹਾਸਲ ਕਰਨ ਲਈ ਖੁੱਲ੍ਹੇ ਆਸਮਾਨ ਦੇ ਹੇਠਾਂ ਚੱਪਲਾਂ ਘਸਾਉਣ ਲਈ ਅਜ਼ਾਦ ਹੋਣਗੇ।

ਅਕਾਦਮਿਕ ਆਟੋਨੋਮੀ (ਖੁਦ-ਮੁਖਤਿਆਰੀ) 'ਤੇ ਹਮਲਾ ਅਤੇ ਬਚੇ-ਖੁਚੇ ਜਮਹੂਰੀ ਸਪੇਸ 'ਤੇ ਸ਼ਿਕੰਜਾ

ਕੌਮੀ ਗਿਆਨ ਕਮਿਸ਼ਨ ਨੇ ਉੱਚ ਸਿੱਖਿਆ ਦੇ ਖੇਤਰ ਵਿੱਚ ਹੁਣ ਤੱਕ ਬਚੇ-ਖੁਚੇ ਪੂੰਜੀਵਾਦੀ ਆਦਰਸ਼, ਸੀਮਿਤ ਅਕਾਦਮਿਕ ਆਟੋਨੋਮੀ ਅਤੇ ਬਚੇ-ਖੁਚੇ ਜਮਹੂਰੀ ਸਪੇਸ ਦਾ ਗਲਾ ਘੁੱਟ ਦੇਣ ਦੀਆਂ ਸਿਫਾਰਿਸ਼ਾਂ ਕੀਤੀਆਂ ਹਨ। ਕਮਿਸ਼ਨ ਦੀ ਨਜ਼ਰ ਵਿੱਚ ਉੱਚ ਸਿੱਖਿਆ ਦਾ ਮੌਜੂਦਾ ਢਾਂਚਾ "ਅਤਿ-ਰੈਗੂਲੇਟਡ" ਪਰ "ਅਲਪ ਸ਼ਾਸਿਤ" ਹੈ। ਹੁਣ ਉਹਨੇ "ਅਲਪ ਸ਼ਾਸਿਤ" ਸਥਿਤੀ ਨੂੰ ਬਦਲਕੇ "ਅਤਿ ਸ਼ਾਸਿਤ" ਸਥਿਤੀ ਵਿੱਚ ਪਹੁੰਚਾ ਦੇਣ ਦੇ ਲਈ "ਇੰਡੀਪੈਨਡੈਂਟ ਰੈਗੂਲੈਰਟੀ ਅਥਾਰਿਟੀ ਫਾਰ ਹਾਇਰ ਐਜੂਕੇਸ਼ਨ" (ਆਈ. ਆਰ. ਏ. ਐੱਚ. ਈ.) ਦੀ ਸਥਾਪਨਾ ਕਰਨ ਦਾ ਸੁਝਾਅ ਦਿੱਤਾ ਹੈ। ਕਮਿਸ਼ਨ ਦੀ ਇਸ ਸਿਫਾਰਿਸ਼ ਦੇ ਅਨੁਸਾਰ ਜੋ ਕਾਰਜ ਅਤੇ ਸ਼ਕਤੀਆਂ ਇਸ ਸਮੇਂ ਯੁਨੀਵਰਸਿਟੀ ਗਰਾਂਟਸ ਕਮਿਸ਼ਨ, ਏ. ਆਈ. ਸੀ. ਟੀ., ਐੱਮ. ਆਈ. ਸੀ., ਬੀ. ਸੀ. ਆਈ. ਆਦਿ ਸੰਸਥਾਵਾਂ ਦੇ ਕੋਲ ਹਨ ਉਹਨਾਂ ਨੂੰ ਆਈ. ਆਰ. ਏ. ਐੱਚ. ਈ. ਨੂੰ ਸੌਂਪ ਦਿੱਤਾ ਜਾਵੇਗਾ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਅੰਡਰਗਰੈਜੁਏਟ ਕਾਲਜਾਂ ਦਾ ਪਾਠਕ੍ਰਮ ਬਣਾਉਣ ਅਤੇ ਪ੍ਰੀਖਿਆਵਾਂ ਨਿਯੋਜਿਤ ਕਰਨ ਲਈ 'ਸੈਂਟਰਲ ਬੋਰਡ ਆਫ਼ ਅੰਡਰਗਰੈਜੁਏਟ ਐਜੂਕੇਸ਼ਨ' ਬਣਾਇਆ ਜਾਵੇ ਅਤੇ ਨਾਲ਼ ਹੀ ਹਰ ਰਾਜ ਵਿੱਚ 'ਸਟੇਟ ਬੋਰਡ ਆਫ਼ ਅੰਡਰਗਰੈਜੁਏਟ ਐਜੂਕੇਸ਼ਨ' ਬਣਾਇਆ ਜਾਵੇ ਜੋ ਕਾਲਜਾਂ ਨੂੰ ਸਮਬੱਧ ਵੀ ਕਰਨਗੇ।

ਕੌਮੀ ਗਿਆਨ ਕਮਿਸ਼ਨ ਦੀਆਂ ਇਹਨਾਂ ਸਿਫ਼ਾਰਿਸ਼ਾਂ

'ਤੇ ਦਿੱਲੀ ਯੂਨੀਵਰਸਿਟੀ ਅਧਿਆਪਕ ਸੰਘ (ਡੂਟਾ) ਦੇ ਸਾਬਕਾ ਪ੍ਰਧਾਨ ਅਤੇ ਅਕੈਡੇਮਿਕਸ ਫ਼ਾਰ ਐਕਸ਼ਨ ਐਂਡ ਡਿਵੈਲਪਮੈਂਟ ਦੇ ਪ੍ਰਧਾਨ ਡਾ. ਐੱਮ. ਐੱਮ. ਰਾਠੀ ਦੀ ਟਿੱਪਣੀ ਮਹੱਤਵਪੂਰਨ ਹੈ। ਉਹਨਾਂ ਨੇ ਕਿਹਾ ਕਿ ਉੱਚ ਸਿੱਖਿਆ ਵਿੱਚ ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ ਅਲੱਗ ਕਰਕੇ ਨਹੀਂ ਦੇਖਿਆ ਜਾ ਸਕਦਾ। ਸ਼੍ਰੀ ਰਾਠੀ ਅਨੁਸਾਰ ਅੱਜ ਦੇ ਜ਼ਮਾਨੇ ਵਿੱਚ ਜਦੋਂ ਉੱਚ ਸਿੱਖਿਆ ਵਿੱਚ ਵਿਸ਼ੇਸ਼ ਯੋਗਤਾ ਅਤੇ ਬੇਹਤਰੀਨ ਯੋਗਤਾ ਦੇ ਯੁੱਗ ਆ ਗਏ ਹਨ ਅਤੇ ਇਸ ਦੇ ਲਈ ਵਿਭਿੰਨ ਪੇਸ਼ੇਵਰ ਰੈਗੁਲੇਟਰੀ ਸੰਸਥਾਵਾਂ ਦੀ ਜ਼ਰੂਰਤ ਹੈ ਤਾਂ ਅਜਿਹੇ ਸਮੇਂ ਵਿੱਚ ਕੇਵਲ ਇੱਕ ਸੰਸਥਾ ਸਭ ਨੂੰ ਰੈਗੂਲੇਟ ਨਹੀਂ ਕਰ ਸਕਦੀ। ਪਰ ਗਿਆਨ ਕਮਿਸ਼ਨ ਦੇ ਵਿਦਵਾਨ ਮੈਂਬਰ ਅਤੇ ਉਸਦੇ ਸਭ ਕੁੱਝ ਸੈਮ ਪਿਤਰੋਦਾ ਇੰਨੇ ਘੱਟ ਅਕਲ ਨਹੀਂ ਕਿ ਉਹ ਇੰਨੀ ਮਾਮੂਲੀ ਗੱਲ ਨਹੀਂ ਸਮਝ ਪਾ ਰਹੇ ਹਨ। ਦਰਅਸਲ ਕਾਲਜਾਂ ਲਈ ਅਲੱਗ ਬੋਰਡ ਬਣਾਉਣ ਅਤੇ ਉੱਚ ਸਿੱਖਿਆ ਦੀਆਂ ਵਿਭਿੰਨ ਸੰਸਥਾਵਾਂ ਦੇ ਏਕੀਕਰਨ ਪਿੱਛੇ ਅਸਲੀ ਮਕਸਦ ਉਹਨਾਂ ਦੀ ਸੀਮਿਤ ਆਟੋਨੋਮੀ ਨੂੰ ਖ਼ਤਮ ਕਰਨਾ ਅਤੇ ਉਸ 'ਤੇ ਸਰਕਾਰ ਅਤੇ ਨਿੱਜੀ ਪੂੰਜੀ ਦਾ ਕੰਟਰੋਲ ਕਾਇਮ ਕਰਨਾ ਹੈ। ਇਸਦੇ ਨਾਲ਼ ਹੀ ਕਮਿਸ਼ਨ ਨੇ ਯੂਨੀਵਰਸਿਟੀ ਕੋਰਟ, ਅਕਾਦਮੀ ਕਾਉਂਸਲ, ਐਗਜ਼ੀਕਿਊਟਿਵ ਕਾਉਂਸਲ ਦੇ ਅਕਾਰ ਅਤੇ ਬਣਤਰ ਨੂੰ ਬਦਲਣ ਦੀ ਵੀ ਸਿਫ਼ਾਰਿਸ਼ ਕੀਤੀ ਹੈ। ਕਮਿਸ਼ਨ ਨੇ ਇਹਨਾਂ ਅਦਾਰਿਆਂ ਦੇ ਮੈਂਬਰਾਂ ਦੀ ਸੰਖਿਆ ਘੱਟ ਕਰਨ ਅਤੇ ਕੁਲਪਤੀ ਦੇ ਅਧਿਕਾਰਾਂ ਨੂੰ ਵਧਾਉਣ ਦੀ ਸਿਫਾਰਿਸ਼ ਕੀਤੀ ਹੈ। ਉੱਚ ਸਿੱਖਿਆ ਦੇ ਕੈਂਪਸਾਂ ਦਾ ਅਤੇ ਅਧਿਕਾਰਾਂ ਦਾ ਜਮਹੂਰੀਕਰਨ ਕਰਨਾ ਵਿਦਿਆਰਥੀ ਲਹਿਰ ਦੇ ਏਜੰਡੇ 'ਤੇ ਕਾਫ਼ੀ ਅਹਿਮ ਜਗ੍ਹਾ ਰੱਖਦਾ ਰਿਹਾ ਹੈ। ਪਰ ਗਿਆਨ ਕਮਿਸ਼ਨ ਨੇ ਇਸਦੇ ਪੂਰੀ ਤਰ੍ਹਾਂ ਉਲਟ ਕੈਂਪਸਾਂ 'ਤੇ ਨੌਕਰਸ਼ਾਹੀ ਦਾ ਸ਼ਿਕੰਜਾ ਕੱਸਣ ਦੀ ਸਿਫ਼ਾਰਿਸ਼ ਕੀਤੀ ਹੈ।

ਗਿਆਨ ਕਮਿਸ਼ਨ ਨੇ ਦੇਸ਼ ਵਿੱਚ ਉੱਚ ਸਿੱਖਿਆ ਦੇ ਖੇਤਰ ਵਿੱਚ ਹੁਣ ਤੱਕ ਚੱਲੀ ਆ ਰਹੀ ਮੂਲ ਭਾਵਨਾ ਨੂੰ ਹੀ ਉਲਟ ਦਿੱਤਾ ਹੈ। 1948 ਵਿੱਚ ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਦੀ ਪ੍ਰਧਾਨਗੀ ਵਿੱਚ ਬਣੇ ਯੂਨੀਵਰਸਿਟੀ ਸਿੱਖਿਆ ਕਮਿਸ਼ਨ ਨੇ ਆਪਣੀਆਂ ਸਿਫ਼ਾਰਿਸ਼ਾਂ ਵਿੱਚ ਅਕਾਦਮਿਕ ਆਟੋਨੋਮੀ ਅਤੇ ਕੈਂਪਸਾਂ ਵਿੱਚ ਜਮਹੂਰੀ ਮਾਹੌਲ ਬਣਾਉਣ ਦੀ ਪੁਰਜ਼ੋਰ ਹਿਮਾਇਤ ਕੀਤੀ ਸੀ। ਇਹ ਭਾਰਤੀ ਪੂੰਜੀਵਾਦ ਦਾ ਸਾਪੇਖਕ ਰੂਪ ਨਾਲ਼ ਊਰਜਾਵਾਨ ਦੌਰ ਸੀ। ਪਰ ਜਿਵੇਂ-ਜਿਵੇਂ ਦੇਸ਼ ਦੇ ਪੂੰਜਵਾਦੀ ਢਾਂਚੇ ਦਾ ਸੰਕਟ ਵੱਧਦਾ ਚਲਿਆ ਗਿਆ ਉਵੇਂ-ਉਵੇਂ ਸਿੱਖਿਆ ਦੇ ਖੇਤਰ ਵਿੱਚ ਪੂੰਜੀਵਾਦੀ ਆਦਰਸ਼ ਅਤੇ ਕਦਰਾਂ ਨੂੰ ਖ਼ੋਰਾ ਲੱਗਦਾ ਗਿਆ ਅਤੇ ਉਹਨਾਂ ਦੀ ਥਾਂ ਸ਼ੁੱਧ ਲਾਭ-ਹਾਨੀ ਦੀਆਂ ਠੇਠ ਪੂੰਜੀਵਾਦੀ ਕਦਰਾਂ ਕੀਮਤਾਂ ਨੇ ਲੈ ਲਈ। ਕੌਮੀ ਗਿਆਨ ਕਮਿਸ਼ਨ ਦੀ ਹਰ ਛੋਟੀ-ਵੱਡੀ ਸਿਫ਼ਾਰਿਸ਼ ਦੇ ਪਿੱਛੇ ਦੇਸ਼ੀ-ਵਿਦੇਸ਼ੀ ਪੂੰਜੀ ਦੇ ਹਿੱਤ ਅਤੇ ਨਫ਼ਾ-ਨੁਕਸਾਨ ਦੀ ਸ਼ੁੱਧ ਪੂੰਜੀਵਾਦੀ ਮਾਨਸਿਕਤਾ ਹੀ ਕੰਮ ਕਰ ਰਹੀ ਹੈ।

ਭਾਸ਼ਾਈ ਗ਼ੁਲਾਮੀ ਦਾ ਰਸਮੀਕਰਨ

ਕਿਸੇ ਅਜ਼ਾਦ ਦੇਸ਼ ਲਈ ਇਸਤੋਂ ਵੱਡੀ ਤ੍ਰਾਸਦੀ ਕੀ ਹੋ ਸਕਦੀ ਹੈ ਕਿ ਸੱਠ ਸਾਲਾਂ ਬਾਅਦ ਵੀ ਉੱਚ ਸਿੱਖਿਆ ਦੇ ਮਾਧਿਅਮ ਦੇ ਰੂਪ ਵਿੱਚ ਇੱਕ ਬਸਤੀਵਾਦੀ ਭਾਸ਼ਾ ਮਜਬੂਰੀ ਬਣੀ ਹੋਈ ਹੈ। 1948 ਵਿੱਚ ਡਾ. ਰਾਧਾਕ੍ਰਿਸ਼ਨਨ ਨੇ ਉੱਚ ਸਿੱਖਿਆ ਦੇ ਮਾਧਿਅਮ ਦੇ ਰੂਪ ਵਿੱਚ ਅੰਗਰੇਜ਼ੀ ਨੂੰ ਇੱਕ ਫੌਰੀ ਮਜਬੂਰੀ ਦੱਸਿਆ ਸੀ ਅਤੇ ਇਸਨੂੰ ਜਲਦ ਤੋਂ ਜਲਦ ਦੂਰ ਕਰ ਲੈਣ ਦੀ ਗੱਲ ਕਹੀ ਸੀ। ਪਰ 60 ਸਾਲਾਂ ਤੋਂ ਬੁਰੀ ਤਰ੍ਹਾਂ ਚਲੀ ਆ ਰਹੀ ਇਸ ਮਜਬੂਰੀ ਨੂੰ ਹੁਣ ਅਟੱਲ ਮੰਨਦੇ ਹੋਏ ਗਿਆਨ ਕਮਿਸ਼ਨ ਨੇ ਉਸਨੂੰ ਰਸਮੀ ਰੂਪ ਪ੍ਰਦਾਨ ਕਰ ਦਿੱਤਾ ਹੈ। ਕਮਿਸ਼ਨ ਨੇ ਹੁਣ ਉੱਚ ਸਿੱਖਿਆ ਦੇ ਮਾਧਿਅਮ ਦੇ ਰੂਪ ਵਿੱਚ ਅੰਗਰੇਜ਼ੀ ਨੂੰ ਮਜਬੂਰੀ ਨਹੀਂ ਜ਼ਰੂਰਤ ਮੰਨਦੇ ਹੋਏ ਉਸਨੂੰ ਪ੍ਰਾਇਮਰੀ ਪੱਧਰ ਤੋਂ ਹੀ ਜ਼ਰੂਰੀ ਬਣਾ ਦੇਣ ਦੀ ਸਿਫ਼ਾਰਿਸ਼ ਕੀਤੀ ਹੈ। ਵਿਸ਼ਵੀਕਰਨ ਦੇ ਇਸ ਦੌਰ ਵਿੱਚ ਗਿਆਨ ਕਮਿਸ਼ਨ ਦਾ ਇਹ ਕਦਮ ਇੱਕ ਕਿਸਮ ਨਾਲ਼ ਸੱਭਿਆਚਾਰਕ ਬਸਤੀਵਾਦ ਦੀ ਸਥਿਤੀ ਨੂੰ ਰਸਮੀ ਰੂਪ ਪ੍ਰਦਾਨ ਕਰਨਾ ਹੈ। ਇੱਕੀਵੀਂ ਸਦੀ ਵਿੱਚ ਭਾਰਤ ਨੂੰ ਇੱਕ 'ਗਿਆਨ ਆਧਾਰਿਤ ਸਮਾਜ' ਬਣਾ ਦੇਣ ਦਾ ਸਬਜ਼ਬਾਗ ਦਿਖਾਉਣ ਵਾਲ਼ੇ ਗਿਆਨ ਕਮਿਸ਼ਨ ਦੇ ਮੈਂਬਰਾਂ ਦੇ ਸਿਰ 'ਤੇ ਮੈਕਾਲੇ ਦਾ ਪ੍ਰੇਤ ਮੰਡਰਾ ਰਿਹਾ ਹੈ। ਦਰਅਸਲ ਗਿਆਨ-ਵਿਗਿਆਨ ਦੀਆਂ ਪ੍ਰਾਪਤੀਆਂ ਨੂੰ ਆਮ ਲੋਕਾਂ ਤੋਂ ਦੂਰ ਰੱਖਕੇ ਅਤੇ ਉਸਨੂੰ ਹਾਕਮ ਜਮਾਤ ਦਾ ਵਿਸ਼ੇਸ਼ ਅਧਿਕਾਰ ਬਣਾਕੇ ਹੀ ਦੇਸੀ ਪੂੰਜਵਾਦੀ ਸ਼ਾਸਕ ਅਤੇ ਸਮਾਜੀ ਪ੍ਰਬੰਧ ਦੇ ਉਪਯੋਗੀ ਕਲ-ਪੁਰਜ਼ਿਆਂ ਦਾ ਨਿਰਮਾਣ ਕੀਤਾ ਜਾ ਸਕਦਾ ਹੈ। ਮੈਕਾਲੇ ਦੇ ਪੁੱਤਰਾਂ ਤੋਂ ਇਸਦੇ ਇਲਾਵਾ ਕੋਈ ਉਮੀਦ ਵੀ ਆਖਿਰ ਕਿਉਂ ਕੀਤੀ ਜਾਵੇ?

✡ ✡ ✡ ✡ ✡ ✡ ✡

(ਪੰਨਾ 14 ਦਾ ਬਾਕੀ)

ਪੂੰਜੀਪਤੀਆਂ ਦੇ ਇੱਕ ਹੋਰ ਮੁਨੀਮ ਏਸ਼ੀਆ ਵਿਕਾਸ ਬੈਂਕ ਨੇ ਵੀ ਪਿਛਲੇ ਦਿਨੀ ਆਪਣੀ ਇੱਕ ਰਿਪੋਰਟ ਵਿੱਚ ਏਸ਼ੀਆਈ ਦੇਸ਼ਾਂ ਵਿੱਚ ਵੱਧ ਰਹੀ ਆਰਥਿਕ ਗੈਰ ਬਰਾਬਰੀ 'ਤੇ ਚਿੰਤਾ ਪ੍ਰਗਟ ਕੀਤੀ ਹੈ। ਬੈਂਕ ਦੇ ਇੱਕ ਅਰਥਸ਼ਾਸਤਰੀ ਇਫ਼ਜਲ ਅਲੀ ਦਾ ਕਹਿਣਾ ਹੈ ਕਿ "ਵੱਧ ਰਹੀ ਗੈਰ ਬਰਾਬਰੀ, ਜਿਹੜੀ ਅਸੀਂ ਏਸ਼ੀਆ ਵਿੱਚ ਦੇਖ ਰਹੇ ਹਾਂ, ਏਸ਼ੀਆਈ ਦੇਸ਼ਾਂ ਦੇ ਵਿਕਾਸ ਲਈ ਸਪੱਸ਼ਟ ਖ਼ਤਰਾ ਹੈ"। ਬੈਂਕ ਨੇ ਵੀ ਆਪਣੇ ਪੂੰਜੀਵਾਦੀ ਲੁਟੇਰੇ ਮਾਲਕਾਂ ਨੂੰ ਇਸ ਗੈਰ ਬਰਾਬਰੀ ਨੂੰ ਘਟਾਉਣ ਦੇ ਬਹੁਤ ਸਾਰੇ ਮਨਮੋਹਨ ਸਿੰਘ ਦੇ ਨੁਸਖਿਆਂ ਵਰਗੇ ਹੀ ਨੁਸਖੇ ਸੁਝਾਏ ਹਨ ਜੋ ਕਿ ਅੱਜ ਦੀ ਦੁਨੀਆਂ ਵਿੱਚ ਪੂਰੀ ਤਰ੍ਹਾਂ ਅਵਿਵਹਾਰਕ ਹਨ। ਪਰ ਬੈਂਕ ਨੇ ਇੱਕ ਗੱਲ ਪਤੇ ਦੀ ਕਹੀ ਹੈ, ਬੈਂਕ ਦਾ ਕਹਿਣਾ ਹੈ ਕਿ *ਜੇਕਰ ਇਸ ਵੱਧ ਰਹੀ ਗੈਰ ਬਰਾਬਰੀ ਨੂੰ ਰੋਕਿਆ ਨਾ ਗਿਆ ਤਾਂ ਕੁਝ ਵੀ ਹੋ ਸਕਦਾ ਹੈ। ਸ਼ਾਤੀਪੂਰਨ ਢੰਗ ਦੇ ਮੁਜਾਹਰੇ ਵੀ ਹੋ ਸਕਦੇ ਹਨ, ਅਮੀਰਾਂ ਅਤੇ ਗਰੀਬਾਂ ਵਿਚਕਾਰ ਘਰੇਲੂ ਜੰਗ ਵੀ ਛਿੜ ਸਕਦੀ ਹੈ।* ਬੈਂਕ ਦੀ ਗੱਲ ਵਿੱਚ ਥੋੜਾ ਵਾਧਾ ਕਰ ਦਈਏ ਕਿ ਵੱਧ ਰਹੀ ਗੈਰ ਬਰਾਬਰੀ, ਦਿਨੋਂ ਦਿਨ ਭੈੜੀਆਂ ਹੁੰਦੀਆਂ ਜਾ ਰਹੀਆਂ ਜੀਵਨ ਹਾਲਤਾਂ ਵਿਰੁੱਧ ਕਿਰਤੀ ਲੋਕਾਂ ਦੇ ਸ਼ਾਤੀਪੂਰਨ ਮੁਜ਼ਾਹਰੇ ਵੀ ਹਿੰਸਕ ਰੂਪ ਹੀ ਧਾਰਨ ਕਰਨਗੇ। ਅਜਿਹਾ ਕਰਨ ਲਈ ਉਹਨਾਂ ਨੂੰ ਪੂੰਜੀਵਾਦੀ ਹਾਕਮ ਹੀ ਮਜ਼ਬੂਰ ਕਰਨਗੇ। ਪੂੰਜੀਵਾਦੀ ਦੁਨੀਆਂ ਵਿੱਚ ਕਿਰਤੀ ਲੋਕਾਂ ਦਾ ਤਜ਼ਰਬਾ ਇਹੋ ਹੀ ਦਰਸਾਉਂਦਾ ਹੈ।

ਇਹੋ ਹੈ ਅੱਜ ਸੰਸਾਰ ਪੂੰਜੀਵਾਦ ਦਾ ਭਵਿੱਖ, ਜਿਸ ਦੀ ਦਿਸ਼ਾ ਵਿੱਚ ਇਹ ਤੇਜ਼ ਗਤੀ ਨਾਲ਼ ਵੱਧ ਰਿਹਾ ਹੈ ਅਤੇ ਜਿਸ ਭਵਿੱਖ ਨੂੰ ਸੰਸਾਰ ਪੂੰਜੀਵਾਦ ਦੇ ਚਾਕਰ ਅੱਜ ਦੇਖ ਰਹੇ ਹਨ। ਅੱਜ ਸੰਸਾਰ ਪੂੰਜੀਵਾਦ ਸੰਸਾਰ ਭਰ ਦੇ ਕਿਰਤੀਆਂ 'ਤੇ ਲੱਦਿਆ ਬੇਲੋੜਾ ਭਾਰ ਹੈ। ਹੁਣ ਦੇਖਣਾ ਇਹ ਹੈ ਕਿ ਕਦੋਂ ਕਿਰਤੀ ਲੋਕ ਅੰਗੜਾਈ ਲੈ ਕੇ ਉੱਠਦੇ ਹਨ ਅਤੇ ਇਸ ਭਾਰ ਨੂੰ ਹਮੇਸ਼ਾਂ-ਹਮੇਸ਼ਾਂ ਲਈ ਆਪਣੇ ਮੋਢਿਆਂ ਤੋਂ ਲਾਹ ਸੁੱਟਦੇ ਹਨ।

● ● ● ● ● ● ● ● ●

ਵਧਦੀ ਨਾ-ਬਰਾਬਰੀ —ਇੱਕ ਸੰਸਾਰ ਵਿਆਪੀ ਵਰਤਾਰਾ

-ਸੁਖਦੇਵ

ਅਮੀਰ ਅਤੇ ਗਰੀਬ ਵਿੱਚ ਪਾੜਾ ਲਗਾਤਾਰ ਵਧਦਾ ਹੀ ਜਾ ਰਿਹਾ ਹੈ। ਇਹ ਅੱਜ ਇੱਕ ਸੰਸਾਰ ਵਿਆਪੀ ਵਰਤਾਰਾ ਹੈ। ਦੁਨਿਆਂ ਦਾ ਕੋਈ ਵੀ ਦੇਸ਼ ਇਸ ਤੋਂ ਬਚਿਆ ਨਹੀਂ ਹੈ। ਅੱਜ ਦੁਨਿਆਂ ਵਿੱਚ ਵੱਧ ਰਹੀ ਆਰਥਿਕ ਨਾ-ਬਰਾਬਰੀ ਦੀ ਦੁਨਿਆਂ ਭਰ ਦੇ ਪੂੰਜੀਵਾਦੀ ਅਖਬਾਰਾਂ, ਮੈਗਜ਼ੀਨਾਂ ਵਿੱਚ ਚਰਚਾ ਹੈ। ਇਸ ਵਰਤਾਰੇ ਤੇ ਅਨੇਕਾਂ ਰਿਪੋਰਟਾਂ ਪ੍ਰਕਾਸ਼ਤ ਹੋ ਰਹੀਆਂ ਹਨ। ਸੰਸਾਰ ਪੂੰਜੀਵਾਦ ਦੇ ਬੌਧਿਕ ਚਾਕਰ ਅਤੇ ਦੂਰ-ਅੰਦੇਸ਼ ਸਿਆਸਤਦਾਨ ਅਮੀਰਾਂ ਗਰੀਬਾਂ ਵਿੱਚ ਵੱਧ ਰਹੇ ਪਾੜੇ ਉੱਤੇ ਚਿੰਤਾ ਪ੍ਰਗਟ ਕਰ ਰਹੇ ਹਨ, ਇਸ ਪ੍ਰਕਿਰਿਆ ਦੇ ਖਤਰਨਾਕ ਭਾਵੀ ਨਤੀਜਿਆਂ ਬਾਰੇ ਆਪਣੇ ਮਾਲਕਾਂ (ਪੂੰਜੀਪਤੀਆਂ) ਨੂੰ ਚੇਤਾਵਨੀਆਂ ਦੇ ਰਹੇ ਹਨ ਅਤੇ ਇਸ ਪ੍ਰਕਿਰਿਆ ਨੂੰ ਰੋਕਣ ਲਈ ਨੀਮ-ਹਕੀਮੀ ਨੁਸਖੇ ਸੁਝਾ ਰਹੇ ਹਨ। ਉੱਥੇ ਹੀ ਦੁਨਿਆਂ ਭਰ ਦੇ ਲੋਕ ਪੱਖੀ ਲੇਖਕ-ਪੱਤਰਕਾਰ ਇਸ ਪ੍ਰਕਿਰਿਆ ਨਾਲ਼ ਸਬੰਧਤ ਤੱਥਾਂ ਨੂੰ ਲੋਕਾਂ ਸਾਹਮਣੇ ਪੇਸ਼ ਕਰਕੇ ਸੰਸਾਰ ਸਾਮਰਾਜਵਾਦੀ ਲੁਟੇਰੇ ਪ੍ਰਬੰਧ ਨੂੰ ਬੇਪੜਦ ਕਰ ਰਹੇ ਹਨ।

ਪੂੰਜੀਵਾਦ ਅਤੇ ਇਸ ਤੋਂ ਪਹਿਲਾਂ ਦੇ ਜਮਾਤੀ ਸਮਾਜਾਂ (ਜਗੀਰਦਾਰੀ, ਗੁਲਾਮਦਾਰੀ) ਲਈ ਵੀ ਅਮੀਰਾਂ-ਗਰੀਬਾਂ ਦਰਮਿਆਨ ਆਰਥਿਕ ਨਾ-ਬਰਾਬਰੀ ਕੋਈ ਨਵਾਂ ਵਰਤਾਰਾ ਨਹੀਂ ਹੈ। ਜਦੋਂ ਤੋਂ ਮਨੁੱਖੀ ਸਮਾਜ ਦੀ ਲੋਟੂ ਅਤੇ ਲੁੱਟੀਂਦੀਆਂ ਜਮਾਤਾਂ ਵਿੱਚ ਵੰਡ ਹੋਈ ਹੈ ਉਦੋਂ ਤੋਂ ਹੀ ਮੁੱਠੀ ਭਰ ਲੁਟੇਰੇ ਵੱਡੀ ਬਹੁਗਿਣਤੀ ਕਿਰਤੀ ਲੋਕਾਂ ਦੀ ਕਿਰਤ ਕਮਾਈ ਲੁੱਟ ਕੇ ਅਯਾਸ਼ੀ ਭਰਿਆ ਜੀਵਨ ਬਿਤਾਉਂਦੇ ਰਹੇ ਹਨ। ਜਿੱਥੇ ਪੈਦਾਵਾਰ ਦੇ ਸਾਧਨਾਂ ’ਤੇ ਕਾਬਜ਼ ਮੁੱਠੀ ਭਰ ਲੋਟੂਆਂ ਲਈ ਇਸ ਧਰਤੀ ਤੇ ਸਵਰਗ ਸਿਰਜਿਆ ਗਿਆ, ਉੱਥੇ ਪੈਦਾਵਾਰ ਦੇ ਸਾਧਨਾਂ ਤੋਂ ਵਿਹੂਣੇ ਕਿਰਤੀਆਂ ਨੂੰ ਨਰਕ ਤੋਂ ਵੀ ਭੈੜੀ ਜਿੰਦਗੀ ਨਸੀਬ ਹੋਈ ਹੈ। ਪੈਦਾਵਾਰੀ ਸ਼ਕਤੀਆਂ ਦੇ ਅਣਕਿਆਸੇ ਵਿਕਾਸ ਕਾਰਨ ਵਰਤਮਾਨ ਪੂੰਜੀਵਾਦੀ ਸੰਸਾਰ ਪ੍ਰਬੰਧ ਵਿੱਚ ਅਮੀਰ ਗਰੀਬ ਦਰਮਿਆਨ ਪਾੜਾ ਸਭ ਹੱਦਾਂ ਬੰਨੇ ਟੱਪ ਗਿਆ ਹੈ।

ਪੂੰਜੀਵਾਦੀ ਪ੍ਰਬੰਧ ਨੇ ਹੋਂਦ ਵਿੱਚ ਆਉਂਦਿਆਂ ਹੀ ਜਿੱਥੇ ਇੱਕ ਪਾਸੇ ਅਮੀਰੀ-ਖੁਸ਼ਹਾਲੀ ਦੇ ਉੱਚੇ ਮਿਨਾਰਾਂ, ਐਯਾਸ਼ੀ ਦੇ ਟਾਪੂ ਸਿਰਜੇ ਉੱਥੇ ਹੀ ਗਰੀਬੀ, ਭੁੱਖਮਰੀ, ਕੰਗਾਲੀ ਦੇ ਮਹਾਂਸਾਗਰਾਂ ਨੂੰ ਵੀ ਜਨਮ ਦਿੱਤਾ। ਇੱਕ ਹੱਥ ਪੂੰਜੀ ਦਾ ਅੰਬਾਰ ਅਤੇ ਦੂਜੇ ਹੱਥ ਕਿਰਤੀ ਲੋਕਾਂ ਦਾ ਕੰਗਾਲੀਕਰਨ ਇੱਕ ਹੀ ਪ੍ਰਕਿਰਿਆ ਜਾਣੀ ਪੂੰਜੀ-ਸੰਗ੍ਰਹਿ ਦੀ ਪ੍ਰਕਿਰਿਆ ਦੇ ਲਾਜ਼ਮੀ ਉਤਪਾਦ ਹਨ। ਇਹ ਪੂੰਜੀਵਾਦੀ ਅਰਥਚਾਰੇ ਦਾ ਵਜੂਦ ਸਮੋਇਆ ਨਿਯਮ ਹੈ।

ਪੂੰਜੀਪਤੀ ਮਜ਼ਦੂਰ ਤੋਂ ਲੁੱਟੀ ਵਾਫ਼ਰ ਕਦਰ ਨੂੰ ਲਗਾਤਾਰ ਪੂੰਜੀ ਵਿੱਚ ਵਟਾਉਂਦੇ ਹਨ, ਭਾਵ ਉਹ ਨਵੀਆਂ ਮਸ਼ੀਨਾਂ, ਨਵੀਂ ਤਕਨੀਕ ’ਤੇ ਨਿਵੇਸ਼ ਕਰਦੇ ਹਨ ਜਾਂ ਹੋਰ ਕਾਰਖਾਨੇ ਲਾਉਂਦੇ ਹਨ। ਰਾਜਨੀਤਕ ਅਰਥਸ਼ਾਸਤਰ ਦੀ ਭਾਸ਼ਾ ਵਿੱਚ ਇਸ ਪ੍ਰਕਿਰਿਆ ਨੂੰ ਪੂੰਜੀ ਦਾ ਸੰਕੇਂਦਰਣ ਕਹਿੰਦੇ ਹਨ। ਜਿਹੜੇ ਪੂੰਜੀਪਤੀ ਨਵੀਂ ਤਕਨੀਕ ’ਤੇ ਨਿਵੇਸ਼ ਕਰਨ ਅਤੇ ਪੈਦਾਵਾਰ ਨੂੰ ਵਿਸਤਾਰਤ ਕਰਨ ਵਿੱਚ ਕਾਮਯਾਬ ਨਹੀਂ ਹੋ ਪਾਉਂਦੇ ਉਹ ਹੋਰਨਾਂ ਪੂੰਜੀਪਤੀਆਂ ਦੇ ਮੁਕਾਬਲੇ ’ਚ ਟਿਕ ਨਹੀਂ ਪਾਉਂਦੇ। ਉਹਨਾਂ ਦੇ ਕਾਰਖ਼ਾਨੇ ਜਾਂ ਪੈਦਾਵਾਰ ਦੇ ਸਾਧਨ ਦੂਸਰੇ ਪੂੰਜਪਤੀਆਂ ਦੁਆਰਾ ਹੜੱਪ ਲਏ ਜਾਂਦੇ ਹਨ। ਇਸ ਪ੍ਰਕਿਰਿਆ ਨੂੰ ਪੂੰਜੀ ਦਾ ਕੇਂਦਰੀਕਰਨ ਕਿਹਾ ਜਾਂਦਾ ਹੈ। ਪੂੰਜੀ ਦਾ ਸੰਕੇਂਦਰਣ ਅਤੇ ਕੇਂਦਰੀਕਰਨ ਹੀ ਮਿਲ਼ਕੇ ਪੂੰਜੀ ਸੰਗ੍ਰਹਿ ਕਹਾਉਂਦੇ ਹਨ। ਸੰਸਾਰ ਮਜ਼ਦੂਰ ਜਮਾਤ ਦੇ ਮਹਾਨ ਅਧਿਆਪਕ ਕਾਰਲ਼ ਮਾਰਕਸ ਨੇ ਪੂੰਜੀਵਾਦੀ ਅਰਥਚਾਰੇ ਦੇ ਆਪਣੇ ਵਿਸ਼ਲੇਸ਼ਣ ਵਿੱਚ ਕਿਹਾ ਕਿ ਪੂੰਜੀ ਸੰਗ੍ਰਹਿ ਭਾਵ ਪੂੰਜੀ ਦੇ ਸੰਕੇਂਦਰਣ ਅਤੇ ਕੇਂਦਰੀਕਰਨ ਦੀ ਪ੍ਰਕਿਰਿਆ ਪੂੰਜੀਵਾਦੀ ਅਰਥਚਾਰੇ ਦਾ ਇੱਕ ਅਟੱਲ਼ ਨਿਯਮ ਹੈ। ਲਗਾਤਾਰ ਵੱਧਦੀ ਪੂੰਜੀ ਸੰਗ੍ਰਹਿ ਦੀ ਪ੍ਰਕਿਰਿਆ ਤੋਂ ਬਿਨਾਂ ਪੂੰਜੀਵਾਦ ਜਿਉਂਦਾ ਨਹੀਂ ਰਹਿ ਸਕਦਾ। ਅੱਜ ਦੇ ਪੂੰਜੀਵਾਦੀ ਸੰਸਾਰ ਵਿੱਚ ਪੂੰਜੀ ਸੰਗ੍ਰਹਿ ਦੀ ਪ੍ਰਕਿਰਿਆ ਪੂੰਜੀਵਾਦੀ ਅਰਥਚਾਰੇ ਦੇ ਕਾਰਲ਼ ਮਾਰਕਸ ਦੁਆਰਾ ਕੀਤੇ ਵਿਸ਼ਲੇਸ਼ਣ ਦੀ ਪੁਸ਼ਟੀ ਕਰ ਰਹੀ ਹੈ। ਪੂੰਜੀ ਸੰਗ੍ਰਹਿ ਦੀ ਪ੍ਰਕਿਰਿਆ ਪੂੰਜੀਵਾਦੀ ਸਮਾਜ ਨੂੰ ਦੋ ਧੜਿਆਂ ਵਿੱਚ ਵੰਡ ਦਿੰਦੀ ਹੈ, ਇੱਕ ਹੱਥ ਉਹ ਮੁੱਠੀ ਭਰ ਵਿਹਲੜ ਧਨਾਢ ਹੁੰਦੇ ਹਨ ਜੋ ਪੈਦਾਵਾਰ ਦੇ ਸਾਧਨਾਂ ਨੂੰ ਕੰਟਰੋਲ਼ ਕਰਦੇ ਹਨ ਅਤੇ ਦੂਜੇ ਹੱਥ ਵੱਡੀ ਬਹੁਗਿਣਤੀ ਅਜਿਹੇ ਕਿਰਤੀ ਲੋਕ ਹੁੰਦੇ ਹਨ, ਜਿਨ੍ਹਾਂ ਕੋਲ਼ ਆਪਣੀ ਕਿਰਤ ਸ਼ਕਤੀ ਵੇਚਣ ਤੋਂ ਇਲਾਵਾ ਹੋਰ ਕੋਈ ਵੀ ਗੁਜ਼ਾਰੇ ਦੇ ਸਾਧਨ ਨਹੀਂ ਹੁੰਦੇ।

ਅਸਾਵਾਂ ਆਰਥਿਕ ਵਿਕਾਸ ਪੂੰਜੀਵਾਦ ਦਾ ਇੱਕ ਹੋਰ ਉੱਘੜਵਾਂ ਲੱਛਣ ਹੈ। ਇੱਕ ਦੇਸ਼ ਦੇ ਅੰਦਰ ਵੀ ਇਹ ਆਰਥਿਕ ਤੌਰ ’ਤੇ ਵਿਕਸਿਤ ਅਤੇ ਪਿੱਛੜੇ ਖਿੱਤੇ ਪੈਦਾ ਕਰਦਾ ਹੈ ਅਤੇ ਸੰਸਾਰ ਪੱਧਰ ’ਤੇ ਵੀ ਵੱਖ ਵੱਖ ਦੇਸ਼ਾਂ ਦਰਮਿਆਨ ਆਰਥਿਕ ਨਾ-ਬਰਾਬਰੀ ਨੂੰ ਵੀ ਜਨਮ ਦਿੰਦਾ ਹੈ।

ਪਿਛਲੀ ਸਦੀ ਦੀ ਸ਼ੁਰੂਆਤ ਮਜ਼ਦੂਰ ਇਨਕਲਾਬਾਂ ਨਾਲ਼ ਹੋਈ। ਵੀਹਵੀਂ ਸਦੀ ਖਾਸ ਤੌਰ ’ਤੇ ਇਸ ਦਾ ਪਹਿਲਾ ਅੱਧ ਮਜ਼ਦੂਰ ਲਹਿਰਾਂ ਅਤੇ ਮਜ਼ਦੂਰ ਇਨਕਲਾਬਾਂ ਦੀ ਚੜ੍ਹਤ ਦਾ ਸਮਾਂ ਸੀ। ਮਜ਼ਦੂਰ ਲਹਿਰ ਦੀ ਚੜ੍ਹਤ, ਮਜ਼ਦੂਰ ਇਨਕਲਾਬਾਂ ਦੇ ਡਰ ਅਤੇ ਅੰਦਰੂਨੀ ਸੰਕਟਾਂ ਦੇ ਝੰਬੇ ਦੁਨੀਆਂ ਦੇ ਬਹੁਤ ਸਾਰੇ ਪੂੰਜੀਵਾਦੀ ਦੇਸ਼ਾਂ ਦੇ ਹਾਕਮ ਪਿਛਲੀ ਸਦੀ ਦੇ ਮਗਰਲੇ ਅੱਧ ਵਿੱਚ ਕੁਝ ਸਮੇਂ ਵਾਸਤੇ ਕੀਨਜ਼ਵਾਦੀ ‘ਕਲਿਆਣਕਾਰੀ ਰਾਜ’ ਦੀਆਂ ਨੀਤੀਆਂ ਅਪਨਾਉਣ ਲਈ ਮਜ਼ਬੂਰ ਹੋਏ ਸਨ। ਇਹਨਾਂ ਨੀਤੀਆਂ ਜ਼ਰੀਏ ਉਹਨਾਂ ਨੇ ਆਰਥਿਕ ਨਾ-ਬਰਾਬਰੀ ਨੂੰ ਕੁਝ ਹੱਦ ਤੱਕ ਕੰਟਰੋਲ਼ ਕਰਨ ਅਤੇ ਕਿਰਤੀ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਦੀਆਂ ਕੋਸ਼ਿਸ਼ਾਂ ਕੀਤੀਆਂ। ਪਰ ਅੱਸੀਵਿਆਂ ’ਚ ਆ ਕੇ ਫਿਰ ਤੋਂ ਦੁਨਿਆਂ ਭਰ ਦੇ ਹਾਕਮਾਂ ਨੇ ‘ਕਲਿਆਣਕਾਰੀ ਰਾਜ’ ਦਾ ਮਖੌਟਾਂ

ਉਤਾਰਨਾ ਸ਼ੁਰੂ ਕਰ ਦਿੱਤਾ, ਅੱਜ ਮਨੁੱਖ ਦੋਖੀ ਪੂੰਜੀਵਾਦੀ ਪ੍ਰਬੰਧ ਦੇ ਲਹੂ ਲਿਬੜੇ ਮੂੰਹ ਤੋਂ ਕਲਿਆਣਕਾਰੀ ਰਾਜ ਦਾ ਮਖੌਟਾ ਪੂਰੀ ਤਰ੍ਹਾਂ ਉੱਤਰ ਚੁੱਕਾ ਹੈ। ਇਸੇ ਲਈ ਅੱਜ ਸਾਰੀਆਂ ਪੂੰਜੀਵਾਦੀ ਅਲਾਮਤਾਂ 'ਤੇ ਇੱਕ ਵਾਰ ਫਿਰ ਤੋਂ ਚਰਚਾ ਛਿੜੀ ਹੈ। ਇਸ ਚਰਚਾ ਵਿੱਚ ਦੁਨਿਆਂ ਭਰ ਵਿੱਚ ਦੇਸ਼ਾਂ ਦੇ ਅੰਦਰ ਅਤੇ ਦੇਸ਼ਾਂ ਦੇ ਦਰਮਿਆਨ ਵੱਧ ਰਹੀ ਆਰਥਿਕ ਨਾ-ਬਰਾਬਰੀ ਵੀ ਸ਼ਾਮਿਲ ਹੈ। ਆਓ ਹੁਣ ਅੱਜ ਦੇ ਪੂੰਜੀਵਾਦੀ ਸੰਸਾਰ ਵਿੱਚ ਆਰਥਿਕ ਨਾ-ਬਰਾਬਰੀ ਦੇ ਤੱਥਾਂ ਉੱਪਰ ਨਜ਼ਰ ਮਾਰਦੇ ਹਾਂ। *ਵਰਲਡ ਇੰਸਟੀਚਿਊਟ ਫ਼ਾਰ ਡਿਵੈਲਪਮੈਂਟ ਇਕਨਾਸਿਕਸ* ਨੇ ਆਪਣੀ ਰਿਪੋਰਟ ਵਿੱਚ ਸੰਸਾਰ ਭਰ ਵਿੱਚ ਪਰਿਵਾਰਕ ਸੰਪਤੀ ਦੇ ਢਾਂਚੇ ਦੇ ਵੇਰਵੇ ਦਿੱਤੇ ਹਨ। ਰਿਪੋਰਟ ਅਨੁਸਾਰ *ਸੰਸਾਰ ਦੇ ਸਭ ਤੋਂ ਅਮੀਰ 10% ਪਰਿਵਾਰਾਂ ਕੋਲ਼ ਸੰਸਾਰ ਦੀ ਕੁੱਲ ਦੌਲ਼ਤ ਦਾ 85% ਹੈ। ਜਦੋਂ ਕਿ ਹੇਠਲੇ 50% ਪ੍ਰਤਿਸ਼ਤ ਕੋਲ਼ ਦੌਲ਼ਤ ਸਿਰਫ਼ ਇੱਕ ਪ੍ਰਤਿਸ਼ਤ ਹਿੱਸਾ ਹੀ ਹੈ।* ਰਿਪੋਰਟ ਦਰਸਾਉਂਦੀ ਹੈ ਕਿ ਸੰਸਾਰ ਦੇ ਉੱਪਰਲੇ 10% ਅਮੀਰਾਂ ਵਿੱਚੋਂ ਇੱਕ ਵਿਅਕਤੀ ਕੋਲ਼ ਔਸਤ ਹੇਠਲੇ 10% ਨਾਲ਼ੋਂ 3000 ਗੁਣਾ ਜਿਆਦਾ ਦੌਲ਼ਤ ਹੈ।

ਖੇਤਰਵਾਰ ਅਮੀਰਾਂ ਅਤੇ ਗਰੀਬਾਂ ਦਰਮਿਆਨ ਹੋਰ ਵੀ ਵਧੇਰੇ ਪਾੜੇ ਹਨ। ਉੱਤਰੀ ਅਮਰੀਕੀ ਪਰਿਵਾਰਾਂ ਕੋਲ਼ ਸੰਸਾਰ ਦੀ ਕੁੱਲ ਸੰਪੱਤੀ ਦਾ 34% ਹਿੱਸਾ ਹੈ, ਯੂਰਪੀ ਪਰਿਵਾਰਾਂ ਕੋਲ਼ 30% ਅਤੇ ਅਮੀਰ ਏਸ਼ੀਆਈ ਖਾੜੀ ਦੇਸ਼ਾਂ ਦੇ ਪਰਿਵਾਰਾਂ ਕੋਲ਼ 24% ਹਿੱਸਾ ਹੈ।

ਲਾਤੀਨੀ ਅਮਰੀਕੀ ਅਤੇ ਕੈਰੀਬੀਆਈ ਪਰਿਵਾਰਾਂ ਦਾ ਸੰਸਾਰ ਦੀ ਕੁੱਲ ਸੰਪੱਤੀ ਵਿੱਚ ਹਿੱਸਾ ਸਿਰਫ਼ 4% ਹੈ। ਅਫ਼ਰੀਕੀ ਪਰਿਵਾਰ ਸਭ ਤੋਂ ਗਰੀਬ ਹਨ ਜਿਨ੍ਹਾਂ ਕੋਲ਼ ਸਿਰਫ਼ 1% ਹੀ ਹੈ। ਚੀਨ ਅਤੇ ਭਾਰਤ ਜਿੱਥੇ ਸੰਸਾਰ ਦੀ ਲੱਗਭਗ 45% ਅਬਾਦੀ ਰਹਿੰਦੀ ਹੈ, ਦਾ ਸੰਸਾਰ ਸੰਪੱਤੀ ਵਿੱਚ ਹਿੱਸਾ ਕ੍ਰਮਵਾਰ 3% ਅਤੇ 1% ਹੈ।

ਜਿਸ ਤਰ੍ਹਾਂ ਸੰਸਾਰ ਪੱਧਰ 'ਤੇ ਅਮੀਰ ਗਰੀਬ ਦਰਮਿਆਨ ਪਾੜਾ ਲਗਾਤਾਰ ਵੱਧ ਰਿਹਾ ਹੈ ਉਸੇ ਤਰ੍ਹਾਂ ਵੱਖ-ਵੱਖ ਦੇਸ਼ਾਂ ਅੰਦਰ ਵੀ ਅਮੀਰ ਗਰੀਬ ਦਰਮਿਆਨ ਪਾੜਾ ਲਗਾਤਾਰ ਵੱਧ ਰਿਹਾ ਹੈ। ਬ੍ਰਿਟੇਨ ਵਿੱਚ ਉਪੱਰਲੀ ਅਮੀਰ 1% ਅਬਾਦੀ ਕੌਮੀ ਦੌਲਤ ਦੇ 24% ਹਿੱਸੇ ਉੱਤੇ ਕਾਬਜ਼ ਹੈ। ਅਮਰੀਕਾ ਅੰਦਰ ਵੀ ਇਹੋ ਹਾਲ਼ ਹੈ। ਇੱਕ ਅਮਰੀਕੀ ਲੇਖਕ ਰਾਬਰਟ ਫ਼ਰੈਂਕ ਨੇ ਹੁਣੇ ਹੀ ਪ੍ਰਕਾਸ਼ਤ ਹੋਈ ਆਪਣੀ ਕਿਤਾਬ ਰਿਚੀਸਤਾਨ ਵਿੱਚ ਅਮਰੀਕੀ ਅਮੀਰਾਂ ਦੇ ਅੱਯਾਸ਼ੀ ਭਰੇ ਜੀਵਨ ਦਾ ਖ਼ੁਲਾਸਾ ਕੀਤਾ ਹੈ। ਉਸ ਅਨੁਸਾਰ 2004 ਤੱਕ ਅਮਰੀਕਾ ਦੇ ਉੱਪਰਲੇ 1% ਸੁਪਰ ਅਮੀਰਾਂ ਦੀ ਸਲ਼ਾਨਾਂ ਆਮਦਨ 1.35 ਟ੍ਰਿਲੀਅਨ ਡਾਲ਼ਰ ਸੀ (ਲਗਭਗ 42 ਲੱਖ ਕਰੋੜ ਰੁਪਏ) ਜੋ ਕਿ ਸਾਰੇ ਫ਼ਰਾਂਸ, ਇਟਲੀ ਅਤੇ ਕਨੇਡਾ ਦੇ ਕੁੱਲ ਕਿਰਤੀਆਂ ਦੀ ਸਲ਼ਾਨਾ ਤਨਖ਼ਾਹ ਤੋਂ ਵਧੇਰੇ ਸੀ। ਇਹਨਾਂ ਦੁਆਰਾ ਘਰੇਲੂ ਨੌਕਰਾਂ 'ਤੇ ਸਲ਼ਾਨਾ ਖ਼ਰਚ ਹੀ ਲਗਭਗ ਦੋ ਕਰੋੜ (5 ਲੱਖ ਡਾਲ਼ਰ) ਸੀ। ਲਗਭਗ ਇਹ ਇੰਨਾ ਹੀ ਪੈਸਾ ਕਲੱਬਾਂ ਦੀ ਮੈਂਬਰਸਿਪ 'ਤੇ ਖ਼ਰਚ ਕਰਦੇ ਹਨ, 1 ਕਰੋੜ (2.5 ਲੱਖ ਡਾਲ਼ਰ) ਖ਼ੁਦ ਨੂੰ ਸੋਹਣੇ ਬਣਾਉਣ ਵਿੱਚ ਖ਼ਰਚ ਕਰਦੇ ਹਨ। ਇਹਨਾਂ ਦੁਆਰਾ ਪਹਿਨੀ ਜਾਣ ਵਾਲ਼ੀ ਘੜੀ ਦੀ ਕੀਮਤ ਹੀ ਤਿੰਨ ਕਰੋੜ ਰੁਪਏ ਹੈ। 1970 ਵਿੱਚ ਅਮਰੀਕੀ ਕੰਪਨੀਆਂ ਦੇ ਚੀਫ਼ ਐਗਜ਼ੀਕਿਉਟਿਵ ਆਪਣੀ ਕੰਪਨੀ ਦੇ ਆਮ ਕਰਮਚਾਰੀ ਤੋਂ 40 ਗੁਣਾ ਵਧੇਰੇ ਆਮਦਨ ਹਾਸਿਲ ਕਰਦੇ ਸਨ, ਹੁਣ ਉਹ 170 ਗੁਣਾ ਵਧੇਰੇ ਹਾਸਿਲ ਕਰ ਰਹੇ ਹਨ।

ਦੁਨਿਆਂ ਦੇ ਇੱਕ ਕੋਨੇ ਤੋਂ ਦੂਸਰੇ ਕੋਨੇ ਤੱਕ ਇਹੋ ਗੱਲ ਹੈ। ਆਪਣੇ ਦੇਸ਼ ਉੱਤੇ ਝਾਤ ਮਾਰੀਏ ਤਾਂ ਜਿੱਥੇ ਵੱਡੇ ਪੂੰਜੀਪਤੀ ਘਰਾਨਿਆਂ ਦੇ ਮੁਨਾਫ਼ਿਆ ਵਿੱਚ ਵੱਡੇ ਪੱਧਰ ਤੇ ਵਾਧਾ ਹੋਇਆ ਹੈ ਉੱਥੇ ਕਿਰਤੀ ਜਨਤਾ ਦਾ ਜੀਣਾ ਹੋਰ ਵੀ ਦੁੱਭਰ ਹੋ ਗਿਆ ਹੈ। ਭਾਰਤ ਦੇ ਕੁੱਲ ਘਰੇਲੂ ਪੈਦਾਵਾਰ ਵਿੱਚ ਕਾਰਪੋਰੇਟ ਮੁਨਾਫ਼ੇ 2002 ਵਿੱਚ 3.7% ਤੋਂ ਵੱਧ ਕੇ 2007 ਵਿੱਚ 9.1% ਹੋ ਗਏ ਜਦੋਂ ਕਿ ਕਰੋੜਾਂ ਕਿਰਤੀਆਂ ਦੀਆਂ ਉਜ਼ਰਤਾਂ ਦਾ ਹਿੱਸਾ ਇਸ ਸਮੇਂ ਦੌਰਾਨ 31% ਤੋਂ ਘੱਟ ਕੇ 28.7% ਰਹਿ ਗਿਆ। ਸੰਸਾਰ ਬੈਂਕ ਅਨੁਸਾਰ ਭਾਰਤ ਦਾ ਆਰਥਿਕ ਗੈਰ-ਬਰਾਬਰੀ ਦਰਸਾਉਣ ਵਾਲ਼ਾ ਸੂਚਕ ਅੰਕ (ਗਿੰਨੀ ਸੂਚਕ ਅੰਕ) 1994 ਵਿੱਚ 33.3% ਤੋਂ ਵੱਧਕੇ 2004 ਵਿੱਚ 37.6% ਹੋ ਗਿਆ ਹੈ। ਚੀਨ ਵਿੱਚ ਇਹੋ ਸਥਿਤੀ ਹੈ। ਕਮਿਊਨਿਜ਼ਮ ਦਾ ਬੁਰਕਾ ਪਾਈ 1976 ਵਿੱਚ ਚੀਨ ਦੀ ਰਾਜਸੱਤਾ 'ਤੇ ਕਾਬਜ਼ ਹੋਏ ਪੂੰਜੀਵਾਦੀ ਹਾਕਮਾਂ ਦੀਆਂ ਨੀਤੀਆਂ ਦੀ ਬਦੌਲਤ ਚੀਨ ਅੱਜ ਦੁਨੀਆਂ ਦਾ ਸਭ ਤੋਂ ਵਧੇਰੇ ਗੈਰ-ਬਰਾਬਰੀ ਵਾਲ਼ਾ ਦੇਸ਼ ਬਣ ਗਿਆ ਹੈ। ਚੀਨ ਦਾ ਗੈਰ-ਬਰਾਬਰੀ ਦਰਸਾਉਣ ਵਾਲ਼ਾ ਸੂਚਕ ਅੰਕ 2003 ਵਿੱਚ 40.7% ਸੀ ਜੋ ਕਿ ਸਿਰਫ਼ ਇੱਕ ਸਾਲ਼ ਅੰਦਰ ਹੀ ਵੱਧਕੇ 47.3% ਹੋ ਗਿਆ। ਅੱਜ ਦੁਨਿਆਂ ਭਰ ਵਿੱਚ ਜਿੱਥੇ ਅਮੀਰਾਂ ਦੇ ਮਹਿਲ ਉਸਰ ਰਹੇ ਹਨ, ਉੱਥੇ ਗਰੀਬਾਂ, ਬੇਰੁਜ਼ਗਾਰਾਂ, ਬੇਘਰਿਆਂ, ਝੁੱਗੀ-ਝੋਪੜੀਆਂ ਵਿੱਚ ਰਹਿਣ ਵਾਲਿਆਂ ਦੀ ਗਿਣਤੀ ਲਗਾਤਾਰ ਵੱਧਦੀ ਜਾ ਰਹੀ ਹੈ। ਇੱਕ ਪਾਸੇ ਜਿੱਥੇ ਇਸ ਪੂੰਜੀਵਾਦੀ-ਸਾਮਰਾਜਵਾਦੀ ਸੰਸਾਰ ਪ੍ਰਬੰਧ ਵਿੱਚ ਅਮੀਰਾਂ ਦੀ ਅਯਾਸ਼ੀ ਦੇ ਟਾਪੂ ਉਸਾਰੇ ਜਾ ਰਹੇ ਹਨ, ਉੱਥੇ ਗਰੀਬੀ ਦੇ ਮਹਾਂਸਾਗਰ ਵਿੱਚ ਤੈਰਦੇ ਅਯਾਸ਼ੀ ਦੇ ਟਾਪੂ ਜਿਆਦਾ ਦੇਰ ਤੱਕ ਸੁਰੱਖਿਅਤ ਨਹੀਂ ਰਹਿ ਸਕਦੇ। ਕਦੇ ਵੀ ਗਰੀਬੀ ਦੇ ਇਸ ਮਹਾਂਸਾਗਰ ਵਿੱਚ ਭੁਚਾਲ ਆ ਸਕਦਾ ਹੈ।

ਇਸੇ ਸਥਿਤੀ ਤੋਂ ਚਿੰਤਿਤ ਹਨ ਅੱਜ ਸੰਸਾਰ ਪੂੰਜੀਵਾਦੀ ਢਾਂਚੇ ਦੇ ਬੌਧਿਕ ਚਾਕਰ। ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਆਪਣੇ ਪੂੰਜੀਵਾਦੀ ਲੁਟੇਰੇ ਮਾਲਕਾਂ ਨੂੰ ਚੇਤਾਵਨੀ ਦਿੱਤੀ ਕਿ ਉਹ ਧਨ ਦਾ ਵਧੇਰੇ ਵਿਖਾਵਾ ਨਾ ਕਰਨ, ਕਿ ਉਹ ਕੰਪਨੀਆਂ ਦੇ ਚੀਫ਼ ਐਗਜ਼ੀਕਿਊਟ ਅਫ਼ਸਰਾਂ ਦੀਆਂ ਤਨਖ਼ਾਹਾਂ ਘੱਟ ਕਰਨ। ਉਸਨੇ ਦੇਸ਼ ਅੰਦਰ ਅਮੀਰਾਂ ਗਰੀਬਾਂ ਅੰਦਰ ਵੱਧ ਰਹੇ ਪਾੜੇ 'ਤੇ ਚਿੰਤਾਂ ਪ੍ਰਗਟ ਕਰਦੇ ਹੋਏ ਕਾਰਪੋਰੇਟ ਜਗਤ ਨੂੰ ਵਧੇਰੇ ਨਿਆਂਸੰਗਤ ਅਤੇ ਮਾਨਵੀ ਸਮਾਜ ਉਸਾਰਨ ਲਈ ਅੱਗੇ ਆਉਣ ਲਈ ਸੱਦਾ ਦਿੱਤਾ। ਪੂੰਜੀਵਾਦੀ ਪ੍ਰਬੰਧ ਦੀ ਸੇਵਾ ਵਿੱਚ ਸਾਰੀ ਜਿੰਦਗੀ ਲਗਾ ਦੇਣ ਵਾਲ਼ਾ ਵਿਅਕਤੀ ਇੰਨਾ ਭੋਲਾ ਤਾਂ ਹੋ ਨਹੀਂ ਸਕਦਾ ਕਿ ਉਹ ਅਜਿਹੀਆਂ ਉਮੀਦਾਂ ਪਾਲ਼ੇ ਜੋ ਕਦੇ ਪੂਰੀਆਂ ਨਹੀਂ ਹੋ ਸਕਦੀਆਂ। ਹਾਂ ਉਹ ਆਪਣੇ ਮਾਲਕਾਂ ਦੀ ਸਲਾਮਤੀ ਲਈ ਪ੍ਰੇਸ਼ਾਨ ਜ਼ਰੂਰ ਹੈ।

(ਬਾਕੀ ਪੰਨਾ 12 'ਤੇ)

ਮੈਡੀਕਲ ਕੋਰਸਾਂ ਦੀਆਂ ਫੀਸਾਂ ਵਿੱਚ ਵਾਧਾ

ਹੁਣ ਤੇ ਜੇ ਔਕਾਤ ਹੈ ਤਾਂ ਪੜ੍ਹ-ਲਿਖ ਜਾਓ !

—ਅਜੇ ਪਾਲ

5 ਅਗਸਤ ਨੂੰ ਪੰਜਾਬ ਸਰਕਾਰ ਨੇ ਇੱਕ ਫੈਸਲੇ ਵਿੱਚ ਬਿਆਨ ਜਾਰੀ ਕੀਤਾ। ਜਿਸ ਮੁਤਾਬਿਕ ਸਰਕਾਰ ਨੇ ਪ੍ਰਾਈਵੇਟ ਮੈਡੀਕਲ ਕਾਲਜਾਂ ਵਿੱਚ ਐਮ.ਬੀ.ਬੀ.ਐਸ. ਅਤੇ ਬੀ.ਡੀ.ਐਸ. ਸਮੇਤ ਦੂਜੇ ਮੈਡੀਕਲ ਕੋਰਸਾਂ ਦੀ ਫੀਸ ਤਿੰਨ ਤੋਂ ਚਾਰ ਗੁਣਾ ਤੱਕ ਵੱਧਾ ਦਿੱਤੀ ਹੈ। ਇੱਥੇ ਇਹ ਵਰਨਣਯੋਗ ਹੈ ਕਿ ਇਹ ਵਿਦਿਅਕ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਹੀ ਫੀਸਾਂ ਵਿੱਚ ਦੂਜੀ ਵਾਰ ਵਾਧਾ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਕੀਤੇ ਗਏ ਵਾਧੇ ਨੂੰ ਪ੍ਰਾਈਵੇਟ ਕਾਲਜਾਂ ਨੇ ਨਾਮਨਜ਼ੂਰ ਕਰ ਦਿੱਤਾ ਸੀ ਅਤੇ ਪ੍ਰਾਈਵੇਟ ਕਾਲਜਾਂ ਨੇ ਕੌਂਸਲਿੰਗ ਦਾ ਬਾਈਕਾਟ ਕਰ ਦਿੱਤਾ ਸੀ। ਪਰ ਅਸਲ ਵਿੱਚ ਬਾਈਕਾਟ ਕਰਨ ਦਾ ਸਿਰਫ਼ ਢੌਂਗ ਹੀ ਕੀਤਾ ਸੀ ਕਿਉਂਕਿ ਜਦ ਹੁਣ ਫਿਰ ਫੀਸਾਂ ਵਧਾਈਆਂ ਗਈਆਂ ਤਾਂ ਸਾਰੇ ਪ੍ਰਾਈਵੇਟ ਕਾਲਜ ਚੁੱਪ ਧਾਰੀ ਬੈਠੇ ਹਨ। ਅਸਲ ਗੱਲ ਇਹ ਹੈ ਕਿ ਹੁਣ ਦੁੱਧ 'ਤੇ ਆਈ ਮਲਾਈ ਵੇਖ ਭੁੱਖੇ ਜਨੌਰਾਂ ਵਾਂਗ ਇਹ ਵੀ ਜੀਭਾਂ ਨਾਲ਼ ਬੁੱਲ ਸਾਫ਼ ਕਰਦੇ ਫਿਰਦੇ ਹਨ। ਅਸੀਂ ਇਹ ਸੋਚ ਵੀ ਕਿਵੇਂ ਸਕਦੇ ਹਾਂ ਕਿ ਇੱਕ ਨਿੱਜੀ ਮਾਲਕ ਮੁਨਾਫੇ ਵੱਲੋਂ ਪਿੱਠ ਮੋੜ ਲੋਕ ਭਲਾਈ ਕਰਨ ਤੁਰ ਪਵੇਗਾ। ਇਸਦਾ ਇੱਕ ਪ੍ਰਤੱਖ ਕਾਰਣ ਵੀ ਹੈ, ਵਧਾਈਆਂ ਗਈਆਂ ਫੀਸਾਂ ਵਿੱਚੋਂ ਸਭ ਤੋਂ ਵੱਧ ਵਾਧਾ (2 ਤੋਂ 4 ਗੁਣਾ ਤੱਕ) ਮੈਨੇਜਮੈਂਟ ਕੋਟੇ ਦੀਆਂ ਫੀਸਾਂ ਵਿੱਚ ਹੋਇਆ ਹੈ। ਪਾਠਕਾਂ ਦੀ ਜਾਣਕਾਰੀ ਲਈ ਅਸੀਂ ਦੱਸ ਦੇਣਾ ਚਾਹੁੰਦੇ ਹਾਂ ਕਿ ਮੈਨੇਜਮੈਂਟ ਕੋਟਾ ਕੀ ਹੈ। ਸਰਕਾਰ ਪ੍ਰਾਈਵੇਟ ਕਾਲਜਾਂ ਨੂੰ ਆਪਣਾ ਖਰਚਾ ਆਪ ਕੱਢਣ ਦੇ ਨਾਂ 'ਤੇ ਕੁੱਲ ਸੀਟਾਂ ਵਿੱਚੋਂ ਕੁੱਝ ਸੀਟਾਂ ਮੈਨੇਜਮੈਂਟ ਕੋਟੇ ਵਿੱਚ ਦਿੰਦੀ ਹੈ ਅਤੇ ਇਸ ਮੈਨੇਜਮੈਂਟ ਕੋਟੇ ਵਿੱਚੋਂ ਆਈਆਂ ਸਾਰੀਆਂ ਫੀਸਾਂ 'ਚੋਂ, ਪ੍ਰਾਈਵੇਟ ਕਾਲਜਾਂ ਵੱਲੋਂ ਸਰਕਾਰ ਨੂੰ ਕੁੱਝ ਵੀ ਨਹੀਂ ਦਿੱਤਾ ਜਾਂਦਾ। ਭਾਵ ਨਿਰੋਲ ਮੁਨਾਫਾ! ਫਿਰ ਇਹ ਭੁੱਖੇ ਬਘਿਆੜ ਮਾਸ ਦੀਆਂ ਮੋਟੀਆਂ ਬੋਟੀਆਂ ਤੋਂ ਮੂੰਹ ਕਿਵੇਂ ਮੋੜ ਸਕਦੇ ਹਨ ?

ਪੰਜਾਬ ਸਰਕਾਰ ਨੇ ਪ੍ਰਾਈਵੇਟ ਮੈਡੀਕਲ ਕਾਲਜਾਂ ਵਿੱਚ ਐਮ.ਬੀ.ਬੀ.ਐਸ. ਲਈ ਓਪਨ ਸੀਟਾਂ ਦੀ ਫੀਸ ਹੁਣ 1.15 ਲੱਖ ਰੁਪਏ ਤੋਂ ਵਧਾ ਕੇ 1.25 ਲੱਖ ਕਰ ਦਿੱਤੀ ਹੈ। ਇਸ ਤੋਂ ਪਹਿਲਾਂ ਇਹ ਵਾਧਾ ਇੱਕ ਲੱਖ ਰੁਪਏ ਤੋਂ 1.15 ਲੱਖ ਕੀਤਾ ਸੀ। ਬੀ.ਡੀ.ਐਸ. ਦੀ 50,000 ਤੋਂ ਵਧਾ ਕੇ 63,000 ਰੁਪਏ। ਐਮ.ਬੀ.ਬੀ.ਐਸ. ਵਿੱਚ ਦਾਖਲੇ ਲਈ ਮੈਨੇਜਮੈਂਟ ਕੋਟੇ ਦੀ ਫ਼ੀਸ ਇੱਕ ਲੱਖ ਰੁਪਏ ਪ੍ਰਤੀ ਸਾਲ ਤੋਂ ਵਧਾ ਕੇ ਤਿੰਨ ਲੱਖ ਰੁਪਏ ਕਰ ਦਿੱਤੀ ਗਈ ਹੈ। ਬੀ.ਡੀ.ਐਸ. ਦੀ ਇਹ ਫ਼ੀਸ 54,000 ਰੁਪਏ ਤੋਂ 2.40 ਲੱਖ ਰੁਪਏ ਅਤੇ ਬੀ.ਏ.ਐਮ.ਐਸ. ਲਈ 54 ਹਜ਼ਾਰ ਰੁਪਏ ਤੋਂ 1.10 ਲੱਖ ਰੁਪਏ ਕਰ ਦਿੱਤੀ ਗਈ ਹੈ। ਮੈਨੇਜਮੈਂਟ ਕੋਟੇ ਲਈ 35 ਫ਼ੀਸਦੀ ਸੀਟਾਂ ਰਾਖਵੀਆਂ ਹੁੰਦੀਆਂ ਹਨ। 15 ਫ਼ੀਸਦੀ ਐਨ.ਆਰ.ਆਈ. ਕੋਟੇ ਲਈ ਰਾਖਵੀਆਂ ਹਨ। ਐ.ਬੀ.ਬੀ.ਐਸ. ਲਈ ਐਨ.ਆਰ.ਆਈ. ਕੋਟੇ ਦੀ ਫ਼ੀਸ 37 ਲੱਖ ਰੁਪਏ (ਪੰਜ ਸਾਲ ਲਈ) ਹੈ। ਭਾਵ ਕੁੱਲ ਸੀਟਾਂ ਦਾ 15 ਫ਼ੀਸਦੀ ਤਾਂ ਪਹਿਲਾਂ ਹੀ ਦੇਸ਼ ਦੇ ਧਨਾਡਾਂ ਲਈ ਰਾਖਵਾਂ ਹੋ ਚੁੱਕਾ ਹੈ ਅਤੇ ਉਸਤੋਂ ਅਗਲਾ 35 ਫ਼ੀਸਦੀ ਮੈਨੇਜਮੈਂਟ ਕੋਟਾ ਥੋੜਾ ਘੱਟ ਧਨਾਡਾਂ ਲਈ। ਵਧੀਆ ਹੋਈਆਂ ਫੀਸਾਂ ਜਮ੍ਹਾਂ ਨਾ ਕਰਾ ਸਕਣ ਕਾਰਨ ਇਸ ਸਾਲ 188 ਵਿਦਿਆਰਥੀ ਕੋਰਸਾਂ ਵਿੱਚ ਦਾਖਲਾ ਨਾ ਲੈ ਸਕੇ। 7 ਦਰਜਨ ਵਿਦਿਆਰਥੀਆਂ ਨੇ ਪ੍ਰਾਈਵੇਟ ਕਾਲਜਾਂ ਵਿੱਚ ਐਮ.ਬੀ.ਬੀ.ਐਸ. ਕਰਨ ਦੀ ਥਾਂ ਸਰਕਾਰੀ ਕਾਲਜਾਂ ਵਿੱਚ ਬੀ.ਡੀ.ਐਸ. ਵਿੱਚ ਦਾਖਲਾ ਲਿਆ। ਇਸੇ ਤਰਾਂ ਬੀ.ਡੀ.ਐਸ. 'ਚ ਦਾਖਲੇ ਲਈ ਚੁਣੇ ਚਾਰ ਵਿਦਿਆਰਥੀ ਫੀਸਾਂ ਵਿੱਚ ਵਾਧੇ ਕਾਰਨ ਬੀ.ਈ.ਐਮ.ਐਸ. ਵਿੱਚ ਚਲੇ ਗਏ। ਹੁਣ ਇਹ ਅੰਕੜੇ ਸਾਫ਼ ਦਸਦੇ ਹਨ ਕਿ ਜਿਸਦੀ ਜਿੰਨੀ ਵੱਧ ਔਕਾਤ ਹੈ ਉਹ ਆਪਣੇ ਬੱਚਿਆ ਨੂੰ ਓਨੀ ਹੀ ਵਧੀਆ ਸਿੱਖਿਆ ਦੇ ਸਕਦਾ ਹੈ।

ਅਸਲ ਵਿੱਚ ਇਸ ਪੂਰੇ ਵਰਤਾਰੇ ਨੂੰ ਗਹਿਰਾਈ ਵਿੱਚ ਘੋਖਣ ਪੜਤਾਲਣ ਦੀ ਲੋੜ ਹੈ। ਆਖਰ ਕੀ ਕਾਰਨ ਹਨ ਜੋ ਸਰਕਾਰ ਸਾਰੇ ਹੀ ਸਰਕਾਰੀ ਅਦਾਰਿਆਂ ਨੂੰ ਦੇਸੀ-ਵਿਦੇਸ਼ੀ ਸਰਮਾਏਦਾਰਾਂ ਨੂੰ ਕੌਡੀਆਂ ਦੇ ਭਾਅ ਵੇਚਣ 'ਤੇ ਤੁਲੀ ਹੋਈ ਹੈ। ਅਸਲ ਵਿੱਚ ਹੁਣ ਸੰਸਾਰ ਪੱਧਰ 'ਤੇ ਪੂੰਜੀਵਾਦੀ ਢਾਂਚਾ ਆਪਣੇ ਅਸਾਧ ਸੰਕਟਾਂ ਵਿੱਚ ਭਾਵ ਵਾਧੂ ਪੈਦਾਵਾਰ ਦੇ ਸੰਕਟ ਵਿੱਚ ਫਸਿਆ ਹੋਇਆ ਹੈ। ਵਾਧੂ ਪੈਦਾਵਾਰ ਹੋਣ ਦਾ ਇਹ ਮਤਲਬ ਨਹੀਂ ਕਿ ਪੈਦਾਵਾਰ ਲੋੜ ਤੋਂ ਜਿਆਦਾ ਹੋ ਜਾਂਦੀ ਹੈ ਸਗੋਂ ਇਸਦਾ ਮਤਲਬ ਇਹ ਹੈ ਕਿ ਪੈਦਾਵਾਰ ਲੋਕਾਂ ਦੀ ਖਰੀਦ ਸ਼ਕਤੀ ਤੋਂ ਜਿਆਦਾ ਹੋ ਜਾਂਦੀ ਹੈ, ਜਿਸਦਾ ਮਤਲਬ ਹੈ ਅਰਥਚਾਰੇ ਵਿੱਚ ਖੜੋਤ ਆ ਜਾਣੀ ਅਤੇ ਮੰਡੀ ਵਿੱਚ ਨਿਵੇਸ਼ ਦੇ ਮੌਕੇ ਨਿਸ਼ੇਸ਼ (Saturate) ਹੋ ਜਾਣੇ। ਇਹੀ ਉਹ ਸੰਕਟ ਹੈ ਜਿਸ ਵਿੱਚੋਂ ਕਿ 1990 ਤੋਂ ਬਾਅਦ ਦੀਆਂ ਨਿੱਜੀਕਰਨ, ਉਦਾਰੀਕਰਨ ਅਤੇ ਸੰਸਾਰੀਕਰਨ ਦੀਆਂ ਨੀਤੀਆਂ ਸਾਹਮਣੇ ਆਈਆਂ। ਜਿਸ ਤਹਿਤ ਵੱਡੀ ਪੱਧਰ 'ਤੇ ਸਰਕਾਰੀ ਮਹਿਕਮਿਆਂ ਦਾ ਨਿੱਜੀਕਰਨ ਕਰਨਾ ਸ਼ੁਰੂ ਕੀਤਾ ਗਿਆ। ਅਖਬਾਰਾਂ ਅਤੇ ਦੇਸ਼-ਵਿਦੇਸ਼ ਦੀਆਂ ਹੋਰ ਖ਼ਬਰਾਂ ਨਾਲ਼ ਜੁੜੇ ਰਹਿਣ ਵਾਲ਼ੇ ਪਾਠਕ ਇਹ ਜਾਣਦੇ ਹੀ ਹੋਣਗੇ ਕਿ ਇਹ ਵਰਤਾਰਾ ਸਿਰਫ ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਵਿੱਚ ਹੀ ਨਹੀਂ ਵਾਪਰ ਰਿਹਾ ਸਗੋਂ ਵਿਕਸਤ ਪੂੰਜੀਵਾਦੀ ਦੇਸ਼ਾਂ ਵਿੱਚ ਵੀ ਸਰਕਾਰਾਂ 'ਸਮਾਜ ਭਲਾਈ' ਵਿੱਚੋਂ ਆਪਣਾ ਹੱਥ ਖਿੱਚ ਰਹੀਆਂ ਹਨ। ਪਿਛਲੇ ਸਾਲ ਦੇ ਸ਼ੁਰੂ ਵਿੱਚ ਜਪਾਨ ਸਰਕਾਰ ਨੇ ਜਪਾਨ ਦੇ ਡਾਕ ਵਿਭਾਗ ਨੂੰ ਜਦ ਨਿੱਜੀ ਹੱਥਾਂ ਦੇ ਹਵਾਲੇ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਵੱਡੀ ਗਿਣਤੀ ਵਿੱਚ ਲੋਕਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ, ਫਰਾਂਸ ਸਰਕਾਰ ਨੇ ਵੀ ਜਦ ਨਿੱਜੀ ਕੰਪਨੀਆਂ ਨੂੰ ਵਿਸ਼ੇਸ਼ ਅਧਿਕਾਰ ਦੇਣ ਦੀ ਸੋਚੀ ਤਾਂ ਉਸ ਨੂੰ ਵਿਦਿਆਰਥੀਆਂ ਦੇ ਵਿਦਰੋਹਾਂ ਦਾ ਸਾਹਮਣਾ ਕਰਨਾ ਪਿਆ ਅਤੇ ਬਾਅਦ ਵਿੱਚ ਇਨ੍ਹਾਂ ਵਿਦਰੋਹਾਂ ਵਿੱਚ ਉਥੋਂ ਦੀਆਂ ਟਰੇਡ-ਯੂਨੀਅਨਾਂ ਨੇ ਵੀ ਸਾਥ ਦਿੱਤਾ ਅਤੇ ਮਜਬੂਰਨ ਸਰਕਾਰ ਨੂੰ ਝੁਕਣਾ ਪਿਆ।

ਵਿਸ਼ਵ ਬੈਂਕ ਅੱਜ ਹਰ ਦੇਸ਼ ਨੂੰ ਇਹ ਸੁਝਾਅ ਦੇ ਰਿਹਾ ਹੈ ਅਤੇ ਜਿਨ੍ਹਾਂ 'ਤੇ ਹੋ ਸਕਦਾ ਹੈ ਦਬਾਅ ਪਾ ਰਿਹਾ ਹੈ ਕਿ ਉਹ ਆਪਣਾ

(ਬਾਕੀ ਪੰਨਾ 20 'ਤੇ)

ਅਮਰੀਕਾ ਪਹਿਲਾਂ ਆਪਣੀ ਪੀੜ੍ਹੀ ਹੇਠ ਸੋਟਾ ਮਾਰੇ ਫ਼ੇਰ ਲੜੇ 'ਦਹਿਸ਼ਤਗਰਦ' ਦੇਸ਼ਾਂ ਵਿੱਚ 'ਜਮਹੂਰੀਅਤ' ਬਹਾਲੀ ਦਾ ਯੁੱਧ

—ਲਖਵਿੰਦਰ

ਅਮਰੀਕਾ ਵਿੱਚ ਰਾਸ਼ਟਰਪਤੀ ਚੋਣਾਂ ਦਾ ਸਮਾਂ ਨੇੜੇ ਆ ਰਿਹਾ ਹੈ। ਇਹ ਚੋਣਾਂ ਇੱਕ ਅਜਿਹੇ ਸਮੇਂ ਵਿੱਚ ਹੋ ਰਹੀਆਂ ਹਨ ਜਦੋਂ ਇਹ ਦੇਸ਼ ਹਰ ਪਾਸਿਓਂ ਕਸੂਤਾ ਫਸਿਆ ਹੋਇਆ ਹੈ। ਅਮਰੀਕਾ ਦਾ ਅਰਥਚਾਰਾ ਇਸ ਸਮੇਂ ਲੜਖੜਾ ਰਿਹਾ ਹੈ। ਇਸਦਾ ਵਪਾਰ ਅਤੇ ਬਜ਼ਟ ਘਾਟਾ ਅਸਮਾਨ ਛੂ ਰਿਹਾ ਹੈ। ਅਮੀਰੀ-ਗਰੀਬੀ ਦੇ ਪਾੜੇ ਤੇਜ਼ ਗਤੀ ਨਾਲ਼ ਦਿਨ-ਬ-ਦਿਨ ਹੋਰ ਵੱਧ ਗਹਿਰੇ ਅਤੇ ਚੌੜੇ ਹੁੰਦੇ ਜਾ ਰਹੇ ਹਨ। ਬੇਰੁਜ਼ਗਾਰੀ ਜਿਸ ਕਦਰ ਅਮਰੀਕੀ ਲੋਕਾਂ 'ਤੇ ਕਹਿਰ ਢਾਹ ਰਹੀ ਹੈ ਉਸਤੋਂ ਅਮਰੀਕਾਂ ਵਿੱਚ ਉੱਠ ਰਹੇ ਤੁਫ਼ਾਨ ਦਾ ਸਹਿਜ਼ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ। ਅਮਰੀਕੀ ਪੂੰਜ਼ੀਵਾਦੀ ਥਿੰਕਟੈਂਕ ਮੱਥਾ ਫੜੀ ਬੈਠੇ ਹਨ ਪਰ ਉਹਨਾਂ ਨੂੰ ਇਹਨਾਂ ਸਮੱਸਿਆਵਾਂ ਵਿੱਚੋਂ ਨਿਕਲਣ ਦਾ ਕੋਈ ਰਾਹ ਨਹੀਂ ਲੱਭ ਰਿਹਾ। ਅਮਰੀਕੀ ਅਰਥਚਾਰੇ ਦੀ ਮੌਜੂਦਾ ਹਾਲਤ ਪਿਛਲੀ ਸਦੀ ਦੇ ਤੀਸਰੇ ਦਹਾਕੇ ਦੀ ਮੰਦੀ ਤੋਂ ਕੁਝ ਸਮਾਂ ਪਹਿਲਾਂ ਤੋਂ ਵੀ ਭੈੜੀ ਬਣਦੀ ਜਾ ਰਹੀ ਹੈ। ਵਿਸ਼ੇ ਦੇ ਦਾਇਰੇ ਕਾਰਨ ਇੱਥੇ ਅਮਰੀਕਾ ਦੀ ਆਰਥਿਕ ਹਾਲਤ ਬਾਰੇ ਸਿਰਫ਼ ਚੱਲਦੇ ਚੱਲਦੇ ਹੀ ਗੱਲ ਕੀਤੀ ਜਾ ਸਕਦੀ ਹੈ। ਅਮਰੀਕੀ ਅਰਥਚਾਰੇ ਵਿੱਚ ਆਰਥਿਕ ਗੈਰ-ਬਰਾਬਰੀ ਬਾਰੇ ਤੁਸੀਂ ਅੰਦਾਜ਼ਾ ਸਿਰਫ਼ ਇਸ ਗੱਲ ਤੋਂ ਲਗਾ ਸਕਦੇ ਹੋ-ਉੱਪਰ ਦੇ 10 ਪ੍ਰਤੀਸ਼ਤ ਅਮਰੀਕੀਆਂ ਕੋਲ਼ ਥੱਲੇ ਦੇ 48.5 ਅਮਰੀਕੀ ਲੋਕਾਂ ਦੇ ਧਨ ਜਿੰਨਾਂ ਧਨ ਇਕੱਠਾ ਹੋ ਗਿਆ ਹੈ। ਆਮ ਅਮਰੀਕੀ ਲੋਕ ਆਪਣੀ ਸਰਕਾਰ ਦੀਆਂ ਨੀਤੀਆਂ ਤੋਂ ਬੇਹੱਦ ਨਿਰਾਸ਼ ਹਨ। ਇਰਾਕ ਉੱਤੇ ਹਮਲਾ ਕਰ ਕੇ ਅਮਰੀਕੀ ਸਰਕਾਰ ਨੇ ਇਹਨਾਂ ਸਮੱਸਿਆਵਾਂ ਤੋਂ ਬਨਾਵਟੀ ਨਿਜ਼ਾਤ ਪਾਉਣ ਦੀ ਕੋਸ਼ਿਸ਼ ਕੀਤੀ ਸੀ। ਉੱਥੇ ਵੀ ਅਮਰੀਕਾ ਬੁਰੀ ਤਰ੍ਹਾਂ ਫਸ ਗਿਆ ਹੈ। ਇਹ ਸਾਮਰਾਜਵਾਦੀ ਸੁਪਰਪਾਵਰ ਅਸਲਿਅਤ ਵਿੱਚ ਇਰਾਕ ਦੀ ਲੜਾਈ ਹਾਰ ਚੁੱਕੀ ਹੈ। ਇਰਾਕੀ ਲੋਕ ਨੇ ਅਮਰੀਕੀ ਕਬਜ਼ੇ ਵਿਰੁੱਧ ਡੱਟ ਕੇ ਸਘੰਰਸ਼ ਕਰ ਰਹੇ ਹਨ। ਇਰਾਕੀ ਗੁਰਿਲਿਆਂ ਹੱਥੋਂ ਅਮਰੀਕੀ ਫ਼ੌਜ ਨੇ ਬੁਰੀ ਤਰ੍ਹਾਂ ਮੂੰਹ ਭਨਾਇਆ ਹੈ। ਅਮਰੀਕੀ ਸਾਮਰਾਜਵਾਦੀਆਂ ਨੂੰ ਨਾ ਤਾਂ ਉੱਥੇ ਟਿਕਣ ਲਈ ਕੋਈ ਠਿਕਾਨਾ ਲੱਭ ਰਿਹਾ ਹੈ ਅਤੇ ਨਾ ਹੀ ਭੱਜਣ ਦਾ ਕੋਈ ਰਾਹ।

ਇਹਨਾਂ ਹਾਲਤਾਂ ਵਿੱਚ ਹੋ ਰਹੀਆਂ ਰਾਸ਼ਟਰਪਤੀ ਚੋਣਾਂ ਤੋਂ, ਨਪੀੜਿਆ ਜਾ ਰਿਹਾ ਹਰ ਸਧਾਰਨ ਅਮਰੀਕੀ ਜ਼ਰੂਰ ਹੀ ਕੁਝ ਸਾਰਥਕ ਸੱਤਾ ਤਬਦੀਲੀ ਦੀਆਂ ਇੱਛਾਵਾਂ ਪਾਲ਼ ਰਿਹਾ ਹੈ। ਪਰ ਥੋੜੇ ਜਿਹੇ ਵੀ ਚੇਤੰਨ ਅਮਰੀਕਆਂ ਨੂੰ ਇਹਨਾਂ ਚੋਣਾਂ ਤੋਂ ਕੁਝ ਵੀ ਲੋਕ ਪੱਖੀ ਹਾਸਲ ਹੋਣ ਦੀ ਉਮੀਦ ਨਹੀਂ ਹੈ। ਦੁਨੀਆਂ ਭਰ ਵਿੱਚ ਸ਼ਾਂਤੀ ਲਈ ਅੱਤਵਾਦ ਅਤੇ ਤਾਨਾਸ਼ਾਹੀ ਖਿਲਾਫ਼ ਜਮਹੂਰੀਅਤ ਦੀ ਜੰਗ ਦਾ ਢਿਡੋਂਰਾ ਪਿੱਟਣ ਵਾਲ਼ੇ ਅਮਰੀਕਾ ਦਾ ਆਪਣਾ ਲੋਕਤੰਤਰ ਪੂਰੀ ਤਰ੍ਹਾਂ ਧਨਤੰਤਰ ਵਿੱਚ ਤਬਦੀਲ਼ ਹੋ ਚੁੱਕਾ ਹੈ। ਆਓ ਦੇਖਦੇ ਹਾਂ ਕਿ ਅਮਰੀਕਾ ਵਿੱਚ ਕਿਸ ਪ੍ਰਕਾਰ ਜਿੱਤੀਆਂ ਜਾਂਦੀਆਂ ਹਨ ਚੋਣਾਂ ਅਤੇ ਅਸਲ ਵਿੱਚ ਕੌਣ ਕੰਟਰੋਲ ਕਰਦਾ ਹੈ ਸਾਰੀ ਦੁਨੀਆਂ ਵਿੱਚ ਮਾਡਲ ਦੇ ਰੂਪ ਵਿੱਚ ਪੇਸ਼ ਕੀਤੇ ਜਾ ਰਹੇ ਅਮਰੀਕੀ 'ਲੋਕਤੰਤਰ' ਨੂੰ। ਆਖ਼ਰ ਕੌਣ ਤਿਆਰ ਕਰਦਾ ਹੈ ਉੱਥੋਂ ਦੇ ਕਾਨੂੰਨ, ਕੌਣ ਬਣਾਉਂਦਾ ਹੈ ਨੀਤੀਆਂ ?

ਅਮਰੀਕਾ ਵਿੱਚ ਬਣਨ ਵਾਲ਼ੀ ਦੋਨਾਂ ਹੀ ਪਾਰਟੀਆਂ ਵਿੱਚੋਂ ਕਿਸੇ ਦੀ ਵੀ ਸਰਕਾਰ ਅਸਲ ਵਿੱਚ ਪੂੰਜ਼ੀਪਤੀਆਂ ਦੀ ਮੈਨੇਜਿੰਗ ਕਮੇਟੀ ਤੋਂ ਵੱਧ ਕੁਝ ਵੀ ਨਹੀਂ ਹੁੰਦੀ। ਪਹਿਲਾਂ ਇਹ ਸਭ ਇੱਕ ਲੁਕਣ-ਮੀਚੀ ਦੀ ਖੇਡ ਸੀ ਜੋ ਹੁਣ ਸਭ ਦੇ ਸਾਹਮਣੇ ਦਿਨ-ਦਿਹਾੜੇ ਸੜਕ ਵਿਚਕਾਰ ਕੀਤੇ ਜਾ ਰਹੇ ਲੱਚਰ ਕਿਸਮ ਦੇ ਨਾਚ ਵਿੱਚ ਤਬਦੀਲ ਹੋ ਗਿਆ ਹੈ। ਅਮਰੀਕੀ ਲੋਕ ਤਾਂ ਸਿਰਫ਼ ਵੋਟ ਪਾਉਂਦੇ ਹਨ ਅਸਲ ਵਿੱਚ ਤਾਂ ਉਮੀਦਵਾਰ ਹੋਰ ਹੀ ਤਰੀਕੇ ਨਾਲ ਚੁਣੇ ਜਾ ਰਹੇ ਹੁੰਦੇ ਹਨ। ਕੋਈ ਵੀ ਅਜਿਹਾ ਉਮੀਦਵਾਰ ਨਹੀਂ ਚੁਣਿਆਂ ਜਾਂਦਾ ਜੋ ਅਜ਼ਾਦਾਨਾਂ ਤੌਰ 'ਤੇ ਲੋਕਾਂ ਦੇ ਚੰਗੇ ਵਾਸਤੇ ਸੋਚ ਸਕੇ। ਅਮਰੀਕੀ 'ਲੋਕਤੰਤਰ' ਵਿੱਚ ਇਹ ਕਰਿਸ਼ਮਾਂ ਇਸ ਤਰ੍ਹਾਂ ਸੰਭਵ ਹੋ ਪਾਉਂਦਾ ਹੈ—

"ਧਨ ਅਮਰੀਕੀ 'ਲੋਕਤੰਤਰ' ਵਿੱਚ ਗਰੀਸ ਦਾ ਕੰਮ ਦਿੰਦਾ ਹੈ। ਜਿਹੜਾ ਉਮੀਦਵਾਰ ਜਿੰਨਾਂ ਜਿਆਦਾ ਚੋਣ ਮੁਹਿੰਮ ਫੰਡ ਇਕੱਠਾ ਕਰ ਲੈਂਦਾ ਹੈ ਅਤੇ ਘੱਟ ਤੋਂ ਘੱਟ ਵਿਵਾਦਾਂ ਵਿੱਚ ਫਸਦਾ ਹੈ, ਉਸਨੂੰ ਮੀਡੀਆ ਦੁਆਰਾ ਪਹਿਲੇ ਸਥਾਨ 'ਤੇ ਦੌੜ ਰਿਹਾ ਮੰਨ ਲਿਆ ਜਾਂਦਾ ਹੈ। ਉਹ ਚੋਣਾਂ ਨੂੰ ਇੱਕ ਨਕਲੀ ਜ਼ੋਰ ਅਤੇ ਗਤੀ ਦੇਣ ਦੇ ਕਾਬਿਲ ਹੋ ਜਾਂਦਾ ਹੈ।" ਇੱਕ ਅੰਗਰੇਜ਼ੀ ਮੈਗਜ਼ੀਨ ਦੇ ਇਹ ਸ਼ਬਦ ਅਮਰੀਕੀ ਲੋਕਤੰਤਰ ਦੇ ਝੂਠ ਦੇ ਰੇਤ ਕਿਲ਼ੇ ਨੂੰ ਇੱਕ ਝਟਕੇ 'ਚ ਹੀ ਢਹਿ-ਢੇਰੀ ਕਰ ਦਿੰਦੇ ਹਨ। ਫ਼ਾਈਨਾਂਸ, ਬੀਮਾਂ ਅਤੇ ਰਿਅਲ ਅਸਟੇਟ ਵਿੱਚ ਰੁਚੀ ਰੱਖਣ ਵਾਲ਼ੀਆਂ ਕਾਰਪੋਰੇਸ਼ਨਾਂ, ਦਵਾਈਆਂ ਬਣਾਉਣ ਵਾਲ਼ੀਆਂ ਕੰਪਨੀਆਂ, ਮੀਡੀਆ, ਰਿਟੇਲ ਸੇਲ (ਜਿਵੇਂ ਕਿ ਵਾਲ ਮਾਰਟ)— ਇਹ ਸਾਰੇ ਵਿਸ਼ਵੀਕਰਨ ਅਤੇ ਉਦਾਰੀਕਰਨ ਦੀਆਂ ਨੀਤੀਆਂ ਦੇ ਕੱਟੜ ਸਮਰਥਕ ਹਨ। ਇਹਨਾਂ ਦੁਆਰਾ ਹੀ ਅਮਰੀਕਾ ਵਿੱਚ ਹੋਣ ਵਾਲ਼ੀਆਂ ਚੋਣਾਂ ਲਈ ਸਭ ਤੋਂ ਜਿਆਦਾ ਧਨ ਲਾਇਆ ਜਾਂਦਾ ਹੈ। ਕਿਸੇ ਵੀ ਰਾਜਨੀਤਕ ਉਮੀਦਵਾਰ ਲਈ- ਜੋ ਵੀ ਇਹਨਾਂ ਤੋਂ ਚੋਣ ਮੁਹਿੰਮ ਫੰਡ ਲੈਂਦਾ ਹੈ -ਇਹ ਅਸੰਭਵ ਹੈ ਕਿ ਉਹ ਵਿਸ਼ਵੀਕਰਨ ਅਤੇ ਉਦਾਰੀਕਰਨ ਦਾ ਵਿਰੋਧ ਕਰੇ। ਉਹ ਤਾਂ ਜਿਆਦਾ ਤੋਂ ਜਿਆਦਾ, ਵੱਧ ਰਹੀ ਗੈਰ-ਬਰਾਬਰੀ ਵਜੋਂ ਵਿਵਸਥਾ ਨੂੰ ਪੈਦਾ ਹੋ ਰਹੇ ਖਤਰੇ ਵੱਲ਼ ਇਸ਼ਾਰਾ ਭਰ ਕਰ ਸਕਦਾ ਹੈ ਜਾਂ ਲੋਕਾਂ ਦੀ ਬੁਰੀ ਹਾਲਤ ਬਾਰੇ ਕੁਝ ਸੁਝਾਅ ਹੀ ਦੇ ਸਕਦਾ ਹੈ

(ਜਿਸ ਤਰ੍ਹਾਂ ਕਿ ਹੁਣ ਜੋਹਨ ਐਡਵਰਡ ਕਰ ਰਿਹਾ ਹੈ)। ਜੋ ਵੀ ਇਹਨਾਂ ਨੀਤੀਆਂ ਦਾ ਵਿਰੋਧ ਕਰਦਾ ਹੈ ਉਸਨੂੰ ਇਹ ਕਾਰਪੋਰੇਸ਼ਨਾਂ ਕੋਈ ਚੋਣ ਮੁਹਿੰਮ ਫੰਡ ਨਹੀਂ ਦਿੰਦੀਆਂ ਅਤੇ ਜਿਸ ਕੋਲ਼ ਚੋਣ ਮੁਹਿੰਮ ਫੰਡ ਘੱਟ ਹੈ ਉਹ ਕਦੇ ਹੀਰੋ ਨਹੀਂ ਬਣਦਾ- ਚੋਣ ਹਾਰ ਕੇ ਜ਼ੀਰੋ ਹੀ ਬਣਿਆ ਰਹਿਣਾ ਉਸਦੀ ਹੋਣੀ ਹੁੰਦੀ ਹੈ।

ਆਓ ਅੰਕੜਿਆਂ ਜ਼ਰੀਏ ਦੇਖੀਏ ਕਿ ਡਾਲ਼ਰ ਅਮਰੀਕਾ ਵਿੱਚ ਚੋਣਾਂ ਦੌਰਾਨ ਕੀ ਕਮਾਲ ਦਿਖਾਉਂਦੇ ਹਨ।

ਇਸ ਵਾਰ ਹੋ ਰਹੀਆਂ ਰਾਸ਼ਟਰਪਤੀ ਚੋਣਾਂ ਵਿੱਚ ਸਭ ਤੋਂ ਫੱਸਵੀਂ ਟੱਕਰ ਹਿਲ਼ੇਰੀ ਕਲਿੰਟਨ ਅਤੇ ਬਾਰਾਕ ਓਬਾਮਾ ਵਿੱਚ ਮੰਨੀ ਜਾ ਰਹੀ ਹੈ। ਦੋਨੋਂ ਹੀ ਡੈਮੋਕ੍ਰੇਟਿਕ ਪਾਰਟੀ ਤੋਂ ਹਨ। ਸੰਨ 2000 ਵਿੱਚ ਸੈਨੇਟਰ ਚੋਣਾਂ ਵਿੱਚ ਹਿਲ਼ੇਰੀ ਕਲਿੰਟਨ ਨੇ ਆਪਣੇ ਵਿਰੋਧੀਆਂ ਖਿਲਾਫ਼ ਜੇਤੂ ਚੋਣ ਮੁਹਿੰਮ ਵਿੱਚ ਚੋਣ ਮੁਹਿੰਮ ਫੰਡ ਵਜੋਂ 300 ਲੱਖ ਡਾਲ਼ਰ ਇਕੱਠੇ ਕਰ ਲਏ ਸਨ। ਜਦ ਕਿ ਹਾਰੇ ਵਿਰੋਧੀ ਉਮੀਦਵਾਰ ਕੁੱਲ ਮਿਲਾ ਕੇ ਹੀ ਏਨਾ ਫੰਡ ਇਕੱਠਾ ਕਰ ਸਕੇ। ਸੰਨ 2006 ਵਿੱਚ ਹਿਲ਼ੇਰੀ ਕਲਿੰਟਨ ਨੇ ਜਦ ਫਿਰ ਤੋਂ ਸੈਨੇਟਰ ਦੀ ਚੋਣ ਲੜੀ ਤਾਂ ਉਹ ਇਸ ਵਾਰ ਵੀ ਬਾਕੀ ਸਾਰੇ ਵਿਰੋਧੀ ਉਮੀਦਵਾਰਾਂ ਤੋਂ ਵੱਧ ਚੋਣ ਮੁਹਿੰਮ ਫੰਡ ਇਕੱਠਾ ਕਰਨ ਵਿੱਚ ਸਫ਼ਲ ਰਹੀ। ਇਸੇ ਕਰਕੇ ਉਸਦੀ ਜਿੱਤ ਵੀ ਨਿਸ਼ਚਿਤ ਹੋਈ। ਇਸ ਚੋਣ ਚੱਕਰ ਵਿੱਚ ਉਸਨੇ ਸੰਨ 2000 ਦੀਆਂ ਚੋਣਾਂ ਤੋਂ ਵੀ ਵੱਧ ਯਾਨਿ ਕਿ 500 ਲੱਖ ਡਾਲਰ ਇਕੱਠੇ ਕੀਤੇ ਸਨ। ਇਹਨਾਂ ਵਿੱਚੋਂ ਚੋਣ ਪ੍ਰਚਾਰ ਵਿੱਚ ਉਸਨੇ 370 ਲੱਖ ਡਾਲਰ ਖਰਚ ਕੀਤੇ ਅਤੇ ਬਾਕੀ ਦੇ ਇਸ ਵਾਰ ਦੀਆਂ ਰਾਸ਼ਟਰਪਤੀ ਚੋਣਾਂ ਲਈ ਬਚਾ ਲਏ ਸਨ। ਹਿਲੇਰੀ ਕਲਿੰਟਨ ਨੂੰ ਹੁਣ ਹੋ ਰਹੀਆਂ ਚੋਣਾਂ ਲਈ ਪਹਿਲਾਂ ਕਿਸੇ ਪਾਸੇ ਤੋਂ ਕੋਈ ਖ਼ਤਰਾ ਨਜ਼ਰ ਨਹੀਂ ਆ ਰਿਹਾ ਸੀ ਪਰ ਸਾਰਿਆਂ ਨੂੰ ਹੈਰਾਨੀ ਵਿੱਚ ਪਾਉਂਦੇ ਹੋਏ ਡੈਮੋਕ੍ਰੇਟ ਬਾਰਾਕ ਓਬਾਮਾ ਨੇ 15 ਜੂਨ ਤੱਕ ਹੀ ਹਿਲੇਰੀ ਕਲਿੰਟਨ ਦੇ ਬਰਾਬਰ ਹੀ ਚੋਣ ਮੁਹਿੰਮ ਫੰਡ ਇਕੱਠਾ ਕਰ ਕੇ (ਲੱਗਭਗ 260 ਲੱਖ ਡਾਲਰ) ਰਾਸ਼ਟਰਪਤੀ ਚੋਣਾਂ ਦੀ ਸੂਰਤ ਹੀ ਬਦਲ ਦਿੱਤੀ। ਓਬਾਮਾ ਦੀ ਚੋਣ ਫੰਡ ਇਕੱਠਾ ਕਰਨ ਦੀ ਰਫ਼ਤਾਰ ਹਿਲੇਰੀ ਲਈ ਸਿਰ ਦਰਦ ਬਣ ਗਈ ਹੈ।

66 ਪ੍ਰਤੀਸ਼ਤ ਅਮਰੀਕੀ ਚਾਹੁੰਦੇ ਹਨ ਕਿ ਰਾਜਨੀਤਕ ਉਮੀਦਵਾਰਾਂ ਉੱਪਰ ਚੋਣ ਮੁਹਿੰਮ ਫੰਡ ਇਕੱਠਾ ਕਰਨ ਉੱਤੇ ਰੋਕ ਲਾ ਦਿੱਤੀ ਜਾਵੇ। ਅਮਰੀਕੀ ਲੋਕ ਮੰਨਦੇ ਹਨ ਕਿ ਧਨ ਨੇ ਰਾਜਨੀਤੀ ਨੂੰ ਭ੍ਰਿਸ਼ਟ ਕਰ ਦਿੱਤਾ ਹੈ। ਪਰ ਚੋਣ ਫੰਡ ਇਕੱਠਾ ਕਰਨ ਦੀ ਦੌੜ ਇੱਕ ਅਮਰੀਕੀ ਨਾਗਰਿਕ ਅਨੁਸਾਰ "ਪਰਮਾਣੂ ਹਥਿਆਰਾਂ ਦੀ ਦੌੜ ਦੀ ਤਰ੍ਹਾਂ ਹੋ ਚੁੱਕੀ ਹੈ। ਕੋਈ ਵੀ ਇਕੱਲੇ ਤੌਰ 'ਤੇ ਨਿਹੱਥਾ ਨਹੀਂ ਹੋਣਾਂ ਚਾਹੁੰਦਾ।" ਵੈਸੇ ਵੀ ਅਮਰੀਕੀ ਰਾਜਨੀਤੀਵਾਨ ਮੰਨਦੇ ਹਨ ਕਿ ਚੋਣ ਫੰਡ ਜੁਟਾਣਾਂ ਉਹਨਾਂ ਦਾ ਬੁਨਿਆਦੀ ਅਧਿਕਾਰ ਹੈ, ਇਸ ਉੱਤੇ ਕੋਈ ਵੀ ਰੋਕ ਦਾ ਅਰਥ ਉਹ ਉਹਨਾਂ ਦੀ ਬੁਨਿਆਦੀ ਅਜ਼ਾਦੀ ਉੱਪਰ ਹਮਲਾ ਮੰਨਦੇ ਹਨ!

ਜ਼ਰਾ ਇਸ ਸੂਚੀ 'ਤੇ ਨਜ਼ਰ ਮਾਰੋ।

ਅਮਰੀਕੀ ਰਾਜਨੀਤਕ ਉਮੀਦਵਾਰਾਂ ਵਲੋਂ ਰਾਸ਼ਟਰਪਤੀ ਚੋਣਾਂ ਲਈ 31 ਮਾਰਚ 2007 ਤੱਕ ਇਕੱਠਾ ਕੀਤਾ ਗਿਆ ਫੰਡ ਇਸ ਪ੍ਰਕਾਰ ਹੈ—

■ **ਡੈਮੋਕ੍ਰੇਟਸ**	***ਡਾਲ਼ਰਾਂ 'ਚ***
ਹਿਲੇਰੀ ਕਲਿੰਟਨ	*260 ਲੱਖ*
ਬਾਰਾਕ ਓਬਾਮਾ	*250 ਲੱਖ*
ਜੋਹਨ ਐਡਵਰਡ	*140 ਲੱਖ*
ਕ੍ਰਿਸ ਡਾਡ	*90 ਲੱਖ*
ਬਿਲ ਰਿਚਾਰਡਸਨ	*60 ਲੱਖ*
ਜੂ ਬਿਡੇਨ	*40 ਲੱਖ*

■ **ਰਿਪਬਲਿਕਨਜ਼**	
ਮਿਟ ਰੋਮਨੀ	*230 ਲੱਖ*
ਰਿਉਡੀ ਗਿਓਲਿਆਨੀ	*150 ਲੱਖ*
ਜੋਹਨ ਮੈਕੇਨ	*125 ਲੱਖ*
ਸੈਮ ਬਰਾਊਨ ਬੈਕ	*20 ਲੱਖ*
ਮਾਈਕ ਹਕੈਬੀ	*5 ਲੱਖ*

ਇੱਥੇ ਚੋਣਾਂ ਦੌਰਾਨ ਹਮੇਸ਼ਾਂ ਹੀ ਭੱਦਾ ਪ੍ਰਚਾਰ ਕੀਤਾ ਜਾਂਦਾ ਹੈ। ਨਕਾਰਾਤਮਕ ਪ੍ਰਚਾਰ ਇੱਕ ਆਮ ਹੀ ਵਰਤਾਰਾ ਹੈ। ਸੰਨ 2000 ਵਿੱਚ ਜ਼ਾਰਜ਼ ਡਬਲਿਊ ਬੁਸ਼ ਨੇ ਧੀਮੀ ਅਵਾਜ਼ ਵਿੱਚ ਜੋਹਨ ਮੈਕੇਨ ਦੇ ਖਿਲਾਫ਼ ਪ੍ਰਚਾਰ ਕੀਤਾ ਕਿ ਉਸਦੀ ਬੇਟੀ ਇੱਕ "ਬਲੈਕ ਚਾਇਲਡ" (ਬੰਗਲਾ ਦੇਸ਼ ਤੋਂ ਗੋਦ ਲਿਆ) ਹੈ। ਨਸਲਵਾਦ ਨੂੰ ਆਪਣੇ ਰਾਜਨੀਤਕ ਹਿੱਤਾਂ ਵਾਸਤੇ ਵਰਤਣਾ ਅਮਰੀਕੀ ਚੋਣਾਂ ਦਾ ਇੱਕ ਆਮ ਹੀ ਵਰਤਾਰਾ ਹੈ। ਅਲੱਗ-ਅਲੱਗ ਚੋਣ ਚੱਕਰਾਂ ਦੇ ਦੌਰਾਨ ਅਮਰੀਕੀ ਪੇਸ਼ੇਵਰ ਚੋਣ ਪ੍ਰਚਾਰ ਸਟਾਫ਼ ਵੀ ਹੈਰਾਨੀਜਨਕ ਧਨ ਕਮਾ ਜਾਂਦਾ ਹੈ। 2003-04 ਦੇ ਚੋਣ ਚੱਕਰ ਵਿੱਚ 600 ਰਾਜਨੀਤਕ ਪੇਸ਼ੇਵਰ ਚੋਣ ਪ੍ਰਚਾਰ ਸਲਾਹਕਾਰਾਂ ਨੇ 1.85 ਬਿਲਿਅਨ ਡਾਲ਼ਰ ਤੋਂ ਵੀ ਵੱਧ ਕਮਾਇਆ। ਇੱਕ ਅੰਗਰੇਜ਼ੀ ਮੈਗਜ਼ੀਨ ਅਨੁਸਾਰ *'ਗੰਦੀ' ਰਾਜਨੀਤੀ ਹੀ ਇਹਨਾਂ ਰਾਜਨੀਤਕ ਸਲਾਹਕਾਰਾਂ ਦਾ ਬ੍ਰੈਡ ਅਤੇ ਮੱਖਣ ਹੈ।*

ਅਮਰੀਕਾ ਵਿੱਚ ਦੋ ਪਾਰਟੀ ਵਿਵਸਥਾ ਵਾਲ਼ਾ 'ਲੋਕਤੰਤਰ' ਹੈ। ਬਹੁਪਾਰਟੀ 'ਲੋਕਤੰਤਰ' ਵਾਲ਼ੇ ਸਾਡੇ ਭਾਰਤ ਦੇਸ਼ ਦੇ ਕੁਝ ਲੋਕ ਇਹ ਸੋਚਦੇ ਹਨ ਕਿ ਜੇ ਭਾਰਤ ਵਿੱਚ ਅਮਰੀਕਾ ਦੀ ਤਰ੍ਹਾਂ ਹੀ ਦੋ ਪਾਰਟੀ ਵਿਵਸਥਾ ਲਾਗੂ ਕਰ ਦਿੱਤੀ ਜਾਵੇ ਤਾਂ ਦੇਸ਼ ਦੀ ਹਾਲ਼ਤ ਸੁਧਰ ਸਕਦੀ ਹੈ। ਅਸੀਂ ਉੱਪਰ ਵੇਖ ਹੀ ਲਿਆ ਹੈ ਕਿ ਇਸ ਤਰ੍ਹਾਂ ਦੀ ਕਿਸੇ ਤਬਦੀਲੀ ਨਾਲ਼ ਕੋਈ ਫ਼ਰਕ ਨਹੀਂ ਪੈਣ ਲੱਗਿਆ। ਅਮਰੀਕੀ ਲੋਕਾਂ ਨੇ ਡੈਮੋਕ੍ਰੇਟਿਕ ਅਤੇ ਰਿਪਬਲਿਕਨ ਦੋਹਾਂ ਹੀ ਪਾਰਟੀਆਂ ਨੂੰ ਵਾਰੀ ਵਾਰੀ ਅਜ਼ਮਾਇਆ ਹੈ। ਇਹਨਾਂ ਪਾਰਟੀਆਂ ਦੀ ਜ਼ਿੰਦਾਬਾਦ-ਜ਼ਿੰਦਾਬਾਦ ਵਿੱਚ ਆਮ ਅਮਰੀਕੀ ਲੋਕਾਂ ਦਾ ਮੁਰਦਾਬਾਦ ਕੀਤਾ ਜਾਣਾ ਸਾਫ਼ ਸੁਣਾਈ ਦਿੰਦਾ ਹੈ।

(ਬਾਕੀ ਸਫ਼ਾ 9'ਤੇ)

(16 ਨਵੰਬਰ ਸ਼ਹਾਦਤ ਦਿਵਸ 'ਤੇ)

ਸ਼ਹੀਦ-ਏ-ਆਜ਼ਮ ਕਰਤਾਰ ਸਿੰਘ ਸਰਾਭਾ

—ਬਾਬਾ ਸੋਹਣ ਸਿੰਘ ਭਕਨਾ

ਕਰਤਾਰ ਸਿੰਘ ਸਰਾਭਾ ਅਜੇ ਮਸਾਂ ਉੱਨੀ ਸਾਲ ਦਾ ਹੀ ਸੀ ਜਦ ਕਿ ਅਮਰੀਕਾ ਵਿੱਚ ਰਹਿਣ ਵਾਲੇ ਭਾਰਤੀਆਂ ਵਿੱਚ ਅੰਗਰੇਜ਼ੀ ਦੀ ਗੁਲਾਮੀ ਵਿਰੁੱਧ ਸ਼ਕਤੀਸ਼ਾਲੀ ਚੇਤਨਾ ਵਿਕਸਿਤ ਹੋਈ। ਆਜ਼ਾਦੀ ਦੀ ਭਾਵਨਾ ਨੂੰ ਜੱਥੇਬੰਦ ਕਰਕੇ ਗਦਰ ਪਾਰਟੀ ਨੇ ਅੰਗਰੇਜ਼ਾਂ ਵਿਰੁੱਧ ਨਾ ਮੁੱਕਣ ਵਾਲੀ ਲੜਾਈ ਦਾ ਮੁੱਢ ਬੰਨ੍ਹਿਆ।

ਦੇਸ਼ ਛੱਡਣ ਤੋਂ ਪਹਿਲਾਂ ਕਰਤਾਰ ਸਿੰਘ ਦਸਵੀਂ ਜਮਾਤ ਦਾ ਇਮਤਿਹਾਨ ਪਾਸ ਕਰ ਚੁੱਕਾ ਸੀ। ਬਚਪਨ ਤੋਂ ਉਸ ਦਾ ਸੁਭਾਅ ਕ੍ਰਾਂਤੀਕਾਰੀਆਂ ਵਰਗਾ ਸੀ। ਉਸਦੇ ਸਕੂਲ ਸਮੇਂ ਦਾ ਅਧਿਐਨ ਦਰਸਾਉਂਦਾ ਹੈ ਕਿ ਉਹ ਆਪਣੇ ਸਕੂਲ-ਸਾਥੀਆਂ ਨਾਲੋਂ ਵੱਖਰੀ ਕਿਸਮ ਦੀ ਸੋਚ ਵਾਲਾ ਵਿਦਿਆਰਥੀ ਸੀ। ਖੇਡਾਂ ਵਿੱਚ ਉਹ ਬਾਕੀ ਵਿਦਿਆਰਥੀਆਂ ਦੀ ਅਗਵਾਈ ਕਰਦਾ ਸੀ। ਅਧਿਆਪਕਾਂ ਦੇ ਗਲਤ ਕੰਮਾਂ ਵਿਰੁੱਧ ਉਹ ਵਿਦਿਆਰਥੀਆਂ ਨੂੰ ਜੱਥੇਬੰਦ ਕਰਦਾ ਸੀ। 1912 ਵਿੱਚ ਉਹ ਕੈਲੇਫੋਰਨੀਆ ਦੀ ਸਾਨਫਰਾਂਸਿਸਕੋ ਬੰਦਰਗਾਹ ਤੇ ਉਤਰਿਆ ਅਤੇ ਬਹੁਤ ਸਾਰੇ ਭਾਰਤੀਆਂ ਵਾਂਗ ਕੈਲੇਫੋਰਨੀਆਂ ਦੇ ਖੇਤਾਂ ਵਿੱਚ ਮਜ਼ਦੂਰੀ ਕਰਨ ਲੱਗ ਪਿਆ। ਉੱਥੇ ਉਸਨੂੰ ਅਮਰੀਕਨ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਸੋਸ਼ਣ ਅਤੇ ਭਾਰਤੀ ਕਾਮਿਆਂ ਲਈ ਨਫਰਤ ਭਰੇ ਵਤੀਰੇ ਦਾ ਸਾਹਮਣਾ ਕਰਨਾ ਪਿਆ। ਉਸਨੂੰ ਬੜੀ ਛੇਤੀ ਅਹਿਸਾਸ ਹੋ ਗਿਆ ਕਿ ਭਾਰਤੀ ਕੌਮ ਵਾਸਤੇ ਗੁਲਾਮੀ ਸਭ ਤੋਂ ਵੱਡੀ ਲਾਹਨਤ ਹੈ। ਉਸਨੇ ਆਪਣੇ ਦੇਸ਼ ਦੇ ਲੋਕਾਂ ਨਾਲ ਇਸ ਸੰਬੰਧੀ ਵਿਚਾਰ ਵਟਾਂਦਰਾ ਕੀਤਾ। ਅਮਰੀਕਨਾਂ ਦੇ ਨਫਰਤ ਭਰੇ ਵਤੀਰੇ ਤੋਂ ਸਾਰੇ ਭਾਰਤੀ ਕਾਮੇ ਦੁਖੀ ਸਨ ਅਤੇ ਹੁਣ ਉਹ ਉਨ੍ਹਾਂ ਦੇ ਤ੍ਰਿਸਕਾਰ ਭਰੇ ਵਿਅੰਗਮਈ ਵਿਸ਼ੇਸ਼ਣ ਬਹੁਤਾ ਚਿਰ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਸਨ। ਕਰਤਾਰ ਸਿੰਘ ਹੋਰ ਬਹੁਤ ਸਾਰੇ ਭਾਰਤੀਆਂ ਨੂੰ ਮਿਲਿਆ ਜਿੰਨ੍ਹਾਂ ਦੇ ਵਿਚਾਰ ਉਸ ਨਾਲ ਮਿਲਦੇ ਸਨ। ਉਸਨੇ ਉਨ੍ਹਾਂ ਸਾਰਿਆਂ ਨੂੰ ਇਕੱਠੇ ਕਰਕੇ ਇੱਕ ਮੀਟਿੰਗ ਬੁਲਾਈ ਜਿਸ ਵਿੱਚ ਲਾਲਾ ਹਰਦਿਆਲ, ਪੰਡਤ ਜਗਤ ਰਾਮ ਰਿਹਾਨਾ, ਭਾਈ ਜਵਾਲਾ ਸਿੰਘ ਅਤੇ ਬਹੁਤ ਸਾਰੇ ਭਾਰਤੀ ਕਾਮਿਆਂ ਨੇ ਹਿੱਸਾ ਲਿਆ। ਉਨ੍ਹਾਂ ਨੇ ਭਾਰਤ ਦੀ ਲੰਬੀ ਗੁਲਾਮੀ ਦੇ ਕਾਰਨਾਂ ਉੱਪਰ ਸੋਚ ਵਿਚਾਰ ਕੀਤੀ ਅਤੇ ਮਹਿਸੂਸ ਕੀਤਾ ਕਿ ਆਜ਼ਾਦੀ ਦੀ ਲੜਾਈ ਨੂੰ ਜਾਰੀ ਰੱਖਣ ਵਾਸਤੇ ਇਸ ਦੀ ਅਗਵਾਈ ਲਈ ਇੱਕ ਸ਼ਕਤੀਸ਼ਾਲੀ ਜੱਥੇਬੰਦੀ ਦੀ ਲੋੜ ਹੈ। ਇਸ ਮੀਟਿੰਗ ਵਿੱਚ ਇੱਕ ਜੱਥੇਬੰਦੀ (ਪਾਰਟੀ) ਬਣਾਉਣ ਦਾ ਮੁੱਢ ਬੰਨ੍ਹਿਆ ਗਿਆ ਪਰ ਆਪਣੇ ਆਪ ਇਹ ਕਿਸੇ ਏਜੰਡੇ ਉੱਪਰ ਵਿਚਾਰ ਨਾ ਕਰ ਸਕੀ।

ਇਸੇ ਸਮੇਂ ਦੌਰਾਨ ਉਰੀਗੋਨ ਅਤੇ ਵਸ਼ਿੰਗਟਨ ਦੀਆਂ ਫੈਕਟਰੀਆਂ ਵਿੱਚ ਕੰਮ ਕਰਨ ਵਾਲੇ ਭਾਰਤੀ ਕਾਮਿਆਂ ਵਿੱਚ ਏਨੀ ਚੇਤਨਾ ਪੈਦਾ ਹੋ ਗਈ ਜਿਸਨੇ ਇੱਕ ਜੱਥੇਬੰਦੀ ਦੀਆਂ ਨੀਹਾਂ ਰੱਖ ਦਿੱਤੀਆਂ, ਜਿਸਦੇ ਫਲਸਰੂਪ ਵਸ਼ਿੰਗਟਨ ਸਟੇਟ ਦੇ ਸ਼ਹਿਰ ਅਸਟਰੀਆ ਵਿਖੇ ਮਾਰਚ 1913 ਵਿੱਚ ਗਦਰ ਪਾਰਟੀ ਹੋਂਦ ਵਿੱਚ ਆਈ। ਪਾਰਟੀ ਬਣਨ ਦੀ ਖ਼ਬਰ ਸੁਣਕੇ ਕਰਤਾਰ ਸਿੰਘ ਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ ਅਤੇ ਉਹ ਫੌਰਨ ਪਾਰਟੀ ਦਾ ਮੈਂਬਰ ਬਣ ਗਿਆ।

ਇੱਕ ਨਵੰਬਰ, 1913 ਨੂੰ 'ਗਦਰ' ਅਖ਼ਬਾਰ ਦੀ ਪ੍ਰਕਾਸ਼ਨਾ ਕਰਤਾਰ ਸਿੰਘ ਦੀਆਂ ਬਹੁਤ ਸਾਰਿਆਂ ਕੋਸ਼ਿਸ਼ਾਂ ਦਾ ਹੀ ਸਿੱਟਾ ਸੀ। ਇਹ ਅਖ਼ਬਾਰ ਹੱਥ ਨਾਲ ਚੱਲਣ ਵਾਲੀ ਮਸ਼ੀਨ ਉੱਪਰ ਛਾਪਿਆ ਜਾਂਦਾ ਸੀ ਅਤੇ ਮਸ਼ੀਨ ਨੂੰ ਚਲਾਉਣ ਦੇ ਨਾਲ-ਨਾਲ ਕਰਤਾਰ ਸਿੰਘ ਇਸ ਅਖ਼ਬਾਰ ਦੇ ਪੰਜਾਬੀ ਭਾਗ ਲਈ ਲੇਖ ਅਤੇ ਕਵਿਤਾਵਾਂ ਵੀ ਲਿਖਿਆ ਕਰਦਾ ਸੀ। ਅਖ਼ਬਾਰ ਦਾ ਕੰਮ ਵਧਣ ਨਾਲ ਹੋਰ ਕਈ ਸਾਥੀ ਉਸ ਕੋਲ ਆ ਗਏ ਅਤੇ ਕਰਤਾਰ ਸਿੰਘ ਕੰਮ ਵਿੱਚ ਉਨ੍ਹਾਂ ਸਾਰਿਆਂ ਦੀ ਸਹਾਇਤਾ ਕਰਦਾ ਸੀ। ਉਹ ਸਾਰਿਆਂ ਨੂੰ ਖੁਸ਼ ਰੱਖਦਾ ਸੀ। ਇੱਕ ਸੱਚੇ ਕ੍ਰਾਂਤੀਕਾਰੀ ਵਾਂਗ ਉਸਨੇ ਆਪਣੀ ਹਉਂਮੈਂ ਉੱਪਰ ਕਾਬੂ ਪਾਕੇ ਆਪਣੀ ਜ਼ਿੰਦਗੀ ਦੇਸ਼ ਦੀ ਸੇਵਾ ਲਈ ਅਰਪਣ ਕਰ ਦਿੱਤੀ ਸੀ।

ਸ਼ੁਰੂ-ਸ਼ੁਰੂ ਵਿੱਚ ਗਦਰ ਪਾਰਟੀ ਦੀ ਸਥਾਪਨਾ ਓਰੀਗੋਨ ਅਤੇ ਵਸ਼ਿੰਗਟਨ ਦੇ ਕਾਮਿਆਂ ਨੇ ਹੀ ਕੀਤੀ ਸੀ। ਕੈਲੇਫੋਰਨੀਆ ਵਾਲੇ ਸਾਥੀ ਪਿੱਛੋਂ ਇਸ ਦੇ ਮੈਂਬਰ ਬਣੇ ਸਨ। ਕੈਲੇਫੋਰਨੀਆ ਵਾਲੇ ਸਾਥੀਆਂ ਨੂੰ ਪਾਰਟੀ ਵਿੱਚ ਲਿਆਉਣ ਲਈ ਕਰਤਾਰ ਸਿੰਘ ਸਰਾਭਾ ਨੇ ਬਹੁਤ ਵੱਡਾ ਯੋਗਦਾਨ ਪਾਇਆ ਸੀ। ਫਰਵਰੀ, 1914 ਵਿੱਚ ਕੈਲੇਫੋਰਨੀਆ ਦੇ ਸ਼ਹਿਰ ਸਟਾਕਨਟਨ ਵਿਖੇ ਓਰੀਗੋਨ, ਵਸ਼ਿੰਗਟਨ ਅਤੇ ਕੈਲੇਫੋਰਨੀਆ ਦੇ ਪ੍ਰਤੀਨਿਧਾਂ ਦੀ ਇੱਕ ਕਾਨਫਰੰਸ ਰੱਖੀ ਗਈ ਜਿਸ ਵਿੱਚ ਕੈਲੇਫੋਰਨੀਆ ਦੇ ਪ੍ਰਤੀਨਿਧਾਂ ਨੂੰ ਰਸਮੀਂ ਤੌਰ 'ਤੇ ਗਦਰ ਪਾਰਟੀ ਵਿੱਚ ਸ਼ਾਮਲ ਕੀਤਾ ਗਿਆ। ਇਸ ਨਾਲ ਗਦਰ ਲਹਿਰ ਨਵੀਂ ਸ਼ਕਤੀਸ਼ਾਲੀ ਪਾਰਟੀ, ਇੱਕ ਸ਼ਕਤੀਸ਼ਾਲੀ ਜੱਥੇਬੰਦੀ ਬਣ ਗਈ।

ਜਿਉਂ ਹੀ ਪਹਿਲੀ ਸੰਸਾਰ ਜੰਗ ਸ਼ੁਰੂ ਹੋਈ ਭਾਰਤੀਆਂ ਨੇ ਅੰਗਰੇਜ਼ਾਂ ਵਿਰੁੱਧ ਬਗਾਵਤ ਦਾ ਝੰਡਾ ਚੁੱਕਣ ਲਈ ਸੈਕਰੋਮੈਂਟਾ (ਕੈਲੇਫੋਰਨੀਆ) ਵਿਖੇ ਜੰਗੀ ਸਲਾਹਕਾਰ ਕਮੇਟੀ ਦਾ ਗਠਨ ਕੀਤਾ। ਇਸ ਵਿੱਚ ਕਰਤਾਰ ਸਿੰਘ ਨੇ ਪ੍ਰਮੁੱਖ ਭੂਮਿਕਾ ਨਿਭਾਈ ਅਤੇ ਜਦੋਂ ਪਾਰਟੀ ਨੇ ਹਵਾਈ ਜਹਾਜ਼ ਉਡਾਉਣ ਲਈ ਸਿਖਲਾਈ ਪ੍ਰਾਪਤ ਕਰਨ ਵਾਲੇ ਵਲੰਟੀਅਰਾਂ ਦੇ ਨਾਂ ਮੰਗੇ ਤਾਂ ਕਰਤਾਰ ਸਿੰਘ ਇਸ ਕੰਮ ਲਈ ਆਪਣਾ ਨਾਂ ਲਿਖਵਾਉਣ ਵਾਲਾ ਸਭ ਤੋਂ ਪਹਿਲਾਂ ਵਲੰਟੀਅਰ ਸੀ ਅਤੇ ਉਸਨੂੰ ਇਸ ਕੰਮ ਲਈ ਚੁਣ ਵੀ ਲਿਆ ਗਿਆ ਸੀ।

ਜਦ ਪਾਰਟੀ ਨੇ ਇਨਕਲਾਬ ਲਈ ਕੰਮ ਕਰਨ ਵਾਸਤੇ ਮੈਂਬਰਾਂ ਨੂੰ ਭਾਰਤ ਭੇਜਣ ਦਾ ਫੈਸਲਾ ਕੀਤਾ ਤਾਂ ਕਰਤਾਰ ਸਿੰਘ ਪਹਿਲੇ ਬੈਚ ਵਿੱਚ ਹੀ ਭਾਰਤ ਜਾਣ ਵਾਲੇ ਲੋਕਾਂ ਵਿੱਚ ਸਭ ਤੋਂ

ਪਹਿਲਾ ਵਿਅਕਤੀ ਸੀ। ਉਹ ਭਾਰਤ ਇਕੱਲਾ ਨਹੀਂ ਆਇਆ ਸਗੋਂ ਆਪਣੇ ਨਾਲ ਤਿੰਨ ਅਮਰੀਕਨ ਕ੍ਰਾਂਤੀਕਾਰੀਆਂ ਨੂੰ ਵੀ ਲੈ ਕੇ ਆਇਆ ਜਿੰਨ੍ਹਾਂ ਵਿੱਚ ਦੋ ਪੁਰਸ਼ ਅਤੇ ਇੱਕ ਇਸਤਰੀ ਸੀ।

ਉਹ ਭੇਸ ਬਦਲਣ ਵਿੱਚ ਮਾਹਰ ਸੀ ਤੇ ਉਹ ਭੇਸ ਬਦਲ ਕੇ ਪੁਲੀਸ ਦੀਆਂ ਅੱਖਾਂ ਵਿੱਚ ਘੱਟਾ ਪਾ ਕੇ ਭਾਰਤ ਵਿੱਚ ਦਾਖਲ ਹੋਇਆ ਅਤੇ ਇੱਥੇ ਆਉਣ ਸਾਰ ਕ੍ਰਾਂਤੀਕਾਰੀ ਕੰਮਾਂ ਵਿੱਚ ਵਿਆਸਥ (ਰੁੱਝ ਗਿਆ) ਹੋ ਗਿਆ।

ਉਹ ਪਿੰਗਲੇ ਰਾਹੀਂ ਸਚਿੰਦਰ ਨਾਥ ਸਾਨਿਆਲ ਅਤੇ ਰਾਸ ਬਿਹਾਰੀ ਬੋਸ ਨੂੰ ਮਿਲਿਆ। ਉਹ ਪਿੰਗਲੇ ਅਤੇ ਸਾਨਿਆਲ ਨਾਲ ਪੰਜਾਬ ਤੋਂ ਬਾਹਰ ਬੜੀ ਆਜ਼ਾਦੀ ਨਾਲ ਆਉਂਦਾ ਜਾਂਦਾ ਸੀ। ਉਹ ਕਦੇ ਬਗਾਵਤ ਦਾ ਪ੍ਰਚਾਰ ਕਰਨ ਲਈ ਫੌਜੀ ਛਾਉਣੀਆਂ ਅਤੇ ਹੋਰ ਫੌਜੀ ਸੰਸਥਾਵਾਂ ਵਿੱਚ ਵੀ ਜਾਂਦਾ ਸੀ। ਉਹ ਕਿਲ੍ਹਾ ਫੀਰੋਜ਼ਪੁਰ ਦੇ ਸਿਪਾਹੀਆਂ ਨੂੰ ਅਸਲਾਖਾਨਾ ਲੁੱਟਣ ਲਈ ਤਿਆਰ ਕਰਨ ਵਿੱਚ ਸਫ਼ਲ ਹੋ ਗਿਆ।

ਉਹ ਰਾਸ ਬਿਹਾਰੀ ਬੋਸ ਦੀ ਸਲਾਹ ਮੰਨ ਕੇ ਅਤੇ ਨਵਾਬ ਖਾਨ ਦੀ ਹੱਲਾਸ਼ੇਰੀ ਕਾਰਨ ਡਕੈਤੀਆਂ ਕਰਨ ਲਈ ਤਿਆਰ ਹੋ ਗਿਆ। ਇਸ ਪਿੱਛੋਂ ਅਜਿਹੀ ਕੋਈ ਡਕੈਤੀ ਨਹੀਂ ਸੀ ਜਿਸ ਵਿੱਚ ਉਸਨੇ ਭਾਗ ਨਾ ਲਿਆ ਹੋਵੇ। ਡਕੈਤੀਆਂ ਮਾਰਨ ਸਮੇਂ ਵੀ ਆਪਣੇ ਮਿਸ਼ਨ ਬਾਰੇ ਲੋਕਾਂ ਨੂੰ ਦੱਸਣਾ ਨਹੀਂ ਭੁੱਲਦਾ ਸੀ। ਡਾਕਾ ਪੈਣ ਵਾਲੇ ਘਰ ਦੇ ਬੰਦਿਆਂ ਨੂੰ ਦੱਸਦਾ ਸੀ ਕਿ ਕਿਉਂਕਿ ਅੰਗਰੇਜ਼ਾਂ ਨੂੰ ਕੱਢਣ ਵਾਸਤੇ ਪੈਸੇ ਦੀ ਸਖ਼ਤ ਲੋੜ ਸੀ। ਇਸ ਲਈ ਡਾਕੇ ਮਾਰਨ ਤੋਂ ਬਿਨਾਂ ਉਨ੍ਹਾਂ ਕੋਲ ਆਮਦਨ ਦਾ ਹੋਰ ਕੋਈ ਸਾਧਨ ਨਹੀਂ ਸੀ ਅਤੇ ਲੋਕਾਂ ਨਾਲ ਵਾਅਦਾ ਕਰਦਾ ਸੀ ਕਿ ਆਜ਼ਾਦੀ ਪ੍ਰਾਪਤ ਕਰਨ ਪਿੱਛੋਂ ਉਨ੍ਹਾਂ ਸਾਰਿਆਂ ਦਾ ਪੈਸਾ ਸਣੇ ਵਿਆਜ ਵਾਪਸ ਮੋੜ ਦੇਵੇਗਾ। ਉਹ ਬੜੇ ਉੱਚੇ ਸਦਾਚਾਰਕ ਚਾਲ-ਚਲਣ ਦਾ ਮਾਲਕ ਸੀ। ਸਾਹਨੇਵਾਲ ਦੀ ਡਕੈਤੀ ਸਮੇਂ ਉਸ ਘਰ ਦੀ ਸੁੰਦਰ ਕੁੜੀ ਉੱਪਰ ਉਸਦੇ ਇੱਕ ਸਾਥੀ ਦੀ ਨੀਤ ਖਰਾਬ ਹੋ ਗਈ ਅਤੇ ਉਸਨੇ ਕੁੜੀ ਦੀ ਬਾਂਹ ਫੜ ਲਈ। ਸਰਾਭੇ ਨੇ ਫੌਰਨ ਸਾਥੀ ਦੀ ਛਾਤੀ ਉੱਪਰ ਪਿਸਤੌਲ ਰੱਖਿਆ ਅਤੇ ਉਸਨੂੰ ਆਪਣੇ ਗੰਦੇ ਵਿਵਹਾਰ ਲਈ ਕੁੜੀ ਤੋਂ ਮੁਆਫੀ ਮੰਗਣ ਲਈ ਮਜ਼ਬੂਰ ਕਰ ਦਿੱਤਾ। ਕਈ ਵਾਰ ਉਹ ਪੁਲੀਸ ਦੇ ਘੇਰੇ ਵਿੱਚੋਂ ਬਚਕੇ ਨਿਕਲਿਆ ਸੀ। ਇੱਕ ਵਾਰ ਸਾਈਕਲ ਉੱਤੇ ਚੜ੍ਹਕੇ ਆਪਣੇ ਕਿਸੇ ਦੋਸਤ ਨੂੰ ਮਿਲਣ ਗਿਆ। ਉਸਨੇ ਦੇਖਿਆ ਕਿ ਪੁਲੀਸ ਦੋਸਤ ਦੇ ਘਰ ਦੀ ਤਲਾਸ਼ੀ ਲੈ ਰਹੀ ਸੀ। ਕਰਤਾਰ ਸਿੰਘ ਨੇ ਜੈਂਟਲਮੈਂਨਾਂ ਵਾਂਗ ਕੋਟ ਪੈਂਟ ਪਾਈ ਸੀ। ਉਸਨੇ ਪੁਲੀਸ ਨੂੰ ਆਖਿਆ ਕਿ ਉਨ੍ਹਾਂ ਨੂੰ ਬੜੀ ਈਮਾਨਦਾਰੀ ਨਾਲ ਆਪਣਾ ਫ਼ਰਜ ਨਿਭਾਉਣਾ ਚਾਹੀਦੈ ਅਤੇ ਸਰਕਾਰ-ਵਿਰੋਧੀ ਅਨਸਰਾਂ ਨਾਲ ਸਖ਼ਤੀ ਨਾਲ ਨਿਪਟਣਾ ਚਾਹੀਦੈ। ਪੁਲੀਸ ਵਾਲਿਆਂ ਨੇ ਉਸਨੂੰ ਕੋਈ ਸਰਕਾਰੀ ਮੁਲਾਜ਼ਮ ਸਮਝਿਆ। ਉਸਨੇ ਉਨ੍ਹਾਂ ਨਾਲ ਦਸ ਪੰਦਰਾਂ ਮਿੰਟ ਗੱਲਾਂ ਕੀਤੀਆਂ ਅਤੇ ਉੱਥੋਂ ਚਲਾ ਗਿਆ। ਜਦ ਪੁਲੀਸ ਵਾਲਿਆਂ ਨੇ ਉਸ ਨੂੰ ਕਚਹਿਰੀ ਵਿੱਚ ਦੇਖਿਆ ਤਾਂ ਉਨ੍ਹਾਂ ਨੂੰ ਬੜੀ ਸ਼ਰਮ ਆਈ। ਜਦ ਉੱਥੇ ਮੌਜੂਦ ਲੋਕਾਂ ਅਤੇ ਜੱਜ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਸੁਣ ਕੇ ਉਹ ਖੂਬ ਹੱਸੇ।

ਕ੍ਰਾਂਤੀਕਾਰੀ ਲਹਿਰ ਦੇ ਅਸਫਲ ਹੋ ਜਾਣ ਪਿੱਛੋਂ, ਪਾਰਟੀ ਦੇ ਕੁੱਝ ਮੈਂਬਰਾਂ ਨੇ ਭਾਰਤ ਵਿੱਚੋਂ ਬਚ ਕੇ ਨਿਕਲ ਜਾਣ ਦਾ ਫੈਸਲਾ ਕੀਤਾ। ਕਰਤਾਰ ਸਿੰਘ, ਹਰਨਾਮ ਸਿੰਘ ਟੁੰਡੀਲਾਟ ਅਤੇ ਜਗਤ ਸਿੰਘ ਆਦਿ ਨੂੰ ਅਫ਼ਗਾਨਿਸਤਾਨ ਜਾਣ ਲਈ ਆਖਿਆ ਗਿਆ ਅਤੇ ਉਹ ਉੱਥੇ ਪਹੁੰਚ ਵੀ ਗਏ। ਜਿਸ ਸਮੇਂ ਕਰਤਾਰ ਸਿੰਘ ਦੇ ਸਾਥੀ ਭਾਰਤ ਵਿੱਚ ਗ੍ਰਿਫਤਾਰ ਕੀਤੇ ਜਾ ਚੁੱਕੇ ਸਨ ਤਾਂ ਉਸਦੀ ਜ਼ਮੀਰ ਨੇ ਉਸ ਨੂੰ ਇਸ ਤਰ੍ਹਾਂ ਭੱਜ ਜਾਣ ਦੀ ਆਗਿਆ ਨਹੀਂ ਦਿੱਤੀ। ਉਹ ਆਪਣੇ ਦੋ ਮਿੱਤਰਾਂ ਨਾਲ ਵਾਪਸ ਆ ਕੇ ਸਰਗੋਧਾ ਦੇ ਚੱਕ ਨੰ:5 ਵਿੱਚ ਪਹੁੰਚ ਗਿਆ, ਜਿੱਥੇ ਫੌਜੀਆਂ ਦਾ ਘੋੜਿਆਂ ਦਾ ਫਾਰਮ ਸੀ ਅਤੇ ਉਸ ਨੇ ਫੌਜੀਆਂ ਵਿੱਚ ਬਗਾਵਤ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਇੱਕ ਰਸਾਲਦਾਰ ਨੇ ਉਸ ਨੂੰ ਪਛਾਣ ਲਿਆ ਅਤੇ ਉਸਦੇ ਮਿੱਤਰਾਂ ਸਮੇਤ ਉਸ ਨੂੰ ਗ੍ਰਿਫਤਾਰ ਕਰਵਾ ਦਿੱਤਾ।

ਮਿਸਟਰ ਟੋਮਕਿਨ ਵਰਗੇ ਸੀ.ਆਈ.ਡੀ. ਅਫਸਰ ਉਸਦੀ ਪੁੱਛ ਗਿੱਛ ਕਰਨ ਤੋਂ ਡਰਦੇ ਸਨ ਕਿਉਂਕਿ ਉਹ ਹਾਰ ਨਾ ਮੰਨਣ ਵਾਲਾ, ਆਜ਼ਾਦੀ ਦੇ ਕਾਜ਼ ਨੂੰ ਅਰਪਣ, ਗੁਲਾਮੀ ਦਾ ਕੱਟੜ ਦੁਸ਼ਮਣ, ਨਿਧੜਕ ਨੌਜਵਾਨ ਸੀ।

ਜਦ ਲਾਹੌਰ ਦੀ ਸੈਂਟਰਲ ਜੇਲ੍ਹ ਵਿੱਚ ਉਹ ਨਜ਼ਰਬੰਦ ਸੀ ਤਾਂ ਉਸ ਨੇ ਜੇਲ੍ਹ ਤੋੜ ਕੇ ਭੱਜਣ ਦੀ ਅਸਫ਼ਲ ਕੋਸ਼ਿਸ਼ ਕੀਤੀ। ਉਹ ਆਰੀ ਅਤੇ ਕੱਟਣ ਵਾਲੇ ਹੋਰ ਸੰਦਾਂ ਅਤੇ ਬੰਬ ਬਣਾਉਣ ਵਾਲੀ ਸਮੱਗਰੀ ਸਮੇਤ ਫੜਿਆ ਗਿਆ। ਪਰ ਉਸ ਦੇ ਅੰਦਰ ਪਹਿਲਾਂ ਵਰਗਾ ਹੀ ਆਤਮ-ਵਿਸ਼ਵਾਸ ਕਾਇਮ ਸੀ। ਉਹ ਪਹਿਲਾਂ ਦੀ ਤਰ੍ਹਾਂ ਹੀ ਹਸਦਾ ਰਿਹਾ ਅਤੇ ਆਪਣੇ ਸਾਥੀਆਂ ਨੂੰ ਹਸਾਉਂਦਾ ਰਿਹਾ। ਉਹ ਆਪਣੀਆਂ ਹੱਥਕੜੀਆਂ ਨੂੰ ਸਾਜ਼ਾਂ ਵਜੋਂ ਵਰਤਕੇ ਦੇਸ਼ ਭਗਤੀ ਦੇ ਗੀਤ ਗਾਇਆ ਕਰਦਾ ਸੀ। ਜਦ ਉਸਦੇ ਮੁਕੱਦਮੇ ਦੀ ਸੁਣਵਾਈ ਸ਼ੁਰੂ ਹੋਈ ਤਾਂ ਆਪਣੇ ਜਾਣੇ ਇੱਕੋ ਸਮੇਂ ਦੋ ਕਚਹਿਰੀਆਂ ਵਿੱਚ ਪੇਸ਼ ਹੋਇਆ ਮਹਿਸੂਸ ਕਰਦਾ ਸੀ। ਜੱਜ ਆਪਣੀ ਕਚਹਿਰੀ ਲਗਾਉਂਦੇ ਸਨ ਅਤੇ ਸਰਾਭਾ ਆਪਣੇ ਮਿੱਤਰਾਂ ਨਾਲ ਲਤੀਫ਼ਿਆਂ ਅਤੇ ਹਾਸੇ ਮਖੌਲ ਦੀ ਕਚਹਿਰੀ ਲਗਾਉਂਦਾ ਸੀ। ਜੇਲ੍ਹ ਕੋਠੜੀਆਂ ਦੀਆਂ ਛਛੂੰਦਰਾਂ ਅਤੇ ਕ੍ਰਾਂਤੀਕਾਰੀਆਂ ਦੇ ਵਿਰੁੱਧ ਭੁਗਤਣ ਵਾਲੇ ਗਵਾਹ ਉਸਦੇ ਵਿਅੰਗ ਦਾ ਨਿਸ਼ਾਨਾ ਹੁੰਦੇ ਸਨ। ਜੱਜ ਵਾਰ-ਵਾਰ ਘੰਟੀਆਂ ਵਜਾਉਂਦੇ ਸਨ ਪਰ ਉਹ ਉਨ੍ਹਾਂ ਦੀ ਕੋਈ ਪ੍ਰਵਾਹ ਨਹੀਂ ਸੀ ਕਰਦਾ।

ਗਵਾਹਾਂ ਦੀਆਂ ਗਵਾਹੀਆਂ ਸੁਣਨ ਤੋਂ ਪਿੱਛੋਂ ਜੱਜ ਨੇ ਕਰਤਾਰ ਸਿੰਘ ਨੂੰ ਆਪਣੀ ਸਫ਼ਾਈ ਪੇਸ਼ ਕਰਨ ਲਈ ਆਖਿਆ। ਉਸਨੇ ਕ੍ਰਾਂਤੀਕਾਰੀ ਲਹਿਰ ਵਿੱਚ ਆਪਣੇ ਵੱਲੋਂ ਪਾਇਆ ਗਿਆ ਯੋਗਦਾਨ ਸਵਿਕਾਰ ਕੀਤਾ ਅਤੇ ਬੜੇ ਫਖ਼ਰ ਨਾਲ ਐਲਾਨ ਕੀਤਾ ਕਿ ਜੋ ਕੁੱਝ ਉਸਨੇ ਕੀਤਾ ਸੀ ਆਪਣੀ ਜ਼ਿੰਮੇਵਾਰੀ ਦੇ ਅਹਿਸਾਸ ਨਾਲ ਕੀਤਾ ਸੀ। ਅੰਗਰੇਜਾਂ ਦੀ ਗੁਲਾਮੀ ਵਿਰੁੱਧ ਲੋਕਾਂ ਨੂੰ ਲਾਮਬੰਦ ਕਰਨਾ ਉਹ ਆਪਣਾ ਫਰਜ਼ ਸਮਝਦਾ ਸੀ। ਉਸਦਾ ਫੌਜ ਨੂੰ ਬਗਾਵਤ ਕਰਨ ਲਈ ਤਿਆਰ ਕਰਨਾ, ਕੌਮੀ ਝੰਡੇ ਤਿਆਰ ਕਰਨਾ

ਅਤੇ ਹੋਰ ਕ੍ਰਾਂਤੀਕਾਰੀ ਕਾਰਜ ਕਰਨਾ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਉਸਦੇ ਅਬਦਲ ਪੈਦਾਇਸ਼ੀ ਅਧਿਕਾਰ ਦੀ ਪੂਰਤੀ ਸੀ। ਉਸਦਾ ਬਿਆਨ ਲਿਖਣ ਪਿੱਛੋਂ ਜੱਜਾਂ ਨੇ ਉਸਨੂੰ ਪੁੱਛਿਆ, "ਕਰਤਾਰ ਸਿੰਘ, ਤੈਨੂੰ ਪਤਾ ਹੈ ਤੇਰਾ ਇਹ ਬਿਆਨ ਤੈਨੂੰ ਕਿੱਥੇ ਪਹੁੰਚਾ ਦੇਵੇਗਾ ? " ਕਰਤਾਰ ਸਿੰਘ ਨੇ ਜਵਾਬ ਦਿੱਤਾ ਕਿ "ਮੈਨੂੰ ਆਪਣੀ ਹੋਣੀ ਦਾ ਪਤਾ ਹੈ। ਮੈਨੂੰ ਜਾਂ ਤਾਂ ਦੇਸ਼ ਨਿਕਾਲਾ ਮਿਲੇਗਾ ਜਾਂ ਫਾਂਸੀ ਉੱਤੇ ਲਟਕਾ ਦਿੱਤਾ ਜਾਵੇਗਾ।" ਜੱਜ ਨੇ ਆਖਿਆ, "ਮੈਂ ਤੈਨੂੰ ਇੱਕ ਰਾਤ ਹੋਰ ਸੋਚਣ ਲਈ ਦਿੰਦਾ ਹਾਂ।" ਪਰ ਅਗਲੇ ਦਿਨ ਵੀ ਕਰਤਾਰ ਸਿੰਘ ਆਪਣੇ ਪਹਿਲੇ ਬਿਆਨਾਂ ਤੇ ਕਾਇਮ ਰਿਹਾ ਅਤੇ ਜੱਜ ਨੂੰ ਕਿਹਾ ਕਿ ਜਿਹੜਾ ਬਿਆਨ ਉਸਨੇ ਪਹਿਲਾਂ ਦਿੱਤਾ ਸੀ, ਉਸਦਾ ਇੱਕ ਇੱਕ ਸ਼ਬਦ ਉਸਨੇ ਪੂਰੀ ਜ਼ਿੰਮੇਵਾਰੀ ਨਾਲ ਆਖਿਆ ਸੀ ਅਤੇ ਉਹ ਕਿਸੇ ਵੀ ਸ਼ਬਦ ਤੋਂ ਮੁਕਰਨ ਲਈ ਤਿਆਰ ਨਹੀਂ।

ਜਦ ਉਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਤਾਂ ਉਹ ਬੜੇ ਜ਼ੋਰ ਨਾਲ ਉੱਚੀ-ਉੱਚੀ ਹੱਸਿਆ ਅਤੇ ਜੱਜ ਦਾ ਧੰਨਵਾਦ ਕੀਤਾ। ਮੌਤ ਦੀ ਸਜ਼ਾ ਸੁਣਾਏ ਜਾਣ ਪਿੱਛੋਂ ਕਰਤਾਰ ਸਿੰਘ ਅਤੇ ਉਸਦੇ ਸਾਥੀਆਂ ਨੂੰ ਫਾਂਸੀ ਵਾਲੇ ਮੁਜ਼ਰਮਾਂ ਵਾਲੇ ਕੱਪੜੇ ਪੁਆਕੇ ਅਜਿਹੇ ਮੁਜ਼ਰਮਾਂ ਲਈ ਬਣੀਆਂ ਖਾਸ ਕੋਠੜੀਆਂ ਵਿੱਚ ਬੰਦ ਕਰ ਦਿੱਤਾ ਗਿਆ। ਜੇਲ੍ਹ ਸੁਪਰਡੰਟ ਕਾਨੂੰਨੀ ਕਾਰਵਾਈ ਪੂਰੀ ਕਰਨ ਲਈ ਕਰਤਾਰ ਸਿੰਘ ਕੋਲ ਗਿਆ ਅਤੇ ਉਸਨੂੰ ਪੁੱਛਿਆ ਕਿ ਕੀ ਉਹ ਰਹਿਮ ਦੀ ਅਪੀਲ ਕਰਨਾ ਚਾਹੁੰਦਾ ਸੀ ? ਕਰਤਾਰ ਸਿੰਘ ਨੇ ਜਵਾਬ ਦਿੱਤਾ, "ਮੈਨੂੰ ਰਹਿਮ ਦੀ ਅਪੀਲ ਵਿੱਚ ਕੋਈ ਦਿਲਚਸਪੀ ਨਹੀਂ। ਮੈਂ ਬੇਨਤੀ ਕਰਦਾ ਹਾਂ ਕਿ ਮੈਨੂੰ ਛੇਤੀ ਤੋਂ ਛੇਤੀ ਫਾਂਸੀ ਦਿੱਤੀ ਜਾਵੇ ਤਾਂਕਿ ਮੈਂ ਦੁਬਾਰਾ ਜਨਮ ਲੈ ਕੇ ਮੁੜ ਗੁਲਾਮੀ ਵਿਰੁੱਧ ਲੜ ਸਕਾਂ।"

16 ਨਵੰਬਰ, 1915 ਨੂੰ ਸਰਕਾਰ ਨੇ ਇੱਕ ਫੈਸਲੇ ਰਾਹੀਂ 17 ਗਦਰੀ ਕ੍ਰਾਂਤੀਕਾਰੀਆਂ ਦੀ ਮੌਤ ਸਜ਼ਾ ਘਟਾ ਕੇ ਉਸਨੂੰ ਦੇਸ਼ ਨਿਕਾਲੇ ਵਿੱਚ ਬਦਲ ਦਿੱਤਾ, ਪਰ ਕਰਤਾਰ ਸਿੰਘ ਅਤੇ ਉਸਦੇ ਛੇ ਸਾਥੀਆਂ ਦੀ ਮੌਤ ਦੀ ਸਜ਼ਾ ਬਰਕਰਾਰ ਰੱਖੀ। ਉਸ ਨੂੰ ਇੱਕ ਵਾਰ ਫੇਰ ਰਹਿਮ ਦੀ ਅਪੀਲ ਕਰਨ ਬਾਰੇ ਪੁੱਛਿਆ ਗਿਆ ਤਾਂ ਉਸਦਾ ਉਹੀ ਜਵਾਬ ਸੀ," ਮੈਨੂੰ ਛੇਤੀ ਤੋਂ ਛੇਤੀ ਫਾਂਸੀ ਦਿਓ।"

ਕਰਤਾਰ ਸਿੰਘ ਦੇ ਮਾਤਾ-ਪਿਤਾ ਉਸਦੇ ਬਚਪਨ ਸਮੇਂ ਹੀ ਸੁਰਗਵਾਸ ਹੋ ਗਏ ਸਨ। ਉਸਦੇ ਬਿਰਧ ਦਾਦੇ ਨੇ ਉਸ ਨੂੰ ਪਾਲਿਆ ਸੀ। ਜਦ ਉਹ ਪਹਿਲੀ ਵਾਰ ਕਰਤਾਰ ਸਿੰਘ ਨਾਲ ਮੁਲਾਕਾਤ ਕਰਨ ਲਈ ਜੇਲ੍ਹ ਵਿੱਚ ਆਇਆ ਤਾਂ ਉਹ ਰੋਣ ਲੱਗ ਪਿਆ। ਕਰਤਾਰ ਸਿੰਘ ਨੇ ਉਸਨੂੰ ਆਖਿਆ "ਦਾਦਾ ਜੀ, ਤੁਸੀਂ ਕਿਉਂ ਰੋਂਦੇ ਹੋ, ਮੈਂ ਪਰਿਵਾਰ ਲਈ ਕੋਈ ਬਦਨਾਮੀ ਖੱਟ ਕੇ ਨਹੀਂ ਜਾ ਰਿਹਾ। ਮੈਨੂੰ ਤੀਹ ਕ੍ਰੋੜ ਗੁਲਾਮ ਦੱਬੇ ਕੁਚਲੇ ਲੋਕਾਂ ਵਾਸਤੇ ਆਜ਼ਾਦੀ ਖਾਤਰ ਕੰਮ ਕਰਨ ਦੇ ਜ਼ੁਰਮ ਵਿੱਚ ਫਾਂਸੀ ਦਿੱਤੀ ਜਾ ਰਹੀ ਹੈ। ਤੁਹਾਨੂੰ ਅਜਿਹੀ ਸ਼ਾਨਦਾਰ ਮੌਤ ਉੱਪਰ ਰੋਣ ਦੀ ਬਜਾਇ ਖੁਸ਼ ਹੋਣਾ ਚਾਹੀਦੈ।" ਕਰਤਾਰ ਸਿੰਘ ਦੇ ਮੂੰਹੋਂ ਅਜਿਹੇ ਦਲੇਰੀ ਭਰੇ ਸ਼ਬਦ ਸੁਣਕੇ ਦਾਦਾ ਖੁਸ਼ ਹੋ ਗਿਆ ਅਤੇ ਉਸਨੇ ਕਰਤਾਰ ਸਿੰਘ ਨੂੰ ਅੰਤਿਮ ਅਸ਼ੀਰਵਾਦ ਦਿੱਤੀ।

17 ਨਵੰਬਰ, 1915 ਵਾਲੇ ਦਿਨ ਕਰਤਾਰ ਸਿੰਘ ਅਤੇ ਉਸਦੇ ਛੇ ਸਾਥੀਆਂ ਨੂੰ ਲਾਹੌਰ ਦੀ ਸੈਂਟਰਲ ਜੇਲ੍ਹ ਵਿੱਚ ਫਾਂਸੀ ਦੇ ਦਿੱਤੀ ਗਈ। ਉਸਦੀ ਸ਼ਹਾਦਤ ਬਾਰੇ ਬਹੁਤ ਕੁਝ ਲਿਖਿਆ ਗਿਆ ਹੈ। ਕਰਤਾਰ ਸਿੰਘ ਨੇ ਖੁਦ ਆਪਣੇ ਗਲ ਵਿੱਚ ਫਾਂਸੀ ਵਾਲਾ ਫੰਧਾ ਪਾਇਆ। ਮੌਤ ਦਾ ਮਖੌਲ ਉਡਾਉਂਦਾ ਹੋਇਆ ਅਮਰ ਹੋ ਗਿਆ। ਆਪਣੀ ਜ਼ਿੰਦਗੀ ਦੇ ਬਹੁਤ ਥੋੜ੍ਹੇ ਸਮੇਂ ਵਿੱਚ ਆਪਣੀ ਜਵਾਨੀ ਅਤੇ ਨਾ ਤਜ਼ਰਬਾਕਾਰੀ ਦੇ ਬਾਵਜੂਦ ਉਹ ਸਮੁੱਚੀ ਮਨੁੱਖਤਾ ਅਤੇ ਖਾਸ ਕਰ ਆਪਣੇ ਦੇਸ਼ ਵਾਸੀਆਂ ਦੀ ਸੁਤੰਤਰਤਾ ਦੇ ਕਾਰਜ ਲਈ ਆਪਣੀ ਜ਼ਿੰਦਗੀ ਕੁਰਬਾਨ ਕਰ ਗਿਆ। ਦੁਨੀਆਂ ਦੇ ਇਤਿਹਾਸ ਵਿੱਚ ਬਹੁਤ ਘੱਟ ਲੋਕ ਉਸਦੇ ਸਾਨੀ ਹਨ।

(ਅੰਗਰੇਜ਼ੀ ਵਿੱਚੋਂ ਪੰਜਾਬੀ
ਅਨੁਵਾਦ, ਇੰਦਰ ਸਿੰਘ ਖਾਮੋਸ਼)

✡ ✡ ✡ ✡ ✡ ✡ ✡

(ਪੰਨਾ 15 ਦਾ ਬਾਕੀ)

ਬਜਟ ਘਾਟਾ ਸਿਫ਼ਰ ਕਰਨ। ਇਹ ਬਜਟ ਘਾਟਾ ਕੀ ਹੈ ? ਹਰ ਸਾਲ ਸਰਕਾਰ ਬਜਟ ਪੇਸ਼ ਕਰਨ ਮੌਕੇ ਬਜਟ ਘਾਟਾ ਵੀ ਪੇਸ਼ ਕਰਦੀ ਹੈ। ਜਦ ਸਰਕਾਰ ਆਪਣੀ ਆਮਦਨੀ ਤੋਂ ਵੱਧ ਕੇ ਖਰਚ ਕਰਦੀ ਹੈ ਤਾਂ ਵਾਧੂ ਖਰਚ ਬਜਟ ਘਾਟਾ ਅਖਵਾਉਂਦਾ ਹੈ ਅਤੇ ਇਹ ਵਾਧੂ ਖਰਚ ਉਦੋਂ ਹੁੰਦਾ ਹੈ ਜਦ ਸਰਕਾਰ 'ਸਮਾਜ ਭਲਾਈ' ਲਈ ਸਬਸਿਡੀਆਂ ਦਿੰਦੀ ਹੈ। ਜਿਵੇਂ ਕਿ ਸਿਹਤ, ਸਿੱਖਿਆ, ਸਫ਼ਾਈ ਅਤੇ ਸਮਾਜਿਕ ਸੁਰੱਖਿਆ ਆਦਿ ਨੂੰ ਸਰਕਾਰ ਸਬਸਿਡੀ ਦਿੰਦੀ ਹੈ। ਪਰ ਜਿਵੇਂ-ਜਿਵੇਂ ਨਿੱਜੀ ਪੂੰਜੀ ਦਾ ਪਸਾਰਾ ਵੱਧਦਾ ਜਾਂਦਾ ਹੈ ਤਿਵੇਂ-ਤਿਵੇਂ ਸਰਕਾਰਾਂ ਨੂੰ ਸਬਸਿਡੀਆਂ ਘਟਾਉਣੀਆਂ ਪੈਂਦੀਆਂ ਹਨ ਜਾਂ ਬੰਦ ਕਰਨੀਆਂ ਪੈਂਦੀਆਂ ਹਨ ਕਾਰਣ ਇਹੀ, ਅਗਰ ਨਿੱਜੀ ਪੂੰਜੀ ਦਾ ਨਿਵੇਸ਼ ਨਿਸ਼ੇਸ਼ ਹੋ ਜਾਂਦਾ ਹੈ ਤਾਂ ਆਰਥਿਕ ਖੜੋਤ ਦੀ ਤਲਵਾਰ ਪੂੰਜੀਵਾਦ ਦੀ ਗਰਦਨ 'ਤੇ ਲਟਕਣ ਲੱਗ ਪੈਂਦੀ ਹੈ। ਇਸ ਸਾਰੇ ਵਰਤਾਰੇ ਵਿੱਚੋਂ ਹੀ ਸਿੱਖਿਆ ਦਾ ਨਿੱਜੀਕਰਨ ਸਾਹਮਣੇ ਆ ਰਿਹਾ ਹੈ। ਨਵੀਆਂ ਆਰਥਿਕ ਨੀਤੀਆਂ ਤਹਿਤ ਯੂਨੀਵਰਸਿਟੀਆਂ, ਕਾਲਜਾਂ ਆਦਿ ਨੂੰ ਆਪਣਾ ਖਰਚਾ ਆਪ ਕੱਢਣ ਦੇ ਨਾਂ 'ਤੇ ਫੀਸਾਂ ਵਧਾਉਣ ਦੀ ਖੁੱਲ ਦਿੱਤੀ ਗਈ। ਇਸੇ ਤਰਾਂ ਕੈਂਪਸ ਅੰਦਰ ਕੰਪਨੀਆਂ ਦੇ ਇਸ਼ਤਿਹਾਰ ਆਦਿ ਲਗਾਉਣ ਦੀ ਖੁੱਲ ਦਿੱਤੀ ਗਈ ਤਾਂ ਕਿ ਵਿਦਿਅਕ ਅਦਾਰੇ ਆਪਣੇ ਖਰਚੇ ਕੱਢ ਸਕਣ ਅਤੇ ਇਸ ਤਰ੍ਹਾਂ ਹੀ ਦਿੱਤੀ ਗਈ ਖੁੱਲ ਹੈ ਨਿੱਜੀ ਨਿਵੇਸ਼ਕਾਂ ਨੂੰ ਸਿੱਖਿਆ ਵਿੱਚ ਨਿਵੇਸ਼ ਕਰਨ ਦੀ ਅਤੇ ਸਿੱਖਿਆ ਦਾ ਵਪਾਰੀਕਰਨ ਕਰਨ ਦੀ। ਸਿੱਖਿਆ ਵੀ ਹੁਣ ਅਜਿਹਾ ਮਾਲ ਬਣਾ ਦਿੱਤੀ ਗਈ ਹੈ ਜੋ ਕਿ ਵੱਡੇ ਡਿਪਾਰਟਮੈਂਟਲ ਸਟੋਰਾਂ 'ਤੇ ਵੀ ਵਿਕਦਾ ਹੈ ਅਤੇ ਫੜੀਆਂ 'ਤੇ ਵੀ ਅਤੇ ਇਹ ਤੁਹਾਡੀ ਔਕਾਤ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿਸ ਕਵਾਲਟੀ ਦੀ ਸਿੱਖਿਆ ਖਰੀਦਣ ਦੀ ਸਮਰੱਥਾ ਰੱਖਦੇ ਹੋ!

✡ ✡ ✡ ✡

ਪੁਸਤਕ ਜਾਣ-ਪਛਾਣ

ਪਹਿਲਾ ਅਧਿਆਪਕ

ਇਨਸਾਨੀ ਕਦਰਾਂ-ਕੀਮਤਾਂ ਦੀ ਜੀਵੰਤ ਪੇਸ਼ਕਾਰੀ

— ਸੁਖਪਾਲ ਨਸਰਾਲ਼ੀ

"ਹੀਰੇ ਇਮਾਰਤ ਦੀ ਖ਼ੂਬਸੂਰਤੀ ਵਧਾ ਸਕਦੇ ਹਨ। ਦੇਖਣ ਵਾਲਿਆਂ ਨੂੰ ਹੈਰਾਨ ਕਰ ਸਕਦੇ ਹਨ, ਪਰ ਉਹ ਇਮਾਰਤ ਦੀ ਬੁਨਿਆਦ ਨਹੀਂ ਬਣ ਸਕਦੇ, ਉਸ ਦੀ ਉਮਰ ਨਹੀਂ ਵਧਾ ਸਕਦੇ, ਸਦੀਆਂ ਤੱਕ ਆਪਣੇ ਮਜ਼ਬੂਤ ਮੋਢਿਆਂ ਤੇ ਉਸ ਦੇ ਬੋਝ ਨੂੰ ਚੁੱਕ ਕੇ, ਸਿੱਧਿਆਂ ਖੜ੍ਹਾ ਨਹੀਂ ਰੱਖ ਸਕਦੇ। ਹੁਣ ਤੱਕ ਸਾਡੇ ਸੰਘਰਸ਼ ਨੇ ਹੀਰੇ ਕਮਾਏ ਹਨ, ਬੁਨਿਆਦ ਦੇ ਪੱਥਰ ਨਹੀਂ ਇਕੱਠੇ ਕੀਤੇ। ਇਸ ਕਰਕੇ ਹੀ ਏਨੀਆਂ ਕੁਰਬਾਨੀਆਂ ਦੇਣ ਤੋਂ ਬਾਅਦ ਵੀ ਅਸੀਂ ਅਜੇ ਤੱਕ ਇਮਾਰਤ ਤਾਂ ਕੀ, ਉਸ ਦਾ ਢਾਂਚਾ ਵੀ ਖੜ੍ਹਾ ਨਹੀਂ ਕਰ ਸਕੇ। ਅੱਜ ਸਾਨੂੰ ਬੁਨਿਆਦ ਦੇ ਪੱਥਰਾਂ ਦੀ ਜ਼ਰੂਰਤ ਹੈ।" ਕੁੱਝ ਚਿਰ ਰੁਕ ਕੇ ਫਿਰ ਬੋਲਿਆ, "ਤਿਆਗ ਅਤੇ ਕੁਰਬਾਨੀ ਦੇ ਵੀ ਦੋ ਰੂਪ ਹਨ। ਇਕ ਹੈ ਸੀਨੇ ਵਿੱਚ ਗੋਲ਼ੀ ਖਾ ਕੇ ਜਾਂ ਫਾਂਸੀ ਤੇ ਚੜ੍ਹ ਕੇ ਮਰਨਾ। ਇਸ ਵਿਚ ਚਮਕ-ਦਮਕ ਜ਼ਿਆਦਾ ਹੈ ਪਰ ਤਕਲੀਫ ਘੱਟ। ਦੂਸਰਾ ਹੈ ਪਿੱਛੇ ਰਹਿ ਕੇ ਸਾਰੀ ਜ਼ਿੰਦਗੀ ਇਮਾਰਤ ਦਾ ਬੋਝ ਢੋਂਦੇ ਫਿਰਨਾ। ਸੰਘਰਸ਼ ਦੇ ਉਤਰਾਵਾਂ ਚੜ੍ਹਾਵਾਂ ਵਿੱਚ ਕਸੂਤੀਆਂ ਹਾਲਤਾਂ ਵਿੱਚ ਕਦੇ ਐਸੇ ਪਲ਼ ਵੀ ਆਉਂਦੇ ਹਨ, ਜਦ ਇੱਕ-ਇੱਕ ਕਰਕੇ ਸਭ ਹਮਸਫ਼ਰ ਸਾਥ ਛੱਡ ਜਾਂਦੇ ਹਨ। ਉਸ ਸਮੇਂ ਮਨੁੱਖ ਹਮਦਰਦੀ ਦੇ ਦੋ ਬੋਲਾਂ ਲਈ ਵੀ ਤਰਸ ਜਾਂਦਾ ਹੈ। ਅਜਿਹੇ ਪਲਾਂ ਵਿੱਚ ਹੌਸਲਾਂ ਨਾ ਹਾਰ ਕੇ, ਜਿਹੜੇ ਲੋਕ ਆਪਣਾ ਰਾਹ ਨਹੀਂ ਛੱਡਦੇ, ਇਮਾਰਤ ਦੇ ਬੋਝ ਨਾਲ ਜਿਨ੍ਹਾਂ ਦੇ ਪੈਰ ਨਹੀਂ ਡਗਮਗਾਉਂਦੇ, ਮੋਢੇ ਨਹੀਂ ਝੁਕਦੇ, ਜੋ ਪੋਟਾ-ਪੋਟਾ ਕਰਕੇ ਆਪਣੇ ਆਪ ਨੂੰ ਇਸ ਲਈ ਗਾਲ਼ਦੇ ਰਹਿੰਦੇ ਹਨ, ਇਸ ਲਈ ਜਲ਼ਾਉਂਦੇ ਰਹਿੰਦੇ ਹਨ ਕਿ ਦੀਵੇ ਦੀ ਲੋਅ ਮੱਧਮ ਨਾ ਪੈ ਜਾਵੇ, ਸੁੰਨਸਾਨ ਡੰਡੀ ਤੇ ਹਨ੍ਹੇਰਾ ਨਾ ਪਸਰ ਜਾਵੇ, ਅਜਿਹੇ ਲੋਕਾਂ ਦੀ ਕੁਰਬਾਨੀ ਅਤੇ ਤਿਆਗ, ਪਹਿਲੇ ਵਾਲ਼ਿਆਂ ਦੇ ਮੁਕਾਬਲੇ ਕੀ ਜ਼ਿਆਦਾ ਨਹੀਂ ਹੈ?" (ਅਜਿਹਾ ਸੀ ਸਾਡਾ ਭਗਤ ਸਿੰਘ—ਸ਼ਿਵ ਵਰਮਾ)

ਬਿਲਕੁਲ ਅਜਿਹੇ ਹੀ ਦੋ ਇਨਸਾਨਾਂ (ਸਹੀ ਅਰਥਾਂ ਵਿੱਚ) ਦੀ ਕਹਾਣੀ ਬਿਆਨ ਕਰਦਾ ਇਹ ਨਾਵਲੈਟ ਚੰਗੇਜ਼ ਆਇਤਮਾਤੋਵ ਵੱਲੋਂ ਰਚਿਆ ਗਿਆ ਹੈ। ਇਸਦੇ ਛੋਟੇ ਆਕਾਰ ਅਤੇ ਪਹਿਲੀ ਨਜ਼ਰੇ ਸਾਧਾਰਨ ਜਿਹੇ ਜਾਪਣ ਵਾਲੇ ਨਾਮ ਤੋਂ ਮੁੱਢਲੇ ਤੌਰ 'ਤੇ ਇਸਦੇ ਬਾਲ ਸਾਹਿਤ ਹੋਣ ਦਾ ਪ੍ਰਭਾਵ ਪੈ ਸਕਦਾ ਹੈ। ਪਰ ਇਸਨੂੰ ਪੂਰੀ ਤਰ੍ਹਾਂ ਪੜ੍ਹ ਲੈਣ ਤੋਂ ਬਾਅਦ ਨਾ ਸਿਰਫ਼ ਇਹ ਭਰਮ ਹੀ ਟੁੱਟਦਾ ਹੈ ਬਲਕਿ ਇਸਦੇ ਇਖ਼ਲਾਕੀ ਤੌਰ 'ਤੇ ਸਪੂਰਣ ਪਾਤਰਾਂ ਦੇ ਸਾਹਮਣੇ ਅਸੀਂ ਖ਼ੁਦ ਨੂੰ ਅਤੇ ਇਸ ਕਿਤਾਬ ਦੀ ਸਾਹਿਤਕ ਸ਼ਕਤੀ ਸਾਹਮਣੇ ਕਈ ਮੋਟੇ-ਮੋਟੇ ਗ੍ਰੰਥਾਂ ਨੂੰ ਵੀ ਬਾਲਾਂ ਵਾਂਗ ਕਮਜ਼ੋਰ ਅਤੇ ਬੌਣੇ ਮਹਿਸੂਸ ਕਰਨ ਲੱਗ ਪੈਂਦੇ ਹਾਂ।

ਨਾਵਲੈੱਟ ਮੁੱਖ ਤੌਰ 'ਤੇ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿੱਚ ਲੇਖਕ ਇੱਕ ਚਿੱਤਰਕਾਰ ਦੀ ਹੈਸੀਅਤ ਵਜੋਂ ਇੱਕ ਅਜਿਹੀ ਤਸਵੀਰ ਬਣਾਉਣ ਲਈ ਕਸ਼ਮਕਸ਼ ਕਰ ਰਿਹਾ ਹੈ ਜੋ ਉਸਦੇ ਜ਼ਿਹਨ ਵਿੱਚ ਕਿਤੇ ਅਣਵਿਕਸਿਤ ਭਰੂਣ ਵਾਂਗ ਧੜਕ ਰਹੀ ਹੈ। ਅਤੇ ਉਸ ਲਈ ਇੱਕ ਅਜੀਬ ਜਿਹੀ ਬੇਚੈਨੀ ਅਤੇ ਵਿਆਕੁਲਤਾ ਦੀ ਸਬੱਬ ਬਣ ਰਹੀ ਹੈ। ਇੱਕ ਅਜਿਹੀ ਕਹਾਣੀ ਜਿਸ ਨੇ ਉਸਨੂੰ ਏਨੀ ਬੁਰੀ ਤਰ੍ਹਾਂ ਝੰਜੋੜ ਦਿੱਤਾ ਹੈ ਕਿ ਉਸ ਨੂੰ ਡਰ ਹੈ ਕਿ ਉਹ ਸ਼ਾਇਦ ਕਦੇ ਵੀ ਅਜਿਹੀ ਤਸਵੀਰ ਨਹੀਂ ਬਣਾ ਸਕੇਗਾ ਜੋ ਇਸ ਕਹਾਣੀ ਨੂੰ ਹੂ-ਬ-ਹੂ ਬਿਆਨ ਕਰਦੀ ਹੋਵੇ। ਆਪਣੀ ਵਿਆਕੁਲਤਾ ਉਹ ਕੁਝ ਇਸ ਤਰ੍ਹਾਂ ਪ੍ਰਗਟ ਕਰਦਾ ਹੈ *" ਮੈਂ ਉਸ ਤਸਵੀਰ ਬਾਰੇ ਜਿਹੜੀ ਅਜੇ ਬਣੀ ਨਹੀਂ ਹੈ, ਖੁੱਲ਼ ਕੇ ਕਹਿਣਾ ਚਾਹੁੰਦਾ ਹਾਂ, ਸਗੋਂ ਇਸ ਬਾਰੇ ਆਪਣੇ ਵਿਚਾਰ ਲੋਕਾਂ ਨਾਲ਼ ਸਾਂਝੇ ਕਰਨਾ ਚਾਹੁੰਦਾ ਹਾਂ।*

ਇਹ ਮੇਰਾ ਖ਼ਤਬ ਨਹੀਂ ਹੈ। ਇਸ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਹੈ ਕਿਉਂ ਕਿ ਮੈਂ ਮਹਿਸੂਸ ਕਰ ਰਿਹਾ ਹਾਂ ਕਿ ਇਹ ਮੇਰੇ ਇਕੱਲੇ ਦੇ ਵੱਸ ਦਾ ਰਿਹਾ ਨਹੀਂ ਹੈ। ਮੈਨੂੰ ਲੱਗਦਾ ਹੈ ਕਿ ਇਹ ਕਹਾਣੀ ਜਿਸ ਨੇ ਮੇਰੀ ਆਤਮਾ ਨੂੰ ਝੰਜੋੜ ਦਿੱਤਾ ਹੈ, ਜਿਹੜੀ ਮੈਨੂੰ ਬੁਰਸ਼ ਉਠਾਉਣ ਉੱਤੇ ਮਜਬੂਰ ਕਰ ਰਹੀ ਹੈ, ਏਨੀ ਵਿਸ਼ਾਲ ਅਤੇ ਵਿਲੱਖਣ ਹੈ ਕਿ ਮੈਂ ਇਕੱਲਾ ਇਸ ਨੂੰ ਸੰਭਾਲ ਨਹੀਂ ਸਕਦਾ। ਮੈਨੂੰ ਡਰ ਹੈ ਕਿ ਇਹ ਭਰਿਆ ਪਿਆਲਾ ਕਿਤੇ ਮੇਰੇ ਕੋਲ਼ੋਂ ਛਲ਼ਕ ਜਾਵੇਗਾ। ਮੈਂ ਚਾਹੁੰਦਾ ਹਾਂ ਕਿ ਲੋਕ ਕੋਈ ਸਲਾਹ ਦੇ ਕੇ ਮੇਰੀ ਸਹਾਇਤਾ ਕਰਨ, ਮੈਨੂੰ ਕੋਈ ਰਾਹ ਵਿਖਾਉਣ, ਉਹ ਆਪਣੀ ਕਲਪਨਾ ਵਿੱਚ ਹੀ ਮੇਰੇ ਈਜ਼ਲ ਲਾਗੇ ਆ ਕੇ ਖਲੋ ਜਾਣ, ਅਤੇ ਮੇਰੇ ਵਾਂਗ ਹੀ ਇਹਨਾਂ ਵਲਵਲਿਆਂ ਨੂੰ ਹਢਾਉਣ।"

ਇਸਦੇ ਦੂਸਰੇ ਭਾਗ ਵਿੱਚ ਉਹ ਕਹਾਣੀ ਦੀ ਭੂਮੀਕਾ ਬੰਨਦਾ ਹੈ। ਲੇਖਕ ਆਪਣੇ ਪਿੰਡ ਕੁਰਕਰੇਓ ਤੋਂ ਆਪਣੇ ਬਚਪਨ ਅਤੇ ਦੋ ਦਿਓਕੱਦ ਪੋਪਲ਼ਰ ਦੇ ਰੁੱਖਾਂ ਤੋਂ ਸ਼ੁਰੂ ਕਰਦਾ ਹੈ। ਪਿੰਡ ਤੋਂ ਦੂਰ ਇੱਕ ਟਿੱਲੇ ਉੱਤੇ ਦੋ ਪੋਪਲ਼ਰ ਦੇ ਰੁਖ ਹਨ ਜਿਹਨਾਂ ਨਾਲ਼ ਲੇਖਕ ਦਾ ਬਚਪਨ ਤੋਂ ਹੀ ਸਨੇਹ ਭਰਿਆ ਰਿਸ਼ਤਾ ਰਿਹਾ ਹੈ। *"...ਜਾਂ ਤਾਂ ਇਹ ਕਿ ਬਚਪਨ ਦੀਆਂ ਯਾਦਾਂ ਹਰ ਮਨੁੱਖ ਲਈ ਖਾਸ ਕਰਕੇ ਪਿਆਰੀਆਂ ਹੁੰਦੀਆਂ ਹਨ ਜਾਂ ਫਿਰ ਇਹ ਕਿ ਮੈਂ ਚਿੱਤਰਕਾਰ ਹਾਂ। ਪਰ ਹਰ ਵਾਰੀ ਗੱਡੀ ਤੋਂ ਉੱਤਰ ਕੇ ਸਤੇਪੀ ਪਾਰ ਕਰਨ ਮਗਰੋਂ ਜਦੋਂ ਪਿੰਡ ਲਾਗੇ ਪਹੁੰਚਦਾ ਹਾਂ ਤਾਂ ਮੇਰੀ ਨਜ਼ਰ ਸਭ ਤੋਂ ਪਹਿਲਾਂ ਇਨ੍ਹਾਂ ਪਿਆਰੇ ਪੋਪਲਰਾਂ ਨੂੰ ਦੂਰੋਂ ਹੀ ਢੂੰਡਣ ਲੱਗ ਪੈਂਦੀ ਹੈ।"* ਬਚਪਨ ਵਿੱਚ ਲੇਖਕ ਆਪਣੇ ਸਾਥੀਆਂ ਸਮੇਤ ਇਹਨਾਂ ਪੋਪਲਰਾਂ ਕੋਲ਼ ਖੇਡਣ ਲਈ ਆਇਆ ਕਰਦਾ ਸੀ। ਲੋਕ ਇਸ ਟਿੱਲੇ ਨੂੰ 'ਦੂਈਸ਼ੇਨ ਦਾ ਸਕੂਲ' ਕਹਿੰਦੇ ਸਨ। ਜਦਕਿ ਉੱਥੇ

ਕਿਸੇ ਸਕੂਲ ਦੀ ਕੋਈ ਨਿਸ਼ਾਨੀ ਵੀ ਨਹੀਂ ਸੀ। ਦੂਈਸ਼ੇਨ ਬਾਰੇ ਵੀ ਉਹ ਘੱਟ ਹੀ ਜਾਣਦਾ ਸੀ। ਪਰ ਪੋਪਲਰਾਂ ਨਾਲ ਉਸਦਾ ਰਿਸ਼ਤਾ ਦਿਨ-ਬ-ਦਿਨ ਵੱਧਦਾ ਹੀ ਗਿਆ। ਲੇਖਕ ਦੇ ਸ਼ਬਦਾਂ ਵਿੱਚ "ਪੋਪਲਰ ਦੇ ਰੁੱਖਾਂ ਉੱਤੇ ਬੈਠੇ ਅਸੀਂ ਹਵਾਵਾਂ ਦੀਆਂ ਰਹੱਸਮਈ ਆਵਾਜ਼ਾਂ ਸੁਣਦੇ ਰਹਿੰਦੇ ਅਤੇ ਜਵਾਬ ਵਿਚ ਪੋਪਲਰਾਂ ਦੇ ਪੱਤੇ ਬੜੇ ਦੋਸਤਾਨਾ ਅੰਦਾਜ਼ ਵਿੱਚ ਸਰਗੋਸ਼ੀਆਂ ਕਰਦੇ। ਸਾਨੂੰ ਲਗਦਾ ਕਿ ਉਹ ਉਨ੍ਹਾਂ ਦਿਲ-ਖਿੱਚਵੇਂ, ਰਹੱਸਮਈ ਇਲਾਕਿਆਂ ਦੀ ਚਰਚਾ ਕਰ ਰਹੇ ਸਨ ਜਿਹੜੇ ਨੀਲੱਤਣ ਨਾਲ਼ ਢੱਕੀਆਂ ਦੂਰੀਆਂ ਦੇ ਪਿੱਛੇ ਲੁਕੇ ਹੋਏ ਸਨ।

ਮੈਂ ਪੋਪਲਰਾਂ ਦੀ ਸ਼ਾਂ ਸ਼ਾਂ ਸੁਣਦਾ ਰਹਿੰਦਾ ਤੇ ਮੇਰਾ ਦਿਲ ਡਰ ਤੇ ਖ਼ੁਸ਼ੀ ਨਾਲ ਧੱਕ ਧੱਕ ਕਰਨ ਲੱਗ ਪੈਂਦਾ। ਤੇ ਇਸ ਅਨੰਤ ਸਰਸਰਾਹਟ ਨੂੰ ਸੁਣਦਿਆਂ ਮੈਂ ਉਨ੍ਹਾਂ ਅਣਡਿੱਠ ਦੂਰੀਆਂ ਦੇ ਸੁਪਨੇ ਲੈਂਦਾ ਰਹਿੰਦਾ। ਤੇ ਸ਼ਾਇਦ ਇੱਕ ਗੱਲ ਹੀ ਐਸੀ ਸੀ ਜਿਸ ਬਾਰੇ ਓਦੋਂ ਮੈਂ ਕੁੱਝ ਵੀ ਸੋਚਿਆ ਨਹੀਂ ਸੀ। ਉਹ ਇਹ ਸੀ ਕਿ ਇਹ ਦਰਖ਼ਤ ਕਿਸ ਨੇ ਲਾਏ ਸਨ। ਉਸ ਦੇ ਮਨ ਵਿਚ ਕੀ ਸੀ, ਉਸ ਜ਼ਬਾਨ 'ਤੇ ਉਦੋਂ ਕਿਹੜੇ ਲਫਜ਼ ਸਨ, ਜਦੋਂ ਉਸ ਨੇ ਇਨ੍ਹਾਂ ਨੂੰ ਲਾਇਆ ਸੀ, ਇਸ ਟਿੱਲੇ ਉੱਤੇ ਇਨ੍ਹਾਂ ਨੂੰ ਪਾਲਣ ਵਾਲੇ ਦੇ ਮਨ ਵਿਚ ਕੀ ਕੀ ਆਸਾਂ ਸਨ ?"

ਫਿਰ ਇੱਕ ਦਿਨ ਉਸਨੂੰ ਇਹਨਾਂ ਪੋਪਲਰਾਂ ਦੀ ਹਕੀਕਤ ਦਾ ਪਤਾ ਚਲਦਾ ਹੈ। ਹੋਇਆ ਇਹ ਕਿ ਪਿੰਡ ਵਿੱਚ ਨਵਾਂ ਸਕੂਲ ਖੁੱਲ੍ਹਣ 'ਤੇ ਉਦਘਾਟਨੀ ਸਮਾਰੋਹ ਵਿੱਚ ਉਸਨੂੰ ਨੂੰ ਬੁਲਾਇਆ ਗਿਆ। ਅਲਤਿਨਾਈ ਸੁਲੇਮਾਨੋਵਨਾ ਜੋ ਇੱਕ ਉੱਘੀ ਵਿਗਿਆਨੀ ਸੀ ਅਤੇ ਇਸ ਪਿੰਡ ਦੀ ਜੰਮਪਲ਼ ਸੀ ਨੂੰ ਵੀ ਉਚੇਚੇ ਤੌਰ 'ਤੇ ਸੱਦਿਆ ਹੋਇਆ ਸੀ। ਉਸ ਸਮਾਰੋਹ ਵਿੱਚ ਕੁਝ ਐਸਾ ਵਾਪਰਿਆ ਜਿਸ ਨੇ ਅਲਤਿਨਾਈ ਨੂੰ ਡਾਢਾ ਪ੍ਰੇਸ਼ਾਨ ਕਰ ਦਿੱਤਾ ਅਤੇ ਉਹ ਉਸੇ ਸਮੇਂ ਵਾਪਸ ਮਾਸਕੋ ਚਲੀ ਗਈ। ਕਈ ਦਿਨਾਂ ਬਾਅਦ ਉਸ ਨੇ ਲੇਖਕ ਨੂੰ ਇੱਕ ਚਿੱਠੀ ਲਿਖੀ 'ਤੇ ਇੱਕ ਕਹਾਣੀ ਸੁਣਾਈ ਜੋ ਕਿ ਉਸਦੀ, ਦੂਈਸ਼ੇਨ ਅਤੇ ਉਹਨਾਂ ਦੋ ਪੋਪਲਰਾਂ ਦੀ ਦਾਸਤਾਨ ਹੈ। ਇਸ ਤੋਂ ਬਾਅਦ ਨਾਵਲੈੱਟ ਦਾ ਤੀਸਰਾ ਪਰ ਮੁੱਖ ਭਾਗ ਸ਼ੁਰੂ ਹੁੰਦਾ ਹੈ।

ਇਹ ਘਟਨਾ ਸੰਨ 1924 ਦੀ ਹੈ। ਜਦੋਂ ਰੂਸ ਵਿੱਚ ਸਮਾਜਵਾਦ ਸਥਾਪਿਤ ਹੋ ਚੁੱਕਿਆ ਸੀ। ਸੋਵੀਅਤ ਸਰਕਾਰ ਦੁਆਰਾ ਬਹੁਤ ਸਾਰੇ ਨੌਜਵਾਨਾਂ ਨੂੰ ਪਿੰਡਾਂ ਵਿੱਚ ਜਾ ਕੇ ਬੱਚਿਆਂ ਨੂੰ ਪੜਾਉਣ ਦੀਆਂ ਜਿੰਮੇਵਾਰੀਆਂ ਸੋਪੀਆਂ ਗਈਆਂ। ਦੂਈਸ਼ੇਨ ਇਹਨਾਂ ਵਿੱਚੋਂ ਇੱਕ ਸੀ। ਇਸ ਨਾਵਲੈੱਟ ਵਿੱਚ ਦੱਸਿਆ ਗਿਆ ਹੈ ਕਿ ਕਿਵੇਂ ਦੂਈਸ਼ੇਨ ਨੇ ਇੱਕ ਬਿਲਕੁਲ ਪਛੜੇ ਹੋਏ ਅਤੇ ਬੇਹੱਦ ਗੰਵਾਰ ਲੋਕਾਂ ਵਿੱਚ ਜਾ ਕੇ ਸਕੂਲ ਸਥਾਪਿਤ ਕੀਤਾ। ਉਸ ਨੂੰ ਕਿਹੜੀਆਂ-ਕਿਹੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ, ਅਲਤਿਨਾਈ ਇੱਕ ਆਮ ਜਿਹੇ ਅਨਪੜ੍ਹ ਪਰਿਵਾਰ ਦੀ ਧੀ ਤੋਂ ਉੱਘੀ ਵਿਗਿਆਨੀ ਕਿਵੇਂ ਬਣੀ ? ਇਸ ਵਿੱਚ ਦੂਈਸ਼ੇਨ ਦਾ ਕੀ ਹੱਥ ਸੀ ਅਤੇ ਆਪਣੀਆਂ ਆਪਣੀਆਂ ਮੰਜਿਲਾਂ 'ਤੇ ਪਹੁੰਚਣ ਲਈ ਦੋਹਾਂ ਨੂੰ ਕੀ-ਕੀ ਕੁਰਬਾਨੀਆਂ ਕਰਨੀਆਂ ਪਈਆਂ।

ਦੂਈਸ਼ੇਨ ਬੜੀ ਮੁਸ਼ਕਿਲ ਨਾਲ਼ ਇੱਕ ਟਿੱਲ੍ਹੇ 'ਤੇ ਇੱਕ ਖੰਡਰ ਨੂੰ ਸਕੂਲ ਵਜੋਂ ਵਰਤਣ ਲਈ ਪ੍ਰਵਾਨਗੀ ਲੈ ਲੈਂਦਾ ਹੈ। ਉਹ ਹਰ ਰੋਜ਼ ਘਰ-ਘਰ ਜਾ ਕੇ ਬੱਚਿਆਂ ਨੂੰ ਇਕੱਠੇ ਕਰਦਾ ਅਤੇ ਸਕੂਲ ਵਿੱਚ ਲੈ ਕੇ ਜਾਂਦਾ। ਉਹ ਉਹਨਾਂ ਨੂੰ ਪੜ੍ਹਨਾ ਅਤੇ ਲਿਖਣਾ ਸਿਖਾਉਂਦਾ ਜਦਕਿ ਅਲਤਿਨਾਈ ਦੇ ਕਹਿਣ ਅਨੁਸਾਰ ਖ਼ੁਦ ਉਸ ਨੂੰ ਵੀ ਚੰਗੀ ਤਰ੍ਹਾਂ ਪੜ੍ਹਨਾਂ-ਲਿਖਣਾਂ ਨਹੀਂ ਆਉਂਦਾ ਸੀ। "ਮੈਂ ਅੱਜ ਵੀ ਸੋਚਦੀ ਹੋਈ ਹੈਰਾਨ ਹੁੰਦੀ ਹਾਂ ਕਿ ਉਸ ਗੱਭਰੂ ਨੇ, ਜਿਹੜਾ ਆਪ ਹੀ ਬਹੁਤ ਘੱਟ ਪੜ੍ਹਿਆ ਹੋਇਆ ਸੀ, ਜਿਹੜਾ ਬੜੀ ਮੁਸ਼ਕਿਲ ਨਾਲ਼ ਜੋੜ-ਜੋੜ ਕੇ ਪੜ੍ਹਦਾ ਹੁੰਦਾ ਸੀ, ਜਿਸ ਦੇ ਕੋਲ਼ ਇੱਕ ਵੀ ਪਾਠ-ਪੁਸਤਕ ਨਹੀਂ ਸੀ, ਇੱਥੋਂ ਤੱਕ ਕਿ ਅੱਖ਼ਰ-ਮਾਲ਼ਾ ਦੀ ਵੀ ਪੁਸਤਕ ਨਹੀਂ ਸੀ, ਕਿਵੇਂ ਐਡਾ ਕੰਮ ਹੱਥਾਂ ਵਿੱਚ ਲੈਣ ਦੀ ਹਿੰਮਤ ਕੀਤੀ ਸੀ ਤੇ ਜੋ ਸੱਚਮੁੱਚ ਹੀ ਮਹਾਨ ਕਾਰਜ਼ ਸੀ। ਅਜਿਹੇ ਬੱਚਿਆਂ ਨੂੰ ਪੜਾਉਂਣਾ ਕੋਈ ਸੋਖਾ ਕੰਮ ਨਹੀਂ ਜਿਹਨਾਂ ਦੀਆਂ ਪਿਛਲੀਆਂ ਸੱਤ ਪੁਸ਼ਤਾਂ ਨੇ ਸਕੂਲ ਦਾ ਨਾਂ ਸੁਣਿਆ ਤੱਕ ਨਾ ਹੋਵੇ। ਇਸ ਤੋਂ ਇਲਾਵਾ ਦੂਈਸ਼ੇਨ ਨੂੰ ਸਿਲੇਬਸ ਤੇ ਅਧਿਆਪਨ ਵਿਧੀ ਦਾ ਕੋਈ ਥੌਹ ਪਤਾ ਨਹੀਂ ਸੀ। ਇੱਥੋ ਤੱਕ ਕਿ ਉਹ ਅਜਿਹੀਆਂ ਚੀਜ਼ਾਂ ਦੀ ਹੋਂਦ ਤੱਕ ਤੋਂ ਅਣਜਾਣ ਸੀ।" ਅਲਤਿਨਾਈ ਵੀ ਉਸਦੇ ਸਕੂਲ ਵਿੱਚ ਪੜ੍ਹਿਆ ਕਰਦੀ ਸੀ। ਹੋਲ਼ੀ-ਹੋਲ਼ੀ ਇਹ ਉਸ ਦੀ ਸਭ ਤੋਂ ਪਿਆਰੀ ਅਤੇ ਲਾਡਲੀ ਵਿਦਿਆਰਥਣ ਬਣ ਗਈ। ਪਰ ਅਲਤਿਨਾਈ ਦੀ ਚਾਚੀ ਨੂੰ ਉਸਦਾ ਪੜਨਾ ਬਿਲਕੁਲ ਵੀ ਪਸੰਦ ਨਹੀਂ ਸੀ। ਸੋ ਉਸਨੇ ਉਸਦਾ ਵਿਆਹ ਜ਼ਬਰਦਸਤੀ ਇੱਕ ਅੱਧਖੜ ਉਮਰ ਦੇ ਆਦਮੀ ਨਾਲ਼ ਕਰ ਦਿੱਤਾ ਜੋ ਪਹਿਲਾਂ ਹੀ ਵਿਆਹਿਆ ਹੋਇਆ ਸੀ। ਉਸਦੀ ਚਾਚੀ ਅਤੇ ਉਸਦਾ ਪਤੀ ਉਸਨੂੰ ਜ਼ਬਰਦਸਤੀ ਸਕੂਲ ਵਿੱਚੋਂ ਚੁੱਕ ਕੇ ਲੈ ਜਾਂਦੇ ਹਨ। ਪਰ ਕੁਝ ਦਿਨਾਂ ਬਾਅਦ ਹੀ ਦੂਈਸ਼ੇਨ ਕੁਝ ਸਿਪਾਹੀਆਂ ਨੂੰ ਨਾਲ਼ ਲੈ ਕੇ ਉਸ ਨੂੰ ਛੁਡਾ ਲਿਆਉਂਦਾ ਹੈ। ਅਲਤਿਨਾਈ ਇਸ ਘਟਨਾ ਨੂੰ ਕੁਝ ਇਸ ਤਰ੍ਹਾਂ ਯਾਦ ਕਰਦੀ ਹੈ "*ਜੇ ਕਿਤੇ ਹੁਣ ਮੈਂ ਉਹ ਪਗਡੰਡੀ ਲੱਭ ਸਕਦੀ ਹੁੰਦੀ ਜਿਸ ਉਤੇ ਮੈਂ ਤੇ ਦੂਈਸ਼ੇਨ ਪਹਾੜਾਂ ਤੋਂ ਪਰਤੇ ਸਾਂ ਤਾਂ ਮੈਂ ਧਰਤੀ ਉੱਤੇ ਝੁੱਕ ਕੇ ਅਧਿਆਪਕ ਦੇ ਕਦਮਾਂ ਦੇ ਨਿਸ਼ਾਨ ਚੁੰਮ ਲੈਂਦੀ। ਮੇਰੇ ਵਾਸਤੇ ਇਹ ਪਗਡੰਡੀ ਸਾਰੇ ਰਸਤਿਆਂ ਦਾ ਰਸਤਾ ਹੈ। ਜ਼ਿੰਦਗੀ ਵੱਲ, ਆਪਣੇ ਅੰਦਰ ਨਵੇਂ ਵਿਸ਼ਵਾਸ ਵੱਲ਼, ਨਵੀਆਂ ਆਸਾਂ-ਉਮੰਗਾਂ ਵੱਲ, ਚਾਨਣ ਵੱਲ ਮੇਰੀ ਵਾਪਸੀ ਦੀ ਉਹ ਪਗਡੰਡੀ, ਉਹ ਰਸਤਾ ਤੇ ਉਹ ਦਿਨ ਮੁਬਾਰਕ ਹੋਣ...ਉਸ ਵੇਲੇ ਦੇ ਸੂਰਜ ਦਾ ਸ਼ੁਕਰੀਆ, ਉਸ ਵੇਲੇ ਦੀ ਧਰਤੀ ਦਾ ਸ਼ੁਕਰੀਆ।*" ਇਸ ਘਟਨਾ ਤੋਂ ਬਾਅਦ ਅਲਤਿਨਾਈ ਨੂੰ ਪੜ੍ਹਨ ਲਈ ਸ਼ਹਿਰ ਦੇ ਕਿਸੇ ਸਕੂਲ ਵਿੱਚ ਭੇਜ ਦਿੱਤਾ ਜਾਂਦਾ ਹੈ। ਦੋਹਾਂ ਵਿੱਚ ਖਤਾਂ ਦਾ ਸਿਲਸਿਲਾ ਚੱਲ਼ਦਾ ਰਹਿੰਦਾ ਹੈ। ਪਰ ਇੱਕ ਦਿਨ ਉਹ ਆਪਣੇ ਖ਼ਤ ਵਿੱਚ ਦੂਈਸ਼ੇਨ ਲਈ ਆਪਣੇ ਪਿਆਰ ਦਾ ਇਜ਼ਹਾਰ ਕਰ ਦਿੰਦੀ ਹੈ ਜਿਸ ਤੋਂ ਬਾਅਦ ਦੂਈਸ਼ੇਨ ਇਹ ਸਿਲਸਿਲਾ ਵੀ ਬੰਦ ਕਰ ਦਿੰਦਾ ਹੈ।

ਕੁਝ ਸਾਲਾਂ ਬਾਅਦ ਅਲਤਿਨਾਈ ਇੱਕ ਉੱਘੀ ਵਿਗਿਆਨੀ ਬਣ ਜਾਂਦੀ ਹੈ। ਏਨੀ ਦੇਰ ਤੱਕ ਨਾ ਤਾਂ ਉਹ ਪਿੰਡ ਹੀ ਜਾ ਸਕੀ ਅਤੇ ਨਾ ਹੀ ਦੂਈਸ਼ੇਨ ਨਾਲ਼ ਹੀ ਉਸਦਾ ਕੋਈ ਸੰਪਰਕ ਹੋ ਸਕਿਆ। ਫਿਰ ਇੱਕ ਦਿਨ ਅਲਤਿਨਾਈ ਨੂੰ ਪਤਾ

ਚਲਦਾ ਹੈ ਕਿ ਉਹ ਫ਼ੌਜ ਵਿੱਚ ਭਰਤੀ ਹੋ ਗਿਆ ਹੈ ਸੀ ਤੇ ਹੁਣ ਲਾਪਤਾ ਹੈ। ਪਰ ਸਮਾਂ ਆਪਣੀ ਰਫ਼ਤਾਰ ਨਾਲ਼ ਚਲਦਾ ਰਿਹਾ। ਅਲਤਿਨਾਈ ਦਾ ਵਿਆਹ ਹੋ ਜਾਂਦਾ ਹੈ ਅਤੇ ਉਹ ਇੱਕ ਖ਼ੁਸ਼ੀਆਂ ਭਰਿਆ ਪਰਿਵਾਰਕ ਜੀਵਨ ਬਤੀਤ ਕਰਨ ਲੱਗਦੀ ਹੈ। ਪਰ ਅਚਾਨਕ ਉਸ ਪਿੰਡ ਵਾਲ਼ੇ ਸਮਾਰੋਹ ਵਿੱਚ ਉਸਨੂੰ ਦੂਈਸ਼ੇਨ ਦੇ ਜਿਉਂਦੇ ਹੋਣ ਦਾ ਪਤਾ ਚਲਦਾ ਹੈ ਤਾਂ ਉਹ ਪ੍ਰੇਸ਼ਾਨ ਹੋ ਉੱਠਦੀ ਹੈ। ਫਿਰ ਉਹ ਫੈਸਲਾ ਕਰਦੀ ਹੈ ਕਿ ਸਾਰੇ ਲੋਕਾਂ ਨੂੰ ਦੂਈਸ਼ੇਨ ਦੀ ਮਹਾਨਤਾ ਤੋਂ ਜਾਣੂ ਕਰਵਾਇਆ ਜਾਵੇ ਤਾਂ ਕਿ ਉਸ ਨੂੰ ਉਸਦਾ ਬਣਦਾ ਸਨਮਾਨ ਮਿਲੇ।

ਇਸ ਤਰ੍ਹਾਂ ਇਹ ਨਾਵਲੈੱਟ ਮੁੱਖ ਰੂਪ ਵਿੱਚ ਭਾਵੇਂ ਅਲਤਿਨਾਈ 'ਤੇ ਦੂਈਸ਼ੇਨ ਦੇ ਰਿਸ਼ਤੇ ਦੀ ਦਾਸਤਾਨ ਕਹਿੰਦਾ ਹੋਵੇ ਪਰ ਤੱਤ ਰੂਪ ਵਿੱਚ ਇਹ ਇਹਨਾਂ ਦੋਵਾਂ ਦੀ ਇਖ਼ਲਾਕੀ ਪੱਧਰ ਦੀ ਸ਼ਿਖਰ ਨੂੰ ਬਿਆਨ ਕਰਦਾ ਹੈ।

ਦੂਈਸ਼ੇਨ ਇੱਕ ਐਸਾ ਨੌਜਵਾਨ ਸੀ ਜਿਸਨੇ ਆਪਣੀ ਸਾਰੀ ਜ਼ਿੰਦਗੀ ਮਨੁੱਖਤਾ ਦੀ ਸੇਵਾ ਵਿੱਚ ਅਰਪਿਤ ਕਰ ਦਿੱਤੀ ਸੀ। ਜਿਸਨੇ ਆਪਣੇ ਸੁਖ-ਸਹੂਲਤਾਂ ਦੀ ਪਰਵਾਹ ਕੀਤੇ ਬਿਨਾਂ ਇੱਕ ਸੁਨਹਿਰੀ ਭਵਿੱਖ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਹਰ ਤਰ੍ਹਾਂ ਦਾ ਕੰਮ ਕੀਤਾ। ਮਨੁੱਖਤਾ ਪ੍ਰਤੀ ਪਿਆਰ ਉਸਦੇ ਮਨ ਵਿੱਚ ਕੁੱਟ-ਕੁੱਟ ਕੇ ਭਰਿਆ ਹੋਇਆ ਸੀ ਅਤੇ ਆਪਣੇ ਪਿਆਰੇ ਲੈਨਿਨ ਦੇ ਸੁਪਨੇ ਨੂੰ ਅਮਲੀ ਜਾਮਾ ਪਹਿਨਾਉਣ ਲਈ ਉਹ ਕੁਝ ਵੀ ਕਰ ਸਕਦਾ ਸੀ। ਉਸਨੇ ਸਕੂਲ ਦੀ ਖਸਤਾ ਹਾਲ ਇਮਾਰਤ ਵਿੱਚ ਜਿਸ ਵਿੱਚ ਬੈਠਣ ਲਈ ਟਾਟ ਵਗੈਰਾ ਅਤੇ ਪੜ੍ਹਨ ਲਈ ਕੋਈ ਪੁਸਤਕ ਵੀ ਨਹੀਂ ਸੀ, ਲੈਨਿਨ ਦਾ ਇੱਕ ਚਿੱਤਰ ਜ਼ਰੂਰ ਟੰਗਿਆ ਹੋਇਆ ਸੀ ਜਿਸਦਾ ਅਲਤਿਨਾਈ ਦੇ ਮਨ ਉੱਤੇ ਬਹੁਤ ਗਹਿਰਾ ਅਸਰ ਪਿਆ ਸੀ "*ਲੈਨਿਨ ਦਾ ਉਹ ਚਿੱਤਰ ਮੈਨੂੰ ਅਜੇ ਵੀ ਯਾਦ ਹੈ। ਪਤਾ ਨਹੀਂ ਕਿਉਂ, ਮੈਂ ਕਦੀ ਵੀ ਲੈਨਿਨ ਦਾ ਉਸ ਤਰਾਂ ਦਾ ਚਿੱਤਰ ਨਹੀਂ ਵੇਖਿਆ ਤੇ ਮੈਂ ਉਸ ਨੂੰ ਮਨ ਹੀ ਮਨ "ਦੂਈਸ਼ੇਨ ਵਾਲ਼ਾ ਚਿੱਤਰ" ਕਹਿੰਦੀ ਹਾਂ। ਉਸ ਵਿੱਚ ਲੈਨਿਨ ਨੇ ਇੱਕ ਢਿੱਲੀ ਜਿਹੀ ਫ਼ੌਜੀ ਜੈਕਟ ਪਹਿਨੀ ਹੋਈ ਸੀ, ਗੱਲ੍ਹਾਂ ਧਸੀਆਂ ਹੋਈਆਂ ਸਨ ਤੇ ਦਾੜ੍ਹੀ ਵਧੀ ਹੋਈ ਸੀ। ਉਸ ਦੀ ਫੱਟੜ ਬਾਂਹ ਇੱਕ ਪੱਟੀ ਵਿੱਚ ਲਟਕੀ ਹੋਈ ਸੀ ਅਤੇ ਉਸ ਦੀ ਟੋਪੀ ਹੇਠੋਂ ਜਿਹੜੀ ਗਿੱਚੀ ਵੱਲ ਖਿਸਕੀ ਹੋਈ ਸੀ, ਮਿਹਰਬਾਨ ਅੱਖਾਂ ਬੜੀ ਸ਼ਾਂਤੀ ਨਾਲ਼ ਵੇਖ ਰਹੀਆਂ ਸਨ। ਉਸ ਦੀ ਕੋਮਲ, ਹਮਦਰਦ ਨਜ਼ਰ ਜਿਵੇਂ ਸਾਨੂੰ ਕਹਿ ਰਹੀ ਹੋਵੇ-'ਕਾਸ਼ ਕਿ ਤੁਸੀਂ ਜਾਣਦੇ ਹੁੰਦੇ, ਕਿੰਨਾ ਰੌਸ਼ਨ ਭਵਿੱਖ ਤੁਹਾਡੀ ਰਾਹ ਵੇਖ ਰਿਹਾ ਹੈ!' ਮੈਨੂੰ ਇੰਝ ਲੱਗਾ ਜਿਵੇਂ ਉਸ ਸ਼ਾਂਤ ਪਲ ਹੀ ਉਹ ਮੇਰੇ ਭਵਿੱਖ ਬਾਰੇ ਸੋਚ ਰਿਹਾ ਸੀ।*"

ਅਲਤਿਨਾਈ ਵੀ ਬੜੀਆਂ ਮੁਸ਼ਕਿਲਾਂ ਨਾਲ਼ ਪੜ੍ਹਨ ਆਉਂਦੀ ਰਹੀ। ਉਸਦੀ ਇੱਜ਼ਤ ਨਾਲ਼ ਪੇਸ਼ ਆਏ ਏਨੇ ਵੱਡੇ ਹਾਦਸੇ ਦੇ ਬਾਵਜੂਦ ਵੀ ਉਸਨੇ ਆਪਣੇ ਆਪ ਨੂੰ ਸੰਭਾਲਿਆ ਅਤੇ ਪੜ੍ਹਨ ਲਈ ਸ਼ਹਿਰ ਚਲੀ ਗਈ ਤਾਂ ਕਿ ਆਪਣੇ ਪਿਆਰੇ ਅਧਿਆਪਕ ਦਾ ਸੁਪਨਾ ਸਾਕਾਰ ਕਰ ਸਕੇ ਜੋ ਉਸਨੇ ਉਸ ਲਈ ਵੇਖਿਆ ਸੀ। ਅਲਤਿਨਾਈ ਨੇ ਕਈ ਤਰ੍ਹਾਂ ਦੀਆਂ ਔਕੜਾਂ ਦਾ ਸਾਹਮਣਾ ਕੀਤਾ ਅਤੇ ਅੰਤ ਆਪਣੀ ਮੰਜ਼ਿਲ ਪ੍ਰਾਪਤ ਕਰ ਲਈ। ਪਰ ਉਸ ਨੂੰ ਸਦਾ ਹੀ ਇਸ ਗੱਲ ਦਾ ਅਫ਼ਸੋਸ ਹੈ ਕਿ ਉਹ ਇਸ ਪ੍ਰਾਪਤੀ ਲਈ ਪਰਦੇ ਪਿੱਛੇ ਰਹਿ ਕੇ ਕੰਮ ਕਰਨ ਵਾਲ਼ੇ ਦੂਈਸ਼ੇਨ ਦਾ ਧੰਨਵਾਦ ਵੀ ਨਾ ਕਰ ਸਕੀ। ਇਸੇ ਲਈ ਉਹ ਇਸ ਕਹਾਣੀ ਨੂੰ ਲੋਕਾਂ ਵਿੱਚ ਲੈ ਜਾਣ ਦਾ ਫ਼ੈਸਲਾ ਕਰਦੀ ਹੈ। ਬਿਨਾਂ ਇਸ ਗੱਲ ਦੀ ਪਰਵਾਹ ਕੀਤਿਆਂ ਕਿ ਇਹ ਉਸਦੀ ਇੱਜ਼ਤ ਲਈ ਅਤੇ ਪਰਿਵਾਰ ਲਈ ਖ਼ਤਰਾ ਬਣ ਸਕਦੀ ਹੈ। "*ਮੈਂ ਆਪਣੇ ਆਪ ਨੂੰ ਇਸ ਕਰਕੇ ਵੀ ਗੁਨਾਹਗਾਰ ਸਮਝਦੀ ਰਹੀ ਹਾਂ ਕਿ ਨਵਾਂ ਸਕੂਲ ਖੁੱਲ੍ਹਣ ਵੇਲ਼ੇ ਸਭ ਤਰ੍ਹਾਂ ਦਾ ਸਨਮਾਨ ਮੈਨੂੰ ਨਹੀਂ ਮਿਲਣਾ ਚਾਹੀਦਾ ਸੀ, ਇੱਜ਼ਤ ਸਤਿਕਾਰ ਵਾਲੀ ਥਾਂ ਉਤੇ ਮੈਨੂੰ ਨਹੀਂ ਬੈਠਣਾ ਚਾਹੀਦਾ ਸੀ। ਇਸ ਦਾ ਹੱਕ, ਪਹਿਲੀ ਥਾਂ ਉੱਤੇ, ਸਾਡੇ ਪਿੰਡ ਦੇ ਪਹਿਲੇ ਅਧਿਆਪਕ, ਪਹਿਲੇ ਕਮਿਊਨਿਸਟ—ਬਜ਼ੁਰਗ ਦੂਈਸ਼ੇਨ ਨੂੰ ਸੀ। ਪਰ ਗੱਲ ਇਸ ਤੋਂ ਉਲਟ ਹੋਈ। ਅਸੀਂ ਜਸ਼ਨ ਮਨਾ ਰਹੇ ਸਾਂ, ਪਰ ਉਹ ਹੀਰਾ-ਇਨਸਾਨ ਡਾਕ ਵੰਡਣ ਦੀ ਕਾਹਲ ਵਿਚ ਸੀ, ਉਹ ਸਕੂਲ ਦੇ ਉਦਘਾਟਨੀ ਜਸ਼ਨ ਤੋਂ ਪਹਿਲਾਂ ਪਹਿਲਾਂ ਪੁਰਾਣੇ ਵਿਦਿਆਰਥੀਆਂ ਵਲੋਂ ਭੇਜੀਆਂ ਗਈਆਂ ਵਧਾਈਆਂ ਦੀਆਂ ਚਿੱਠੀਆਂ ਪਹੁੰਚਾਣ ਦੀ ਕਾਹਲ ਵਿੱਚ ਸੀ।*

ਵੇਖੋ ਨਾ, ਇਹ ਇਸ ਤਰ੍ਹਾਂ ਦੀ ਕੋਈ ਇਕੱਲੀ-ਦੁਕੱਲੀ ਘਟਨਾ ਨਹੀਂ ਸੀ। ਮੈਂ ਕਈ ਵਾਰ ਇਸੇ ਤਰ੍ਹਾਂ ਹੁੰਦਾ ਵੇਖਿਆ ਹੈ। ਇਸੇ ਵਾਸਤੇ ਮੈਂ ਇਹ ਪੁੱਛਦੀ ਹਾਂ: ਅਸੀਂ ਕਦੋਂ ਤੋਂ ਸਾਧਾਰਨ ਮਨੁੱਖ ਦੀ ਕਦਰ ਕਰਨ ਦੀ ਯੋਗਤਾ ਤੋਂ ਵਿਹੂਣੇ ਹੋ ਗਏ ਹਾਂ, ਉਸੇ ਤਰ੍ਹਾਂ ਕਦਰ ਕਰਨ ਦੀ ਜਿਵੇਂ ਲੈਨਿਨ ਕਰਦਾ ਹੁੰਦਾ ਸੀ ? ਰੱਬ ਦਾ ਸ਼ੁਕਰ ਹੈ ਕਿ ਹੁਣ ਅਸੀਂ ਇਸ ਤਰ੍ਹਾਂ ਦੇ ਵਰਤਾਰਿਆਂ ਦੀ ਗੱਲ, ਬਿਨਾਂ ਕਿਸੇ ਦੰਭ ਪਖੰਡ ਦੇ, ਕਰ ਸਕਦੇ ਹਾਂ। ਇਹ ਬੜੀ ਚੰਗੀ ਗੱਲ ਹੈ ਕਿ ਇਸ ਮਾਮਲੇ ਵਿੱਚ ਵੀ ਅਸੀਂ ਲੈਨਿਨ ਦੇ ਹੋਰ ਨੇੜੇ ਆ ਗਏ ਹਾਂ।"

ਇਸ ਤਰ੍ਹਾਂ ਇਹ ਨਾਵਲੈੱਟ ਇਹਨਾਂ ਦੋਹਾਂ ਪਾਤਰਾਂ ਦੀ ਨੈਤਿਕ ਉਚਾਈ, ਮਨੁੱਖਤਾ ਪ੍ਰਤੀ ਪਿਆਰ, ਆਉਣ ਵਾਲ਼ੇ ਸੁਨਹਿਰੀ ਭਵਿੱਖ ਪ੍ਰਤੀ ਆਸ, ਸੰਘਰਸ਼, ਆਪਣੇ ਫ਼ਰਜ਼ਾਂ ਲਈ ਰਸਤੇ ਵਿੱਚ ਆਉਂਦੀ ਹਰ ਔਕੜ ਨੂੰ ਦ੍ਰਿੜਤਾ ਨਾਲ਼ ਪਾਰ ਕਰਨਾ ਅਤੇ ਬਿਨਾਂ ਕਿਸੇ ਪ੍ਰਤੱਖ ਇਨਾਮ ਜਾਂ ਸਨਮਾਨ ਦੀ ਆਸ ਕੀਤੇ ਪਰਦੇ ਪਿੱਛੇ ਰਹਿ ਕੇ ਕੰਮ ਕਰਨ ਦੀ ਮਾਨਸਿਕਤਾ ਨੂੰ ਬਾਖੂਬੀ ਪੇਸ਼ ਕਰਦੀ ਹੈ।

ਇਸ ਕਹਾਣੀ ਨੂੰ ਏਨੀ ਸੂਖ਼ਮਤਾ ਤੇ ਸ਼ਿੱਦਤ ਨਾਲ਼ ਨਿਭਾਉਣਾ ਵੀ ਲੇਖਕ ਦੀ ਵਿਲੱਖਣ ਲਿਖਣ ਸ਼ੈਲੀ ਕਾਰਨ ਹੀ ਸੰਭਵ ਹੋਇਆ ਹੈ। ਕਾਵਮਈ ਭਾਸ਼ਾ ਅਤੇ ਸ਼ਬਦਾਵਲੀ ਕਾਰਨ ਲਿਖਤ ਵਿੱਚ ਹਮੇਸ਼ਾਂ ਇੱਕ ਰਵਾਨਗੀ ਅਤੇ ਇੱਕ ਨਿਰੰਤਰ ਲੈਅ ਜਿਹੀ ਬਣੀ ਰਹਿੰਦੀ ਹੈ ਜੋ ਕਿ ਪਾਠਕ ਨੂੰ ਰਚਨਾ ਤੋਂ ਟੁੱਟਣ ਨਹੀਂ ਦਿੰਦੀ। ਲੇਖਕ ਨੇ ਅਲੰਕਾਰਾਂ ਅਤੇ ਬਿੰਬਾਂ ਦੀ ਬੜੀ ਹੀ ਖ਼ੂਬਸੂਰਤੀ, ਸੂਖਮਤਾ ਤੇ ਸਹਿਜਤਾ ਨਾਲ਼ ਵਰਤੋਂ ਕੀਤੀ ਹੈ। ਜਿਸ ਦੇ ਫ਼ਲਸਰੂਪ ਨਾਵਲ ਵਿੱਚ ਵਾਰ-ਵਾਰ ਕਾਵਿਕਤਾ ਦਾ ਇੱਕ ਸ਼ਾਨਦਾਰ ਝਲਕਾਰਾ ਵੇਖਣ ਨੂੰ ਮਿਲਦਾ ਹੈ। ਇਹੀ ਵਰਤਾਰਾ ਇਸ ਨੂੰ ਸਾਹਿਤ ਦੇ ਤੰਗ ਦਾਇਰਿਆਂ (ਕਾਵਿ, ਕਹਾਣੀ, ਨਾਵਲ, ਨਜ਼ਮ, ਆਦਿ) ਚੋਂ ਕੱਢ ਕੇ ਇੱਕ ਸੰਪੂਰਨ ਕਲਾਕ੍ਰਿਤ ਦੀ ਗਹਿਰਾਈ, ਹੁਸਨ ਤੇ

ਸਰੰਚਨਾ ਪ੍ਰਦਾਨ ਕਰਦਾ ਹੈ।

ਜਜ਼ਬਾਤਾਂ ਦੀ ਸੰਘਣਤਾ ਕਿਤੇ-ਕਿਤੇ ਏਨੀ ਵੱਧ ਜਾਂਦੀ ਹੈ ਕਿ ਸੰਵੇਦਨਸ਼ੀਲ ਪਾਠਕ ਦੀਆਂ ਅੱਖਾਂ ਵਿੱਚੋਂ ਨੀਰ ਬਣ ਵਹਿ ਤੁਰਦੀ ਹੈ। ਸ਼ਬਦਾਂ ਦੀ ਤਾਕਤ ਨਾਲ਼ ਤਸਵੀਰ ਨੂੰ ਹੂ-ਬ-ਹੂ ਪਾਠਕ ਦੇ ਜ਼ਿਹਨ ਦੇ ਕੈਨਵੈਸ 'ਤੇ ਸਜੀਵ ਰੂਪ ਵਿੱਚ ਚਿੱਤਰ ਦੇਣਾ ਲੇਖਕ ਦੀ ਲਿਖਣ ਕਲਾ ਅਤੇ ਉਸਦੀ ਚਿੱਤਰਕਾਰੀ ਵਿੱਚ ਵਿਸ਼ੇਸ਼ ਰੁਚੀ ਅਤੇ ਗਿਆਨ ਦਾ ਪ੍ਰਤੱਖ ਪ੍ਰਗਟਾਵਾ ਹੈ। ਇੱਕ ਨਮੂਨਾ ਗੌਰ ਕਰਨ ਯੋਗ ਹੈ-"ਉਹ ਸਾਰਿਆਂ ਤੋਂ ਦੂਰ ਹਟਵੀਂ ਹੋ ਕੇ ਨਹਿਰ ਲਾਗੇ ਖਲੋਤੀ ਉਸ ਟਿੱਲੇ ਵੱਲ਼ ਟਿਕਟਿਕੀ ਲਾ ਕੇ ਵੇਖ ਰਹੀ ਸੀ ਜਿੱਥੇ ਪਤਝੜ ਕਾਰਨ ਲਾਲ ਹੋਏ ਪੱਤਿਆਂ ਵਾਲ਼ੇ ਪੋਪਲਰ ਹਵਾ ਵਿੱਚ ਝੂਮ ਰਹੇ ਸਨ। ਦੂਰ ਧੁੰਦਲਕੇ ਵਿੱਚ ਡੁੱਬੀ ਸਤੈਪੀ ਦੀ ਬੈਂਗਣੀ ਸੀਮਾਰੇਖਾ ਉੱਤੇ ਸੂਰਜ਼ ਡੁੱਬ ਰਿਹਾ ਹੈ। ਉਸ ਦੀ ਨਿੰਮੀ ਹੋ ਰਹੀ ਰੋਸ਼ਨੀ ਪੋਪਲਰ ਦੀਆਂ ਟੀਸੀਆਂ ਉੱਤੇ ਪੈ ਰਹੀ ਸੀ ਜਿਸ ਦੀ ਨਿਰਜੀਵ ਜਿਹੀ ਲਾਲੀ ਉਦਾਸੀ ਦਾ ਮਾਹੌਲ ਪੈਦਾ ਕਰ ਰਹੀ ਸੀ"

ਅੱਜਕੱਲ ਵੱਗ ਰਹੀ ਕੁਸਾਹਿਤ ਦੀ ਕਾਲ਼ੀ ਹਨੇਰੀ ਵਿੱਚ ਅਜਿਹਾ ਸਾਹਿਤ ਇੱਕ ਜਗਦੇ ਦੀਵੇ ਵਾਂਗ ਹੈ ਜੋ ਛੋਟਾ ਅਤੇ ਛੁਪਿਆ ਰਿਹਾ ਹੋਣ ਦੇ ਬਾਵਜੂਦ ਵੀ ਆਪਣੀ ਪਹੁੰਚ ਅਨੁਸਾਰ ਚਾਨਣ ਬਿਖੇਰ ਰਿਹਾ ਹੈ। ਲੋੜ ਹੈ ਅਜਿਹੇ ਦੀਵਿਆਂ ਦੀ ਰਾਖੀ ਕਰਨ ਦੀ ਅਤੇ ਇਹਨਾਂ ਦੀ ਜੋਤ ਤੋਂ ਹੋਰ ਹਜ਼ਾਰਾਂ ਚਿਰਾਗ ਬਾਲਣ ਦੀ ਤਾਂ ਕਿ ਦੁਨੀਆਂ ਵਿੱਚੋਂ ਹਨੇਰਾ ਹਮੇਸ਼ਾਂ ਲਈ ਖ਼ਤਮ ਕੀਤਾ ਜਾ ਸਕੇ। ਇਹੋ ਸਾਡੀ ਦੂਈਸ਼ੇਨ ਅਤੇ ਅਲਤਿਨਾਈ ਜਿਹੇ ਹਜ਼ਾਰਾਂ ਹੋਰ ਨੀਹਾਂ ਵਿੱਚ ਚਿਣੇ ਪੱਥਰਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਅਤੇ ਅੰਤਿਕਾ ਵਜੋਂ ਅਲਤਿਨਾਈ ਵੱਲੋਂ ਪੋਪਲਰਾਂ ਨੂੰ ਸੰਬੋਧਿਤ ਹੋ ਕੇ ਆਖੇ ਉਹ ਸ਼ਬਦ ਜੋ ਅੱਜ ਵੀ ਆਪਣੀ ਸਾਰਥਿਕਤਾ ਕਾਰਨ ਨੌਜਵਾਨਾਂ ਲਈ ਸੰਦੇਸ਼ ਹੋ ਨਿਬੜਦੇ ਹਨ। *"ਵਾਹ, ਪੋਪਲਰੋ, ਪੋਪਲਰੋ! ਉਸ ਵੇਲੇ ਤੋਂ ਕਿੰਨਾ ਪਾਣੀ ਪੁਲਾਂ ਹੇਠੋਂ ਲੰਘ ਚੁੱਕਾ ਹੈ, ਜਦੋਂ ਤੁਸੀਂ ਅਜੇ ਛੋਟੇ ਛੋਟੇ ਬੂਟੇ ਹੁੰਦੇ ਸੀ ਤੇ ਤੁਹਾਡੇ ਤਣੇ ਨੀਲੱਤਣ ਦੀ ਭਾਹ ਮਾਰਦੇ ਸਨ! ਉਹ ਸਾਰੀਆਂ ਗੱਲਾਂ ਸੱਚੀਆਂ ਸਾਬਤ ਹੋਈਆਂ ਹਨ ਜਿਨ੍ਹਾਂ ਦੇ ਸੁਪਨੇ ਤੁਹਾਨੂੰ ਲਾਉਣ ਤੇ ਪਾਲਣ ਵਾਲ਼ਾ ਇਨਸਾਨ ਲਿਆ ਕਰਦਾ ਸੀ, ਜਿਨ੍ਹਾਂ ਦੀ ਉਸ ਨੇ ਪੇਸ਼ਗੋਈ ਕੀਤੀ। ਤੁਸੀਂ ਏਨੀ ਉਦਾਸੀ ਵਿੱਚ ਕੀ ਅਲਾਪ ਰਹੇ ਹੋ, ਕਿਉਂ ਦੁਖੀ ਹੋ ਰਹੇ ਹੋ? ਜਾਂ ਫਿਰ ਤੁਹਾਨੂੰ ਇਹ ਸ਼ਿਕਾਇਤ ਹੈ ਕਿ ਸਿਆਲ ਨੇੜੇ ਆਉਂਦਾ ਜਾ ਰਿਹਾ ਹੈ ਅਤੇ ਠੰਡੀਆਂ ਸ਼ੀਤ ਹਵਾਵਾਂ ਤੁਹਾਡੇ ਪੱਤੇ ਮਰੁੰਡੀ ਜਾ ਰਹੀਆਂ ਹਨ? ਜਾਂ ਫਿਰ ਤੁਹਾਡੇ ਤਣਿਆਂ ਵਿੱਚ ਲੋਕਾਂ ਦਾ ਦੁਖ-ਦਰਦ ਭਰਿਆ ਗਿਆ ਹੈ?*

ਹਾਂ, ਸਿਆਲ ਨੇ ਅਜੇ ਆਉਣਾ ਹੈ, ਕੜਾਕੇ ਦੀ ਠੰਡ ਪੈਣੀ ਹੈ, ਭਿਅੰਕਰ ਬਰਫ਼ਾਨੀ ਤੂਫ਼ਾਨ ਆਉਣਗੇ ਪਰ ਬਹਾਰ ਵੀ ਜ਼ਰੂਰ ਹੀ ਆਵੇਗੀ..."

* * * *

ਲਖਵਿੰਦਰ ਦੀਆਂ ਕਵਿਤਾਵਾਂ

• ਮਕਸਦ ਦੀ ਚੋਣ

ਕੁਝ ਵੀ ਕਹਿਣ ਨੂੰ ਕਿਹਾ
ਤਾਂ ਕੀ ਕਿਹਾ!
ਕੁਝ ਵੀ ਲਿਖਣ ਨੂੰ ਲਿਖਿਆ
ਤਾਂ ਕੀ ਲਿਖਿਆ!
ਕੁਝ ਵੀ ਪੜ੍ਹਨ ਨੂੰ ਪੜ੍ਹਿਆ
ਤਾਂ ਕੀ ਪੜ੍ਹਿਆ!
ਕੁਝ ਵੀ ਕਰਨ ਨੂੰ ਕੁਝ ਕੀਤਾ
ਤਾਂ ਕੀ ਕੀਤਾ!

ਆਓ ਚੁਣੀਏ
ਦੁਨੀਆਂ ਬਦਲਣ ਦਾ ਮਕਸਦ
ਤੇ ਇਸ ਖ਼ਾਤਰ
ਕੁਝ ਕਹੀਏ।
ਕੁਝ ਲਿਖੀਏ।
ਕੁਝ ਪੜ੍ਹੀਏ।
ਕੁਝ ਕਰੀਏ।

• ਜੀਵਨ-ਰੇਖਾ

ਤੇਜ਼ ਹਵਾਵਾਂ ਨੇ
ਮੇਰਾ ਰਾਹ ਰੋਕਿਆ,
ਟੁੱਟੀਆਂ-ਅਣਜਾਣੀਆਂ-ਭੁੱਲੀਆਂ
ਸੜਕਾਂ ਨੇ
ਕੋਈ ਘਾਟ ਨਾ ਰਹਿਣ ਦਿੱਤੀ,
ਚਮਕਦੀਆਂ-ਭੱਜਦੀਆਂ-ਧੂੰਆਂ ਛਡਦੀਆਂ
ਰੰਗ-ਬਿਰੰਗੀਆਂ ਗੱਡੀਆਂ
ਕੰਨ-ਪਾੜੂ ਹੌਰਨ ਮਾਰਦੀਆਂ ਰਹੀਆਂ,
'ਲਾਈਟ ਹਾਊਸ' ਦਾ ਭੁਲੇਖਾ ਪਾਉਂਦੀਆਂ
ਆਲ਼ੀਸ਼ਾਨ-ਉੱਚੀਆਂ-ਸ਼ੋਰਭਰੀਆਂ
ਇਮਾਰਤਾਂ ਦੀ ਬਿਜਲੀ ਨੇ
ਵਾਰ-ਵਾਰ ਛੁਹਿਆ।
ਕਈ ਸਹਿਯਾਤਰੀ ਰੁਕ ਕੇ ਬੋਲੇ-
'ਹੋਲ਼ੀ! ਜਰ੍ਹਾ ਅਰਾਮ ਤਾਂ ਕਰ ਲਈਏ'
ਵਾਪਸੀ ਦੀਆਂ
ਆਪਣੀਆਂ-ਪਰਾਈਆਂ
ਲਾਲਸਾਵਾਂ ਨੇ ਹੱਦ ਹੀ ਕਰ ਦਿੱਤੀ।
ਕੁਝ ਵਰ੍ਹਦਾ ਵੀ ਰਿਹਾ
ਵਿੱਚ-ਵਿੱਚ ਨੂੰ,
ਕੁਝ ਅਸਲੀ ਤੇ ਕੁਝ ਨਕਲੀ

ਹੰਝੂ ਸਨ
ਤੇ ਕੁਝ ਮੇਰੀ ਯਾਤਰਾ ਪ੍ਰਤੀ
ਵਿਰੋਧੀ ਜਿੱਦ ਦਾ ਤੇਜ਼ਾਬ,
ਪ੍ਰਸ਼ਨ-ਚਿਨ੍ਹ ਲਗਦੇ ਰਹੇ
ਚੱਲ਼ਣ ਦੀ ਜ਼ਰੂਰਤ 'ਤੇ ਹੀ,
ਪਰ ਇਸ ਯਾਤਰਾ ਦੀ ਜ਼ਰੂਰਤ
ਦਿਲ਼ ਤੋਂ ਮਹਿਸੂਸ ਕੀਤੀ
ਚੱਲ਼ਣਾ ਇਨਸਾਨੀ ਜੀਵਨ ਦੀ
ਜੀਵਨ-ਰੇਖ਼ਾ ਮੰਨਿਆਂ।

- **ਸੱਦਾ**

ਰਹਿ ਜਾਂਦੀਆਂ ਨੇ ਕੁਝ
ਤਾਂ ਰਹਿ ਜਾਣ,
ਆ ਤੈਅ ਕਰ ਲਈਏ
ਕੁਝ ਬੁਨਿਆਦੀ ਗੱਲਾਂ।

ਕੀ-ਕੀ
ਕਿਵੇਂ-ਕਿਵੇਂ
ਤੇ ਕਿੱਥੇ-ਕਿੱਥੇ
ਅੰਤ ਤੱਕ ਲਈ ਤਾਂ
ਸਭ ਤੈਅ ਹੋ ਨਹੀਂ ਸਕਣਾ,
ਆ ਤੈਅ ਕਰ ਲਈਏ
ਕਿਸ ਦਿਸ਼ਾ ਵਿੱਚ
ਕਿਵੇਂ ਚੁੱਕਣੇ ਹਨ
ਅਗਲੇ ਕੁਝ ਕਦਮ।

ਮੁਕਤ ਹੋ ਕੇ
ਸਾਰੇ ਭਰਮ ਭੁਲ਼ੇਖਿਆਂ ਤੋਂ
ਆ ਦੇਖ ਜ਼ਿੰਦਗੀ
ਇਸ ਤਰ੍ਹਾਂ ਵੀ ਹੁੰਦੀ ਹੈ,
ਜਿੱਥੇ ਲਏ ਜਾ ਰਹੇ ਨੇ ਸੁਪਨੇ
ਬਿਹਤਰ ਭਵਿੱਖ ਦੇ
ਤੇ ਸੁਪਨੇ ਜਿੱਥੇ
ਅਰਥਹੀਣ-ਅਧਾਰਹੀਣ ਨਹੀਂ,
ਜਿੱਥੇ ਸੁਸਤੀ ਜਕੜ ਨਹੀਂ ਪਾਉਂਦੀ
ਯੋਜਨਾਵਾਂ ਨੂੰ,
ਜਿੱਥੇ ਰੁਕਦੇ ਨਹੀਂ ਕਦਮ
ਕੁਝ ਨਾਕਾਮੀਆਂ ਵਜੋਂ,
ਜਿੱਥੇ ਠਹਿਰਾਅ ਨੂੰ ਆਖ਼ਰ
ਹਾਰਨਾ ਹੀ ਪੈਂਦਾ ਹੈ।

ਜਿੱਥੇ ਹੁੰਦੀ ਹੈ
ਅਲ਼ੋਚਨਾ-ਆਤਮਅਲ਼ੋਚਨਾ ਅਕਸਰ,
ਲੜਿਆ ਜਾਂਦਾ ਹੈ
ਅਤੀਤ ਦੀਆਂ ਆਦਤਾਂ ਵਿਰੁੱਧ,
ਜਿੱਥੇ ਸ਼ਬਦ ਹਨ
'ਜਮਾਤੀ ਸ਼ੰਘਰਸ਼ ਦੇ ਹਥਿਆਰ',
ਜਿੱਥੇ ਨਹੀਂ ਸਿਰਫ਼
ਸ਼ਬਦਾਂ ਦਾ ਪ੍ਰਚਾਰ।
ਜਿੱਥੇ ਸਿਧਾਂਤ ਤੇ ਅਮਲ ਦਾ
ਅਦਭੁੱਤ ਸੰਗਮ ਹੋ ਰਿਹਾ,
ਜਿੱਥੇ ਵਰਤਮਾਨ ਭਵਿੱਖ ਦੀ
ਵਿਰਾਸਤ ਹੋ ਰਿਹਾ।
ਆ ਦੇਖ ਜ਼ਿੰਦਗੀ
ਇਸ ਤਰ੍ਹਾਂ ਵੀ
ਜਿਉਂ ਰਹੇ ਨੇ ਕੁਝ ਲੋਕ।

- **ਅਸੀਂ ਸਿੱਖ ਲਵਾਂਗੇ**

ਅਸੀਂ ਸਿੱਖ ਲਵਾਂਗੇ
ਜ਼ਿੰਦਗੀ ਜਿਉਣ ਦਾ ਢੰਗ,
ਸਭ ਦੇ ਸੌ ਜਾਣ ਤੇ ਵੀ
ਜਾਗਣਾ ਹਮੇਸ਼ਾਂ,
ਜ਼ਿੰਦਗੀ ਤੋਂ ਭੱਜਣ ਦੀਆਂ
ਜੀਣ ਇੱਛਾਵਾਂ ਅੱਗੇ
ਕੰਧ ਬਣਨਾ,
ਲੋਕਾਂ ਲਈ ਜੀਣਾ
ਤੇ ਮਰਨਾ,
ਉਹਨਾਂ ਦਾ ਆਪਣਾ
ਮਨੁੱਖ ਬਣਨਾ।

ਅਸੀਂ ਸਿੱਖ ਲਵਾਂਗੇ
ਤਬਦੀਲੀਆਂ ਦੇ ਨਿਯਮ,
ਸਤੱਹ ਨੂੰ ਭੇਦਣਾ
ਗਹਿਰਾਈਆਂ 'ਚ ਉਤਰਨਾ,
ਮਾਯੂਸੀਆਂ ਚੋਂ ਨਿਕਲਣਾ
ਕਾਮਯਾਬੀਆਂ 'ਚ ਸੰਭਲਣਾ,
'ਦੁਨੀਆ ਬਦਲਦੇ ਹੋਏ
ਖ਼ੁਦ ਨੂੰ ਬਦਲਣਾ' ।

ਅਸੀਂ ਸਿੱਖ ਲਵਾਂਗੇ
ਉਹ ਸਭ ਕੁਝ
ਜੋ ਜ਼ਰੂਰੀ ਹੈ,
ਤੇ ਜੋ
ਸਿੱਖਿਆ ਜਾ ਸਕਦਾ ਹੈ,
ਤਾਂ ਕਿ ਜਾਣ ਲੈਣ ਸਭ
ਇਹ ਦ੍ਰਿੜਤਾ ਤਰਕ ਸੰਗਤ ਹੈ,
ਕਿ 'ਸਾਡੀ ਉਮੀਦ
ਮਹਿਜ਼ ਇੱਕ ਭਾਵਨਾ ਨਹੀਂ ਹੈ'।

ਅਸੀਂ ਸਿੱਖ ਲਵਾਂਗੇ
ਮੌਲਿਕਤਾ ਦੀ ਅਤੀ ਤੋਂ
ਦੂਰ ਰਹਿਣਾ,
ਕਰਨਾ
'ਅਧਿਐਨ, ਸ਼ੰਘਰਸ਼ ਤੇ ਸਿਰਜਣਾ'।

- **ਸੈਰ**

ਅੱਜ ਕੱਲ ਕਿੱਥੇ ਕਿਸੇ ਨੂੰ
ਨਸੀਬ ਹੁੰਦੀ ਹੈ ਤਾਜ਼ਾ ਹਵਾ
ਇਹ ਤਾਂ
ਕਿਰਤੀਆਂ ਦੀ ਬਸਤੀ ਨੂੰ ਜਾਂਦੀ
ਸੜਕ ਦਾ ਸ਼ੁਕਰੀਆ
ਜੋ ਨਹਿਰ ਦੇ ਨਾਲ਼-ਨਾਲ਼ ਜਾਂਦੀ ਹੈ।

ਜੇ ਨਾ ਹੋਵੇ ਕੋਈ ਨਾਲ਼
ਤਾਂ ਹੁੰਦਾ ਹੈ
ਪਿੱਠ ਉੱਤੇ ਬੈਗ
ਬੈਗ 'ਚ ਕਿਤਾਬਾਂ-ਪਰਚੇ
ਤੇ ਡਾਇਰੀ,
ਨਾਲ਼ ਹੁੰਦੇ ਹਨ ਖਿਆਲ਼
ਖਿਆਲ਼ਾਂ 'ਚ ਜ਼ਿੰਮੇਵਾਰੀਆਂ
ਤੇ ਮਾਣ,
ਕੁਝ ਪਰੇਸ਼ਾਨੀਆਂ
ਤੇ ਕੁਝ ਥਕਾਵਟ,
ਬਸ ਇਹਨਾਂ ਸੰਗ ਹੀ
ਸੈਰ ਹੋ ਜਾਂਦੀ ਹੈ।

ਰੁਕਦਾ ਹਾਂ ਬਸ ਦੋ ਕੁ ਘੜੀ,
ਜਾਣਦਾ ਹਾਂ
ਕੰਮਾਂ ਦੀ ਬਹੁਤਾਤ ਹੈ
ਤੇ ਸਮੇਂ ਦੀ ਘਾਟ ਹੈ,

ਇਹ ਤਾਂ
ਕਵਿਤਾ ਦੀ ਜ਼ਿੱਦ ਹੈ
ਜੋ ਪੂਰੀ ਹੋ ਜਾਂਦੀ ਹੈ।

• ਖੜੋਤ -ਇੱਕ ਭੁਲੇਖਾ...

ਖੜੋਤ ਦਾ ਦੌਰ
ਸਚਮੁੱਚ ਹੀ
ਖੜੋਤਾ ਨਹੀਂ ਹੁੰਦਾ...

ਪਿੱਛਾ ਕਰਨੋਂ ਨਹੀਂ ਰੁਕਦੀਆਂ
ਧੁੱਪ ਤੇ ਛਾਂ ਇੱਕ ਦੂਜੇ ਦਾ
ਬਿਖਰ ਰਹੀਆਂ ਹੁੰਦੀਆਂ ਹਨ
ਪਹਾੜਾਂ ਅਤੇ ਮੈਦਾਨਾਂ ਵਿੱਚ,
ਤਿਲ੍ਹਕ ਰਹੀਆਂ ਹੁੰਦੀਆਂ ਹਨ
ਫੁੱਲਾਂ ਤੋਂ ਬਾਰਿਸ਼ ਦੀਆਂ ਬੂੰਦਾਂ,
ਸੁੱਕ ਰਹੇ ਹੁੰਦੇ ਹਨ
ਤੇਜ਼ ਹਵਾ ਨਾਲ਼ ਰਾਤੀਂ ਡਿੱਗੇ ਪੱਤੇ,
ਤੇ ਫੁੱਟ ਰਹੇ ਹੁੰਦੇ ਹਨ
ਨਵੇਂ ਅੰਕੁਰ...

ਕਦੀ ਉੱਚੀ
ਤੇ ਕਦੇ ਮੱਧਮ ਪੈ ਜਾਂਦਾ ਹੈ
ਪਿੰਡ ਦੀ ਉਸ
ਉੱਚੀ ਕੰਧ ਦੇ ਦੂਜੇ ਪਾਸੇ
ਨੀਵੇਂ ਘਰਾਂ 'ਚ ਭੁੱਖੇ ਬੱਚਿਆਂ ਦਾ ਰੋਣਾਂ,
ਜਿਵੇਂ ਚੂਹੇ ਖਾ ਜਾਂਦੇ ਨੇ ਦਾਣੇ
ਉਵੇਂ ਚੂਹਿਆਂ ਨੂੰ ਬਿੱਲ਼ੀ
ਮੜੱਕ ਰਹੇ ਹੁੰਦੇ ਹਨ ਤਕੜੇ
ਧਰਤੀ ਦਾ ਕੁਝ ਹੋਰ ਹਿੱਸਾ...

ਡਿੱਗ ਰਹੇ ਹੁੰਦੇ ਹਨ
ਮਜ਼ਬੂਤ ਲਗਦੇ ਖੋਖਲੇ ਬ੍ਰਿਖ,
ਤੇ ਅਕਸਰ ਚੱਲ ਪੈਂਦੀ ਹੈ ਗੱਲ਼
ਕਿ 'ਹੁਣ ਪਹਿਲਾਂ ਵਾਂਗ ਨਹੀਂ ਰਿਹਾ'
ਸੜ੍ਹ ਰਹੀ ਹੁੰਦੀ ਹੈ
ਇੱਕ ਪਾਸੇ ਰੱਖੀ
ਜ਼ਰ ਲੱਗੀ ਬਾਲ਼ਟੀ ਨਾਲ਼ ਬੰਨੀ
ਬਾਪੂ ਦੀ ਬਣਾਈ ਲੱਜ਼
ਕਿ ਹੁਣ ਪੀਂਦਾ ਨਹੀਂ ਕੋਈ
ਖੂਹ ਦਾ ਪਾਣੀ।

ਨਿੱਤ ਟੱਕਰ ਮਾਰ ਲ਼ੰਘਦਾ ਹੈ
ਫ਼ਾਰਮ ਵਾਲ਼ਿਆਂ ਦਾ ਟਰੈਕਟਰ
ਨਿੱਕੇ ਖ਼ੇਤ ਵਾਲ਼ੇ ਦੇ
ਚਾਲ਼ੀ ਵਰ੍ਹੇ ਪੁਰਾਣੇ ਗੱਡੇ ਨੂੰ,
ਹੁਣ ਰੋਜ਼ ਬਦਲ ਜਾਂਦੀ ਹੈ ਦਿਹਾੜੀ,
ਵੱਜ ਰਿਹਾ ਹੁੰਦਾ ਹੈ ਪੈਡਲ
ਪਿੰਡ ਤੋਂ ਸ਼ਹਿਰ ਵੱਲ਼...

ਸੁੰਘ ਰਹੀ ਹੁੰਦੀ ਹੈ ਹਵਾ
ਰੇਸ਼ਮੀ ਸਾੜ੍ਹੀਆਂ ਧੋਂਦੀ ਔਰਤ ਦੇ
ਬਦਬੂਦਾਰ ਕੱਪੜੇ,
ਚੂਸ ਰਿਹਾ ਹੁੰਦਾ ਹੈ ਸੂਰਜ
ਕਿਸੇ ਜਮਾਦਾਰ ਦੇ ਘਰ ਸਾਹਮਣੇ
ਸੜ੍ਹ ਰਹੇ ਚਿੱਕੜ 'ਚੋਂ ਪਾਣੀ,
ਪ੍ਰੇਸ਼ਾਨ ਹੁੰਦੇ ਹਨ ਚੰਨ-ਤਾਰੇ
ਕਿ ਕਿਵੇਂ ਪਹੁੰਚੇਗਾ
ਰੋਸ਼ਨੀ ਦਾ ਟੁਕੜਾ
ਮੋਮਬੱਤੀਆਂ ਬਣਾਉਂਦੇ
ਬੱਚਿਆਂ ਦੇ ਘਰ...


ਦਿਨ ਰਾਤ ਨਹੀਂ ਰੁਕਦੀ
ਧੂੰਏਂਦਾਰ ਇਮਾਰਤਾਂ 'ਚ ਖੜ-ਖੜ,
ਵਗ ਰਿਹਾ ਹੁੰਦਾ ਹੈ
ਮਸ਼ੀਨ 'ਚ ਆਏ ਹੱਥ ਚੋਂ ਲ਼ਹੂ
ਗੁੱਟ ਘੁੱਟ ਰਹੇ ਹੁੰਦੇ ਹਨ
ਕੁਝ ਅਣਜਾਣ ਦੋਸਤ
ਵਹਿਣ ਰੋਕਣ ਦੇ ਮਾਰੇ
ਤੇ ਕੋਈ ਲਿਆ ਰਿਹਾ ਹੁੰਦਾ ਹੈ
ਕਿਸੇ ਖ਼ਲ-ਖੂੰਜੇ ਚੋਂ ਲੱਭਕੇ
ਮਲੰਮ ਤੇ ਪੱਟੀ...

ਮੋਰੀ ਵਿੱਚੋਂ ਝਾਕਦਾ ਹੈ
ਸਾਰੀ ਰਾਤ
ਸਭ ਨੂੰ ਸੁਲਾ ਕੇ-
ਲ਼ੰਘ ਰਿਹਾ
ਅੱਧੀ ਰਾਤ ਦਾ ਵੇਲ਼ਾ,
ਭੌਂਕ ਰਹੇ ਹੁੰਦੇ ਹਨ
ਡੱਬ-ਖੜੱਬੇ ਕੁੱਤੇ
ਕੋਈ ਵੇਖ ਕੇ ਅਕਾਰ,
ਕਿ ਆ ਰਿਹਾ ਹੁੰਦਾ ਹੈ
ਕੋਈ ਜਾਗ ਚੁੱਕਾ
ਹੱਥ 'ਚ ਫ਼ੜ ਨਿੱਕੀ ਜਿਹੀ ਟਾਰਚ...

ਅਣਜਾਣ ਜਿਹੀ
ਕਿਸੇ ਬਸਤੀ ਵਿੱਚ
ਹੋ ਰਹੀ ਹੁੰਦੀ ਹੈ ਚਰਚਾ
ਇਤਿਹਾਸ 'ਚ ਵਾਪਰੀ
ਕਿਸੇ ਉਥਲ-ਪੁਥਲ ਬਾਰੇ,
ਕਿਸੇ ਨਾ ਕਿਸੇ ਪਾਵੇਲ਼ ਦੇ ਘਰ
ਸਮਝੀ ਜਾ ਰਹੀ ਹੁੰਦੀ ਹੈ
ਜੀਵਨ ਦੀ ਦਿਸ਼ਾ,
ਤੇ ਇਹ ਸਭ ਵੇਖ
ਕੋਈ ਮਾਂ ਹੈਰਾਨ ਹੁੰਦੀ ਹੈ...

ਭਰ ਰਿਹਾ ਹੁੰਦਾ ਹੈ
ਰਾਜਧਾਨੀ 'ਚ ਰੱਖਿਆ
ਤਸ਼ੱਦਦ ਦਾ ਮਟਕਾ,
ਵਧਾ ਰਿਹਾ ਹੁੰਦਾ ਹੈ
'ਸਾਂਝੀ ਨਫ਼ਰਤ',
ਤੋੜ ਰਿਹਾ ਹੁੰਦਾ ਹੈ ਖੜੋਤ
ਖ਼ੁਦ ਵੀ ਖੜੋਤ ਦਾ ਦੌਰ...

'ਮਧੁਰ ਕਥਾਵਾਂ' ਹੀ ਨਹੀਂ
ਵਿਕ ਰਹੀਆਂ ਹੁੰਦੀਆਂ
ਭਰੇ ਵੀ ਜਾ ਰਹੇ ਹੁੰਦੇ ਹਨ
ਬੈਗਾਂ 'ਚ ਕਿਤਾਬਾਂ-ਪਰਚੇ,
ਤੇ ਨਾਲ਼ ਲੈ ਦੋ ਜੋੜੀ ਕੱਪੜੇ
ਭਜਾ ਰਹੇ ਹੁੰਦੇ ਹਨ ਸਾਈਕਲ
ਮਜ਼ਦੂਰ ਬਸਤੀ ਵੱਲ਼-
ਇਨਕਲਾਬ ਲਈ ਘਰ ਛੱਡ ਆਏ
ਨੌਜਵਾਨ...



ਪਾਠਕਾਂ ਦੇ ਖ਼ਤ

ਨਵੀਂ ਚੇਤਨਾ ਪੈਦਾ ਕਰੇਗਾ 'ਲਲਕਾਰ'.....

ਕੁਝ ਦਿਨ ਪਹਿਲਾਂ ਕਿਸੇ ਦੋਸਤ ਦੁਆਰਾ 'ਲਲਕਾਰ' ਪੜ੍ਹਨ ਦਾ ਮੌਕਾ ਮਿਲਿਆ ਜਾਂ ਇੰਝ ਕਹਿ ਲਵੋ ਪਹਿਲੀ ਵਾਰ ਲੱਗਾ ਕਿ ਅੱਜ ਤੱਕ ਕਿੰਨੇ ਹੀ ਮੈਗਜੀਨ, ਕਿਤਾਬਚੇ ਅਤੇ ਪੱਤਰ ਪੜ੍ਹੇ ਪਰ ਪਹਿਲੀ ਵਾਰ ਕੁਝ ਸਾਰਥਕ ਪੜ੍ਹ ਲੈਣ ਦਾ ਅਹਿਸਾਸ ਹੋਇਆ। ਨੌਜਵਾਨ ਭਾਰਤ ਸਭਾ ਨਾਲ ਸੰਬੰਧਿਤ ਇੱਕ ਸਾਥੀ ਨੇ ਕੁਝ ਸਮੇਂ ਪਹਿਲਾਂ 'ਸਮਰਿਤੀ ਸੰਕਲਪ ਯਾਤਰਾ' ਬਾਰੇ ਜਾਣਕਾਰੀ ਦਿੱਤੀ ਸੀ। ਉਹਨਾਂ ਨਾਲ਼ ਭਗਤ ਸਿੰਘ ਦੀ ਵਿਚਾਰਧਾਰਾ ਬਾਰੇ ਕੁਝ ਕੁ ਗੱਲਬਾਤ ਵੀ ਹੋਈ। ਫਿਰ ਕੁਝ ਸਮੇਂ ਬਾਅਦ 'ਸੰਕਲਪ ਯਾਤਰਾ' ਦੌਰਾਨ ਹੀ ਬੁੱਕ ਵੈਨ ਸਾਡੇ ਸ਼ਹਿਰ 'ਮੰਡੀ ਗੋਬਿੰਦਗੜ੍ਹ' ਪਹੁੰਚੀ। ਸਾਰਾ ਦਿਨ ਮੈਂ ਬੁੱਕ ਵੈਨ ਨਾਲ਼ ਰਿਹਾ ਅਤੇ ਨਾਲ਼ ਆਏ ਸਾਥੀਆਂ ਨਾਲ਼ ਵਿਚਾਰ ਸਾਂਝੇ ਕਰਨ ਦਾ ਮੌਕਾ ਮਿਲਿਆ। ਨਾਲ਼ ਹੀ ਵਧੀਆ ਅਤੇ ਉਸਾਰੂ ਸਾਹਿਤ ਪੜ੍ਹਨ ਦਾ ਸ਼ੌਕ ਪੈਦਾ ਹੋਇਆ! ਮਾਂ, ਕਬਹੂੰ ਨਾ ਛਾਡੇ ਖੇਤ, ਹਮਸਫ਼ਰ ਅਤੇ ਹੋਰ ਵੀ ਕਈ ਨਾਵਲ ਪੜ੍ਹੇ। ਇਨਕਲਾਬੀ ਵਿਚਾਰਧਾਰਾ ਬਾਰੇ ਜਾਨਣ ਦਾ ਮੌਕਾ ਮਿਲਿਆ। ਸਭ ਤੋਂ ਵੱਡੀ ਗੱਲ ਉਸਾਰੂ ਸਾਹਿਤ ਪੜ੍ਹਨ ਦਾ ਸ਼ੌਕ ਪੈਦਾ ਹੋਇਆ। ਇਸ ਤੋਂ ਪਹਿਲਾਂ ਮੈਂ ਕੋਹਾਂ ਦੂਰ ਸੀ।

ਰਹੀ ਗੱਲ 'ਲਲਕਾਰ' ਦੀ ਮੈਂ ਇਸ ਮੈਗਜ਼ੀਨ ਨੂੰ ਪਿਛਲੇ ਕੁਝ ਦਿਨਾਂ ਵਿੱਚ ਕਈ ਵਾਰ ਪੜ੍ਹ ਚੁੱਕਿਆਂ ਹਾਂ। ਮੈਨੂੰ ਲੱਗਦਾ ਹੈ ਇਹ ਤੁਹਾਡੀ ਸਾਰੀ ਟੀਮ ਦਾ ਇੱਕ ਬਹੁਤ ਵੱਡਾ ਅਤੇ ਸਫ਼ਲ ਕਦਮ ਹੈ। ਇਹ ਸਾਰੇ ਨੌਜਵਾਨਾਂ-ਵਿਦਿਆਰਥੀਆਂ ਅਤੇ ਅਧਿਆਪਕ ਵਰਗ ਵਿੱਚ ਨਵੀਂ ਚੇਤਨਾ ਪੈਦਾ ਕਰੇਗਾ ਅਤੇ ਉਹਨਾਂ ਨੂੰ ਪੂਰੇ ਦੇਸ਼ ਦੇ-ਸਿਆਸੀ ਆਰਥਿਕ ਢਾਂਚੇ ਨੂੰ ਸਮਝਣ ਵਿੱਚ ਸਹਾਇਤਾ ਕਰੇਗਾ। ਸਾਰਾ ਹੀ ਮੈਗਜ਼ੀਨ ਪੜ੍ਹਨਯੋਗ ਸੀ। ਕੇਵਲ ਪੜ੍ਹਨਯੋਗ ਹੀ ਨਹੀਂ ਵਿਚਾਰਾਂ ਵਿੱਚ ਢਾਲਣਯੋਗ ਸੀ।

ਸੰਪਾਦਕੀ ਲੇਖ 'ਆਮ ਆਦਮੀ ਨੂੰ ਕੁਚਲਦਾ ਰਿਹਾ ਵਿਕਾਸ ਦਾ ਰੱਥ' ਪੜ੍ਹ ਕੇ ਪਤਾ ਲੱਗਾ ਕਿ ਕਿਸ ਤਰ੍ਹਾਂ ਇਸ ਆਰਥਿਕ ਵਿਕਾਸ ਨੇ ਸਿਰਫ਼ ਕੁਝ ਅਰਬਪਤੀਆਂ ਦੀ ਗਿਣਤੀ ਹੀ ਵਧਾਈ ਹੈ। ਗਰੀਬ ਆਦਮੀ, ਕਿਰਤੀ ਆਦਮੀ ਅਤੇ ਖੇਤ ਮਜ਼ਦੂਰ ਲਈ ਤਾਂ ਵਿਕਾਸ ਅੱਜ ਵੀ ਇੱਕ ਸੁਪਨਾ ਹੈ। ਖੇਤੀ ਪ੍ਰਧਾਨ ਦੇਸ਼ ਵਿੱਚ ਹਜ਼ਾਰਾਂ ਲੋਕਾਂ ਨੂੰ ਭਰ ਪੇਟ ਖਾਣਾ ਨਹੀਂ ਮਿਲ ਰਿਹਾ। ਸਾਫ਼ ਪਾਣੀ ਨਹੀਂ ਮਿਲ ਰਿਹਾ। ਵਿਕਾਸ ਦਾ ਫਾਇਦਾ ਕੁਝ ਅਮੀਰਾਂ ਨੂੰ ਹੀ ਹੋਇਆ ਹੈ ਜੋ ਆਪਣੇ ਪੈਸੇ ਦੇ ਦਮ 'ਤੇ ਸੱਤਾ ਨੂੰ ਆਪਣੀ ਮਨ-ਮਰਜੀ ਅਨੁਸਾਰ ਵਰਤਦੇ ਹਨ। ਸੱਤਿਅਮ ਦਾ ਲੇਖ 'ਭਗਤ ਸਿੰਘ ਦੀ ਵਿਚਾਰਧਾਰਕ ਵਿਰਾਸਤ ਅਤੇ ਅੱਜ ਦਾ ਸਮਾਂ' ਵੀ ਜ਼ਿਕਰਯੋਗ ਹੈ। ਪੜ੍ਹ ਕੇ ਪਤਾ ਲੱਗਾ ਕਿ ਭਗਤ ਸਿੰਘ ਅਤੇ ਉਸਦੇ ਸਾਥੀਆਂ ਬਾਰੇ ਬਹੁਤ ਸਾਰੇ ਖੋਜ ਪੱਤਰ, ਲਿਖਤਾਂ ਅਤੇ ਉਹਨਾਂ ਦੀਆਂ ਹੱਥ ਲਿਖਤਾਂ ਦਾ ਬਹੁਤ ਪ੍ਰਕਾਸ਼ਨ ਹੋਇਆ ਹੈ ਪਰ ਫਿਰ ਵੀ ਆਮ ਲੋਕ, ਵਿਦਿਆਰਥੀ ਅਤੇ ਬੌਧਿਕ ਵਰਗ ਉਹਨਾਂ ਦੀ ਵਿਚਾਰਧਾਰਾ ਤੋਂ ਅਣਜਾਣ ਕਿਉਂ ਹੈ। ਪਰ ਸੱਤਿਅਮ ਦੀ ਇਹ ਕੋਸ਼ਿਸ਼ ਭਗਤ ਸਿੰਘ ਅਤੇ ਸਾਥੀਆਂ ਦੇ ਵਿਚਾਰਾਂ ਨੂੰ ਅੱਗੇ ਵਧਾਉਣ ਵਿੱਚ ਜ਼ਰੂਰ ਸਫ਼ਲ ਹੋਵੇਗੀ।

ਤੁਹਾਡਾ ਲੇਖ 'ਫ਼ਿਲਮਾਂ ਅਤੇ ਪੋਸਟਰਾਂ ਵਿੱਚ ਭਗਤ ਸਿੰਘ' ਪੜ੍ਹਿਆ ਜੋ ਅੱਜ ਦੇ ਮਾਹੌਲ ਵਿੱਚ ਬਹੁਤ ਪ੍ਰਸੰਗਿਕ ਹੈ। ਭਗਤ ਸਿੰਘ ਦੇ ਪੋਸਟਰ ਛਾਪ ਕੇ ਕਮਾਈ ਲਈ ਵੇਚੇ ਜਾ ਰਹੇ ਹਨ। ਫ਼ਿਲਮੀ ਗਾਣਿਆਂ 'ਤੇ ਨਾਚ ਕਰਵਾ ਕੇ ਭਗਤ ਦਾ 'ਜਨਮ ਦਿਨ' ਮਨਾ ਲਿਆ ਜਾਂਦਾ ਹੈ। ਭਗਤ ਸਿੰਘ ਦੀਆਂ ਤਸਵੀਰਾਂ ਹੇਠ ਘਟੀਆ ਕਿਸਮ ਦੀਆਂ ਫ਼ਿਲਮੀ ਤੁਕਾਂ ਲਿਖਕੇ ਉਸ ਮਹਾਨ ਦੇਸ਼ ਭਗਤ ਦਾ ਨਿਰਾਦਰ ਕੀਤਾ ਜਾਂਦਾ ਹੈ। ਲੋਕਾਂ ਦੇ ਘਰਾਂ, ਦਫ਼ਤਰਾਂ ਅਤੇ ਸਿੱਖਿਆ ਸੰਸਥਾਵਾਂ ਵਿੱਚ ਵੀ ਭਗਤ ਸਿੰਘ ਦੀ ਤਸਵੀਰ ਹੱਥ ਵਿੱਚ ਪਿਸਤੌਲ ਫੜ੍ਹੀ ਨਜ਼ਰ ਆਉਂਦੀ ਹੈ। ਵਿਦਿਆਰਥੀਆਂ ਸਾਹਮਣੇ ਭਗਤ ਸਿੰਘ ਦਾ 'ਅੱਤਵਾਦੀ ਦੇਸ਼ ਭਗਤ' ਵਾਲ਼ਾ ਅਕਸ ਪੇਸ਼ ਕੀਤਾ ਜਾਂਦਾ ਹੈ ਜੋ ਕਿ ਹਾਕਮ ਜਮਾਤ ਦੀ ਇੱਕ ਸੋਚੀ ਸਮਝੀ ਚਾਲ ਹੈ ਜਾਂ ਇੰਝ ਹੋ ਸਕਦਾ ਹੈ ਕਿ ਅਧਿਆਪਕ ਵਰਗ ਵਿੱਚ ਭਗਤ ਸਿੰਘ ਦੀ ਵਿਚਾਰਧਾਰਾ ਬਾਰੇ ਪੂਰੀ ਜਾਣਕਾਰੀ ਹੀ ਨਹੀਂ। ਕਿਉਂਕਿ ਅਸੀਂ ਅੱਜ ਤੱਕ ਉਹ ਹੀ ਪੜ੍ਹਿਆ ਹੈ ਜੋ ਸਾਨੂੰ ਭਗਤ ਸਿੰਘ ਬਾਰੇ ਦੱਸਿਆ ਗਿਆ ਹੈ। ਅਤੇ ਜੋ ਕੇਵਲ ਹਾਕਮ ਜਮਾਤ ਦੇ ਹਿੱਤਾਂ ਅਨੁਸਾਰ ਹੈ। ਮੈਨੂੰ ਲਗਦਾ ਹੈ ਕਿ ਅਗਰ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਚੰਗੀ ਤਰ੍ਹਾਂ ਸਮਝ ਲਿਆ ਜਾਵੇ ਤਾਂ ਹੱਥ ਵਿੱਚ ਹਥਿਆਰ ਫ਼ੜਨਾ ਬਹੁਤ ਮਾਮੂਲੀ ਗੱਲ ਰਹਿ ਜਾਵੇਗੀ। ਹਥਿਆਰ ਤਾਂ ਭਗਤ ਸਿੰਘ ਦੀ ਵਿਚਾਰਧਾਰਾ ਦਾ ਕੇਵਲ ਇੱਕ ਬਹੁਤ ਹੀ ਛੋਟਾ ਭਾਗ ਹੀ ਪੇਸ਼ ਕਰਦਾ ਹੈ।

ਇਸਤੋਂ ਬਿਨਾਂ 'ਡੇਰਾ-ਸਿੱਖ ਵਿਵਾਦ' ਬਾਰੇ ਲੇਖਕ ਦੇ ਵਿਚਾਰ ਪੜ੍ਹੇ। 'ਇਰਾਕ ਉੱਤੇ ਅਮਰੀਕੀ ਕਬਜ਼ੇ ਅਤੇ ਪ੍ਰਤੀਰੋਧ ਦੇ ਚਾਰ ਸਾਲ' 'ਕੀ ਵੱਧ ਅਬਾਦੀ ਹੀ ਗਰੀਬੀ-ਬੇਰੁਜ਼ਗਾਰੀ ਦਾ ਕਾਰਣ ਹੈ ?' ਸਭ ਲੇਖ ਪੜ੍ਹਨਯੋਗ ਅਤੇ ਗਿਆਨ ਦਾ ਸਰੋਤ ਹਨ। ਮੈਕਸਿਮ ਗੋਰਕੀ ਦੇ ਨਾਵਲ 'ਮਾਂ' ਬਾਰੇ ਸੱਤਿਆਵ੍ਰਤ ਦੇ ਵਿਚਾਰ ਪੜ੍ਹੇ। ਮੈਂ ਖੁਦ ਵੀ ਕੁਝ ਸਮਾਂ ਪਹਿਲਾਂ ਹੀ ਇਹ ਨਾਵਲ ਪੜ੍ਹਿਆ ਹੈ। ਪਰ ਇਸ ਲੇਖ ਨੂੰ ਪੜ੍ਹਕੇ ਇਸ ਨਾਵਲ ਦੇ ਪਲਾਟ ਅਤੇ ਵਿਚਾਰਧਾਰਕ ਪਿਛੋਕੜ ਬਾਰੇ ਮੇਰਾ ਗਿਆਨ ਹੋਰ ਵੀ ਪਕੇਰਾ ਹੋਇਆ ਹੈ।

ਪਿਆਰੇ ਸਾਥੀ ਅਜੈਪਾਲ ਜੀ ਤੁਸੀਂ ਅਤੇ ਤੁਹਾਡੀ ਸਾਰੀ ਟੀਮ ਵਧਾਈ ਦੀ ਪਾਤਰ ਹੈ ਅਤੇ ਮੈਂ ਤੁਹਾਨੂੰ 'ਲਲਕਾਰ' ਦੇ ਪ੍ਰਕਾਸ਼ਨ ਲਈ ਸ਼ੁਭ ਕਾਮਨਾਵਾਂ ਦਿੰਦਾ ਹਾਂ। ਆਸ ਕਰਦਾ ਹਾਂ ਕਿ ਤੁਹਾਡਾ ਇਹ ਉਪਰਾਲਾ ਸਾਰੀਆਂ ਇਨਕਲਾਬੀ ਲਹਿਰਾਂ ਦੀਆਂ ਪ੍ਰੰਪਰਾਵਾਂ ਤੇ ਪਹਿਰਾ ਦੇਵੇਗਾ ਅਤੇ ਉਹਨਾਂ ਨੂੰ ਅੱਗੇ ਵਿਕਸਿਤ ਕਰੇਗਾ।

ਪਿਆਰੇ ਸਾਥੀ ਜੀ ਜਿਵੇਂ ਕਿ ਮੈਂ ਪਹਿਲਾਂ ਲਿਖਿਆ ਹੈ ਕਿ ਮੈਂ ਇਨਕਲਾਬੀ ਸਾਹਿਤ ਤੋਂ ਹੀ ਸਾਹਿਤ ਪੜ੍ਹਨ ਦੀ ਸ਼ੁਰੂਆਤ ਕੀਤੀ ਹੈ ਅਤੇ ਇਸ ਵਿਚਾਰਧਾਰਾ ਬਾਰੇ ਮੇਰਾ ਗਿਆਨ ਬਹੁਤ ਥੋੜ੍ਹਾ ਹੈ। ਸ਼ਾਇਦ ਮੇਰੀਆਂ ਕੁਝ ਗੱਲਾਂ ਅਣਜਾਣਪੁਣੇ ਵਾਲੀਆਂ ਹੋਣਗੀਆਂ ਅਤੇ ਲਿਖਤ ਵਿੱਚ ਵੀ ਕਚਿਆਈ ਝਲਕਦੀ ਹੋਵੇਗੀ ਪਰ ਮੈਂ ਵਾਅਦਾ ਕਰਦਾ ਹਾਂ ਕਿ ਤੁਹਾਡੇ ਵਰਗੇ ਸਾਥੀਆਂ ਦੇ ਲੇਖ ਅਤੇ ਵਿਚਾਰ ਪੜ੍ਹਕੇ ਮੈਂ ਆਪਣੀ ਸੂਝ ਨੂੰ ਹੋਰ ਚੰਗੇਰਾ ਕਰਨ ਦਾ ਯਤਨ ਕਰਾਂਗਾ ਅਤੇ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਚੰਗੀ ਤਰ੍ਹਾਂ ਜਾਣ ਕੇ, ਪੜ੍ਹਕੇ ਅਤੇ ਤੁਹਾਡੇ ਵਰਗੇ ਸਾਥੀਆਂ ਦੀ ਯੋਗ ਰਹਿਨੁਮਾਈ ਵਿੱਚ ਬਾਕੀ ਲੋਕਾਂ, ਨੌਜਵਾਨਾਂ ਅਤੇ ਵਿਦਿਆਰਥੀਆਂ ਤੱਕ ਪਹੁੰਚਾਉਣ ਦਾ ਯਤਨ

ਕਰਾਂਗਾ। ਆਸ ਕਰਦਾ ਹਾਂ ਕਿ ਤੁਹਾਡੇ ਨਾਲ਼ ਕਦੇ ਮੁਲਾਕਾਤ ਜ਼ਰੂਰ ਹੋਵੇਗੀ।

-ਹਰਿੰਦਰ ਸਿੰਘ, ਮੰਡੀ ਗੋਬਿੰਦਗੜ੍ਹ

■

ਸਾਨੂੰ ਲਲਕਾਰ ਦੀ ਹੀ ਜ਼ਰੂਰਤ ਹੈ

ਜਿਵੇਂ ਕਿ ਇੱਕ ਮੁਹਾਵਰਾ ਹੈ ਕਿ 'ਜਾਂਦੇ ਚੋਰ ਦੀ ਲਗੋਟੀ' ਹੀ ਸਹੀ। ਪਰ ਇਹ ਮੁਹਾਵਰਾ ਉਦੋਂ ਸੈੱਟ ਹੁੰਦਾ ਹੈ ਜਦੋਂ ਅਸੀਂ ਚੋਰ ਨਾਲੋਂ ਵੱਧ ਤਾਕਤਵਰ ਹੋਈਏ 'ਤੇ ਉਸਨੂੰ ਚੋਰੀ ਕਰਨ ਤੋਂ ਰੋਕਿਆ ਹੋਵੇ ਜਾਂ ਉਸਦੇ ਜਾਂਦੇ ਜਾਂਦੇ ਜੋ ਚੀਜ਼ (ਲੰਗੋਟੀ) ਵੀ ਮਿਲੇ ਤਾਂ ਖੋਹ ਲਈ ਹੋਵੇ। ਜਦੋਂ ਅੰਗਰੇਜ਼ ਭਾਰਤ ਛੱਡ ਕੇ ਜਾਣ ਲੱਗੇ ਤਾਂ ਸਾਡੇ ਵਿੱਚ ਏਨੀ ਹਿੰਮਤ ਨਹੀਂ ਸੀ ਕਿ ਅਸੀਂ ਉਹਨਾਂ ਦੀ ਲੰਗੋਟੀ ਵੱਲ ਹੱਥ ਵੀ ਕਰ ਸਕਦੇ। ਅਸਲ ਵਿੱਚ ਅਸੀਂ ਉਹਨਾਂ ਦੀ ਲੰਗੋਟੀ ਖੋਹਣ ਤੋਂ ਅਸਮਰਥ ਰਹੇ। ਅੰਗਰੇਜ਼ ਜਾਂਦੇ ਸਮੇਂ ਸਾਡੇ ਹਾਕਮਾਂ ਨੂੰ ਦੇਸ਼ ਚਲਾਉਣ ਦੀ ਸਿੱਖਿਆ ਦੇਣ ਵਜੋਂ ਆਪਣੀ ਲੰਗੋਟੀ ਦੇ ਗਏ ਅਤੇ ਦੱਸ ਗਏ ਇਸਦਾ ਇਸਤੇਮਾਲ ਕਰਨਾ। ਸੋ ਸਾਡੇ ਹਾਕਮਾਂ ਨੇ ਵੀ ਉਸਦਾ ਇਸਤੇਮਾਲ ਲੋਕਾਂ ਦੀ ਬੁੱਧੀ 'ਤੇ ਪਰਦਾ ਪਾਉਣ ਤੇ ਆਉਣ ਵਾਲ਼ੀਆਂ ਨੌਜਵਾਨ ਪੀੜ੍ਹੀਆਂ ਦੀਆਂ ਅੱਖਾਂ 'ਤੇ ਪਰਦਾ ਪਾਉਣ ਵਜੋਂ ਕੀਤਾ ਤਾਂ ਜੋ ਉਹ ਆਲ਼ਾ-ਦੁਆਲ਼ਾ ਦੇਖ ਕੇ ਜਾਗਰੂਕ ਨਾ ਹੋ ਜਾਣ। ਇਹ ਲੰਗੋਟ ਇੱਕ ਪਰਦਾ ਸੀ ਇੱਕ ਪੱਟੀ ਸੀ ਜਿਸਨੂੰ ਬੰਨਿਆਂ 60 ਸਾਲ ਹੋ ਗਏ ਹਨ ਅਤੇ ਇਹਨਾਂ ਪਰਦਿਆਂ ਤੇ ਪੱਟੀਆਂ ਦੀਆਂ ਤੈਹਾਂ ਬਦਲਦੀਆਂ ਸਰਕਾਰਾਂ ਦੇ ਨਾਲ਼-ਨਾਲ਼ ਵੱਧਦੀਆਂ ਗਈਆਂ।

ਹੁਣ ਹਰ ਬੁੱਧੀ ਤੋਂ ਪਰਦਾ ਲਾਹ ਸੁੱਟੇਗੀ ਲਲਕਾਰ ਤੇ ਅੱਖਾਂ ਤੋਂ ਪੱਟੀ ਦੀ ਹਰ ਤਹਿ ਲਾਹ ਸੁੱਟਣਗੇ ਲਲਕਾਰ ਦੇ ਲੇਖ।

ਜੇ ਕਿਤੇ ਭਗਤ ਸਿੰਘ ਦੇ ਵਕਤ ਅਤੇ ਉਹਨਾਂ ਦੇ ਅਨੁਸਾਰ ਸਾਨੂੰ ਅਜ਼ਾਦੀ ਮਿਲੀ ਹੁੰਦੀ ਤਾਂ ਅੰਗਰੇਜ਼ਾਂ ਦੀ ਉਹ ਲੰਗੋਟੀ ਅਸਲ ਵਿੱਚ ਖੋਹੀ ਹੋਣੀ ਸੀ ਜਿਸ ਵਿੱਚ ਅਸੀਂ ਪੁਰਾਣੇ ਅਤੇ ਘਸੇ ਪਿਟੇ ਕਾਨੂੰਨ ਤੇ ਰਿਵਾਜਾਂ ਨੂੰ ਬੰਨ੍ਹ ਕੇ ਸਮੁੰਦਰ ਵਿੱਚ ਸੁੱਟ ਦਿੰਦੇ।

ਖੈਰ ਹੁਣ 'ਲਲਕਾਰ' ਨੇ ਸਾਨੂੰ ਲਲਕਾਰਿਆ ਹੈ ਤੇ ਮੰਗ ਕੀਤੀ ਹੈ ਕਿ ਅਸੀਂ ਸਾਰੇ ਦੇਸ਼ ਵਾਸੀ ਇੱਕਠੇ ਹੋ ਕੇ ਸਾਰੇ ਪਰਦੇ ਤੇ ਪੱਟੀਆਂ ਨੂੰ ਗੱਢਾਂ ਮਾਰ ਕੇ ਇੱਕ ਐਸਾ ਫੰਦਾ ਤਿਆਰ ਕਰੀਏ ਜਿਸ ਫੰਦੇ ਵਿੱਚ ਪੂਰੇ ਸ਼ਾਸਕ ਪ੍ਰਬੰਧਕਾਂ ਦੇ ਤੇ ਪੂੰਜੀਪਤੀਆਂ ਦੇ ਗਲ਼ੇ ਵਲ੍ਹੇਟੇ ਜਾ ਸਕਣ।

'ਮਨਮੋਹਨ ਸਰਕਾਰ ਦੇ ਤਿੰਨ ਸਾਲ' ਵਿੱਚ ਆਪ ਬਿਲਕੁਲ ਸਹੀ ਕਹਿ ਰਹੇ ਹੋ ਕਿ ਸਾਨੂੰ ਅੰਕੜਿਆਂ ਦੇ ਚੱਕਰ ਵਿੱਚ ਪੈਣ ਦੀ ਲੋੜ ਨਹੀਂ। ਸ਼ੀਸ਼ਾ ਤਾਂ ਸਾਫ਼ ਹੈ, ਜਦੋਂ ਲਲਕਾਰ ਨੂੰ ਪੜ੍ਹ ਕੇ ਅੱਖਾਂ ਤੋਂ ਪੱਟੀ ਉੱਤਰੀ ਤਾਂ ਮੈਂ ਆਪਣਾ ਚਿਹਰਾ ਵੇਖ ਲਿਆ ਹੈ। ਮੈਨੂੰ ਖੁਦ ਇਸ ਲੇਖ ਨੇ ਬਹੁਤ ਪ੍ਰਭਾਵਿਤ ਕੀਤਾ ਹੈ। ਬਹੁਤ ਜਲਦ ਸਮਾਂ ਆਵੇਗਾ ਜਦੋਂ ਲੋਕ ਪਹਿਲਾਂ ਵਾਂਗ ਕੇਵਲ ਸੁਨਣਗੇ ਹੀ ਨਹੀਂ ਸਗੋਂ ਆਪਣੀਆਂ ਨੰਗੀਆਂ ਹੋਈਆਂ ਅੱਖਾਂ ਨਾਲ਼ ਆਪਣਾ ਆਲ਼ਾ-ਦੁਆਲ਼ਾ ਵੇਖਣਗੇ। ਜੇ ਇੱਕ ਲਲਕਾਰ ਨੇ ਸਾਡੀਆਂ ਅੱਖਾਂ ਤੋਂ ਪੱਟੀ ਲਾਹ ਦਿੱਤੀ ਤਾਂ ਦੂਸਰੀ ਲਲਕਾਰ ਸਾਡੀਆਂ ਪੱਟੀ ਹੇਠ ਹੋਈਆਂ ਧੁੰਦਲੀਆਂ ਨਜ਼ਰਾਂ ਵਿੱਚ ਦਵਾਈ ਪਾਉਣ ਦਾ ਕੰਮ ਕਰੇਗੀ।

ਅਜੇ ਪਾਲ ਵਲੋਂ ਲਿਖਿਆ 'ਫਿਲਮਾਂ ਅਤੇ ਪੋਸਟਰਾਂ ਵਿੱਚ ਭਗਤ ਸਿੰਘ' ਲੇਖ ਬਹੁਤ ਹੀ ਨਿਵੇਕਲਾ ਅਤੇ ਗਹਿਰਾ ਹੈ। ਮੈਨੂੰ ਇਸ ਤੋਂ ਪਹਿਲਾਂ ਭਗਤ ਸਿੰਘ ਦੀ ਵਿਚਾਰਧਾਰਾ ਬਾਰੇ ਸੂਖਮ ਜਿਹਾ ਹੀ ਪਤਾ ਸੀ। ਪਰ ਜਿੰਨਾਂ ਪਤਾ ਸੀ ਉਹ ਕਾਫ਼ੀ ਸੀ ਇਹ ਪਰਖਣ ਲਈ ਕਿ ਭਗਤ ਸਿੰਘ ਨੂੰ ਪੋਸਟਰਾਂ ਵਿੱਚ ਕਿੰਨੇ ਗਲ਼ਤ ਤੇ ਮਨਘੜਤ ਤਰੀਕੇ ਨਾਲ਼ ਦਰਸਾਇਆ ਜਾਂਦਾ ਰਿਹਾ ਹੈ। ਆਪ ਨੇ ਇਸ ਲੇਖ ਵਿੱਚ ਹੋਰ ਵੀ ਗਹਿਰੇ ਤੱਥ ਪੇਸ਼ ਕੀਤੇ ਜਿਨ੍ਹਾਂ ਤੋਂ ਮੈਂ ਅਣਜਾਣ ਸੀ। ਇਸਨੂੰ ਪੜ੍ਹਕੇ ਇਹ ਪਤਾ ਲੱਗਾ ਕਿ ਫਿਲਮਾਂ ਵਿਚ ਭਗਤ ਸਿੰਘ ਨੂੰ ਕਿੰਨਾਂ ਦਹਿਸ਼ਤਪਸੰਦ ਇਨਕਲਾਬੀ ਬਣਾ ਕੇ ਪੇਸ਼ ਕੀਤਾ ਜਾਂਦਾ ਹੈ।

ਧਰਮ ਸਬੰਧੀ ਲੇਖ (ਡੇਰਾ-ਸਿੱਖ ਵਿਵਾਦ-ਸੰਪਾ.) ਨੇ ਸਾਡੇ ਸਾਹਮਣੇ ਉਹ ਸੱਚ ਪੇਸ਼ ਕੀਤਾ ਹੈ ਜਿਸ ਬਾਰੇ ਜਾਣਨਾ ਜਰੂਰੀ ਸੀ ਕਿ ਕਿਵੇਂ ਸਾਡਾ ਦੇਸ਼ ਚਲਾਉ ਦਸਤਾ ਸਾਡੀਆਂ ਅੱਖਾਂ ਤੇ ਪਈ ਪੱਟੀ ਦਾ ਫ਼ਾਇਦਾ ਉਠਾ ਕੇ ਸਾਨੂੰ ਖ਼ੂਨੀ ਖੇਡ ਵਿੱਚ ਉਲਝਾਈ ਜਾ ਰਿਹਾ ਹੈ। ਜਿਵੇਂ ਅੰਗਰੇਜ਼ਾਂ ਨੂੰ ਪਤਾ ਚਲ ਗਿਆ ਸੀ ਕਿ ਭਾਰਤੀ ਲੋਕਾਂ ਦੀ ਸਭ ਤੋਂ ਵੱਡੀ ਕਮਜ਼ੋਰੀ ਧਰਮ ਤੇ ਜਾਤ-ਪਾਤਾਂ ਵਿੱਚ ਪਈਆਂ ਵੰਡੀਆਂ ਹਨ। ਇਸੇ ਕਮਜ਼ੋਰੀ ਦਾ ਫਾਇਦਾ ਅੱਜ ਸਾਡਾ ਦੇਸ਼ ਚਲਾਉ ਦਸਤਾ ਉਠਾ ਰਿਹਾ ਹੈ। ਇਸ ਲੇਖ ਨੇ ਸਾਨੂੰ ਸਾਡੀ ਕਮਜ਼ੋਰੀ ਤੋਂ ਜਾਣੂ ਕਰਵਾਇਆ ਹੈ। ਹੁਣ ਅਸੀਂ ਖੁਦ ਸਮਝ ਜਾਵਾਂਗੇ ਕਿ ਧਰਮ ਦੇ ਨਾਮ 'ਤੇ ਅੱਜ ਤੱਕ ਸਾਡਾ ਜਿੰਨਾ ਖੂਨ ਵਿਹਾ ਹੈ ਉਸ ਲਈ ਅਸੀਂ ਖੁਦ ਜਿੰਮੇਵਾਰ ਰਹੇ ਹਾਂ।

ਇਰਾਕ ਸੰਬੰਧੀ ਲੇਖ ਵਿੱਚ ਆਪ ਨੇ ਦੋ ਧਿਰਾਂ ਸੀਆ ਤੇ ਸੁੰਨੀ ਦੇ ਇਕੱਠੇ ਹੋ ਜਾਣ ਬਾਰੇ ਖੁਲਾਸਾ ਕੀਤਾ ਹੈ। ਜਿਵੇਂ ਕਿ ਉਹ ਧਿਰਾਂ ਸਮਝ ਗਈਆਂ ਹਨ ਕਿ ਇਕੱਲੇ-ਇਕੱਲੇ ਸੰਘਰਸ਼ ਕਰਨ ਨਾਲੋਂ ਮਿਲ ਕੇ ਸੰਘਰਸ਼ ਕਰਨਾ ਜਿਆਦਾ ਫਾਇਦੇਮੰਦ ਹੈ। ਬਸ ਹੁਣ ਇਹੀ ਗੱਲ ਅਸੀਂ ਸਮਝਣੀ ਹੈ।

ਲਖਵਿੰਦਰ ਨੇ ਅਬਾਦੀ ਤੇ ਬੇਰੁਜ਼ਗਾਰੀ ਨਾਲ਼ ਸੰਬੰਧਿਤ ਲੇਖ ਵਿੱਚ ਐਸਾ ਖੁਲਾਸਾ ਕੀਤਾ ਹੈ ਜਿਸ ਤੋਂ ਮੈਂ ਖੁਦ ਵੀ ਅਣਜਾਣ ਸੀ। ਬੱਸ ਬਚਪਨ ਤੋਂ ਰਟੀ-ਰਟਾਈ ਗੱਲ ਯਾਦ ਹੈ ਕਿ ਅਬਾਦੀ ਵਧਣ ਨਾਲ ਬੇਰੁਜ਼ਗਾਰੀ ਤੇ ਗਰੀਬੀ ਵਧਦੀ ਹੈ ਜਾਣੀ ਕਿ ਅਸੀਂ ਖੁਦ ਹੀ ਆਪਣੀ ਬਦਹਾਲੀ ਵਾਸਤੇ ਆਪ ਜਿੰਮੇਵਾਰ ਠਹਿਰਾਏ ਗਏ। ਅੱਖਾਂ ਤੇ ਇਸ ਗੱਲ ਦਾ ਐਸਾ ਪਰਦਾ ਪਿਆ ਸੀ ਕਿ ਕੁਝ ਦੇਖ ਹੀ ਨਹੀਂ ਪਾਏ। ਕੰਨਾਂ ਵਿੱਚ ਜੋ ਗੂੰਜਦਾ ਸੀ ਉਹੀ ਸੱਚ ਸਮਝਿਆ-ਅਬਾਦੀ ਘਟਾਓ। ਬੱਸ ਕੰਨਾਂ ਤੇ ਦਿਮਾਗ ਦਾ ਹੀ ਸੰਬੰਧ ਸੀ। ਬਿਨਾਂ ਦੇਖੇ ਹਵਾ ਵਿੱਚ ਹੀ ਹੱਥ ਪੈਰ ਮਾਰਦੇ ਰਹੇ ਤੇ ਸੱਚ ਤੋਂ ਅਵੇਸਲੇ। ਬਿਨਾਂ ਦੇਖੇ ਸੱਚ ਮਹਿਸੂਸ ਨਹੀਂ ਹੋ ਸਕਦਾ ਤੇ ਬਿਨਾਂ ਅਹਿਸਾਸ ਤੋਂ ਇਨਸਾਨ ਬੋਲ ਨਹੀਂ ਸਕਦਾ। ਬਸ ਹੁਣ ਪਰਦਾ ਪਰ੍ਹਾਂ ਸੁੱਟ ਕੇ ਅੱਖਾਂ ਵੇਖਣਗੀਆਂ ਤੇ ਦਿਮਾਗ ਸੋਚੇਗਾ। ਨਿਸ਼ਾਨੇ ਤੇ ਹੱਥ ਪੈਰ ਮਾਰਾਂਗੇ। ਸੱਚ ਜਾਣ ਗਏ ਹਾਂ ਬੋਲਾਂਗੇ ਵੀ।

ਆਪ ਦਾ ਇੱਕ ਲੇਖ ਹਰ ਉਸ ਲੜਕੀ ਨੂੰ ਸੰਬੋਧਿਤ ਹੈ ਜੋ ਹਿੰਮਤ ਨਹੀਂ ਕਰ ਪਾ ਰਹੀ ਅੱਗੇ ਆਉਣ ਦੀ। ਉਹ ਡਰਦੀ ਹੈ ਸਮਾਜ ਦੇ ਕੂੜ-ਰਿਵਾਜਾਂ ਤੋਂ, ਮੌਤ ਤੋਂ, ਸੰਘਰਸ਼ ਤੋਂ। ਅਸਲ ਵਿੱਚ ਜੇ ਅੱਜ ਸਮਾਜ ਵਿੱਚ ਇਸ ਗੱਲ ਦੀ ਅਪ੍ਰਵਾਨਗੀ ਹੈ ਕਿ ਔਰਤਾਂ ਘਰ ਤੋਂ ਬਾਹਰ ਨਿਕਲ ਕੇ ਅੱਗੇ ਆਉਣ ਤਾਂ ਮੈਂ ਕਹਾਂਗੀ ਇਹ ਅਪ੍ਰਵਾਨਗੀ ਤਾਂ ਹੈ ਕਿਉਂਕਿ ਇਹ ਅਧਿਆਇ ਅਜੇ ਅਧੂਰਾ ਹੈ। ਜਦੋਂ ਅਧਿਆਏ

ਲਿਖਿਆ ਗਿਆ ਤਾਂ ਪ੍ਰਵਾਨ ਵੀ ਹੋ ਜਾਵੇਗਾ। ਵੈਸੇ ਵੀ ਸਮਾਜ ਦੀ ਪ੍ਰੰਪਰਾਵਾਂ ਇਨਸਾਨ ਨੇ ਬਣਾਈਆਂ ਹਨ ਤੇ ਇਨਸਾਨ ਨੇ ਹੀ ਤੋੜਨੀਆਂ ਹਨ।

ਬੀਂਡਾ ਪੂਰੀ ਤਰ੍ਹਾਂ ਟਿਕਾਊ ਵਿਅੰਗਮਈ ਲੇਖ ਹੈ ਜਿਸਨੂੰ ਮੈਂ ਵਾਰ ਵਾਰ ਪੜ੍ਹਿਆ ਹੈ।

–ਕਮਲਜੀਤ ਕੌਰ, ਲੁਧਿਆਣਾ

■

ਲਲਕਾਰ ਬਾਰੇ ਨਵਾਂ ਜ਼ਮਾਨਾ ਵਿੱਚ ਪੜ੍ਹਿਆ। ਅੰਕ ਭੇਜ ਦਿਉ। ਅੱਗੇ ਤੋਂ ਵੀ ਬਾਕਾਇਦਾ ਪੋਸਟ ਕਰੋ। ਮਾਲੀ ਸਹਾਇਤਾ ਅਵੱਸ਼ ਦਿਆਂਗਾ। ਰਚਨਾਵਾਂ ਵੀ ਭੇਜਾਂਗਾ। ਮੇਰਾ ਵਿਸ਼ਵਾਸ਼ ਹੈ ਕਿ ਲਲਕਾਰ ਜਰੂਰ ਚੱਲੇਗਾ–ਮਰੇਗਾ ਨਹੀਂ। ਅਜੇ ਪਹਿਲਾ ਅੰਕ ਪੜ੍ਹ ਕੇ ਵੇਖਦੇ ਹਾਂ। ਪਰਚੇ ਦੀ ਉਡੀਕ ਹੈ।

ਪਿਆਰ ਨਾਲ਼,

ਤੁਹਾਡਾ ਆਪਣਾ,
ਹਮਦਰਦ ਨੌਸ਼ਹਿਰਵੀ, ਸਮਰਾਲਾ।

■

ਮੈਂ ਹਨੇਰੇ ਵਿੱਚੋਂ ਨਿਕਲ ਆਈ ਹਾਂ

ਮੈਂ ਤੁਹਾਡਾ ਤਿਮਾਹੀ ਮੈਗਜ਼ੀਨ "ਲਲਕਾਰ" ਜੁਲਾਈ–ਸਿਤੰਬਰ 2007 ਅੰਕ ਪੜ੍ਹਿਆ। ਇਸ ਮੈਗਜ਼ੀਨ ਨੇ ਮੈਨੂੰ ਬਹੁਤ ਹੀ ਡੂੰਘੀਆਂ ਗੱਲਾਂ ਤੋਂ ਜਾਣੂ ਕਰਵਾਇਆ ਜਿਨ੍ਹਾਂ ਤੋਂ ਮੈਂ ਅਣਜਾਣ ਸੀ। ਪਰ ਮੈਨੂੰ ਹੁਣ ਲੱਗਦਾ ਹੈ ਕਿ ਮੈਂ ਹਨੇਰੇ ਵਿੱਚੋਂ ਨਿਕਲ ਕੇ ਚਾਨਣ ਵਿੱਚ ਆ ਗਈ ਹਾਂ। ਅਜੇਪਾਲ ਜੀ ਦੁਆਰਾ ਲਿਖਿਆ ਗਿਆ ਲੇਖ "ਫ਼ਿਲਮਾਂ ਅਤੇ ਪੋਸਟਰਾਂ ਵਿੱਚ ਭਗਤ ਸਿੰਘ" ਜਿਸ ਵਿੱਚ ਅੱਜ ਦੀ ਪੀੜ੍ਹੀ ਨੂੰ ਇਹ ਦੱਸਿਆ ਗਿਆ ਕਿ ਅਸੀਂ ਇਹਨਾਂ ਮਹਾਨ ਸਖਸ਼ੀਅਤਾਂ ਬਾਰੇ ਬਹੁਤ ਹੀ ਉਲ਼ਟ ਸੋਚਦੇ ਸੀ ਅਤੇ ਇਹਨਾਂ ਦੇ ਕਿਰਦਾਰ ਨੂੰ ਫ਼ਿਲਮਾਂ ਵਿੱਚ ਕਿਵੇਂ ਦਿਖਾਇਆ ਜਾਂਦਾ ਹੈ, ਕਿ ਅਸੀਂ ਸਾਰੇ ਇਹਨਾਂ ਫ਼ਿਲਮਾਂ ਅਤੇ ਪੋਸਟਰਾਂ ਨੂੰ ਦੇਖ ਕੇ ਭਗਤ ਸਿੰਘ ਦਾ ਅੱਤਵਾਦੀ ਰੂਪ ਹੀ ਦੇਖ ਸਕੇ ਪਰ ਉਹ ਇਸ ਤਰ੍ਹਾਂ ਦੇ ਨਹੀਂ ਸਨ। ਇਹ ਸਾਰੀਆਂ ਫ਼ਿਲਮਾਂ ਤਾਂ ਸਾਡੇ ਦਿਮਾਗਾਂ ਨੂੰ ਬਦਲਣ ਲਈ ਬਣਾਈਆਂ ਜਾਂਦੀਆਂ ਹਨ ਤਾਂ ਕਿ ਅਸੀਂ ਇਹਨਾਂ ਦੇ ਨਕਸ਼ੇ ਕਦਮ 'ਤੇ ਨਾ ਚੱਲੀਏ। ਦੂਸਰਾ ਲੇਖ ਲਖਵਿੰਦਰ ਦੁਆਰਾ ਲਿਖਿਆ ਗਿਆ "ਕੀ ਵੱਧ ਅਬਾਦੀ ਹੀ ਗਰੀਬੀ–ਬੇਰੁਜ਼ਗਾਰੀ ਦਾ ਕਾਰਨ ਹੈ?" ਪੜ੍ਹਿਆ। ਹਾਂ ਮੈਂ ਵੀ ਕਿਸੇ ਸਮੇਂ ਇਹ ਹੀ ਸਮਝਦੀ ਹੁੰਦੀ ਸੀ। ਜਦੋਂ ਮੈਂ ਅਰਥਸ਼ਾਸਤਰ ਪੜ੍ਹਿਆ ਤਾਂ ਮੇਰੇ ਦਿਮਾਗ ਵਿੱਚ ਇਹੋ ਗੱਲ ਸੀ। ਇਮਤਿਹਾਨ ਵਿੱਚ ਵੀ ਮੈਂ ਇਹੋ ਗੱਲ ਲਿਖ ਕੇ ਆਉਂਦੀ ਸੀ। ਹੁਣ ਮੈਨੂੰ ਪਤਾ ਲੱਗਦਾ ਹੈ ਕਿ ਮੈਂ ਕਿੰਨੀ ਗਲਤ ਸੀ ਅਤੇ ਸਾਨੂੰ ਕਿੰਨਾਂ ਬੇਵਕੂਫ਼ ਬਣਾਇਆ ਗਿਆ ਸੀ।

ਇੱਕ ਲੇਖ ਜਿਹੜਾ ਤੁਸੀਂ "ਮਾਂ" ਨਾਵਲ ਬਾਰੇ ਲਿਖਿਆ ਸੀ ਕਾਫ਼ੀ ਚੰਗਾ ਲੱਗਿਆ। ਇਹ ਨਾਵਲ ਮੈਂ ਪਹਿਲਾਂ ਹੀ ਪੜ੍ਹ ਚੁੱਕੀ ਸੀ। ਹੁਣ ਮੈਂ ਇਸ ਮੈਗਜ਼ੀਨ ਵਿੱਚ ਵੀ ਇਸ ਬਾਰੇ ਪੜ੍ਹਿਆ। ਇਸ ਨਾਵਲ ਬਾਰੇ ਏਨੇ ਘੱਟ ਸ਼ਬਦਾਂ ਵਿੱਚ ਏਨਾਂ ਕੁਝ ਏਨੀ ਚੰਗੀ ਤਰ੍ਹਾਂ ਸਮਝਾ ਦਿੱਤਾ ਗਿਆ ਕਿ ਹੈਰਾਨੀ ਹੁੰਦੀ ਹੈ। ਇਸ ਵਿੱਚ ਦੱਸਿਆ ਗਿਆ ਹੈ ਕਿ ਇੱਕ ਬੇਕਾਰ ਹੋਇਆ ਪੁੱਤਰ ਕਿਵੇਂ ਆਪਣੇ ਸੁਭਾਅ ਨੂੰ ਬਦਲਦਾ ਹੈ ਅਤੇ ਕਿਸ ਤਰ੍ਹਾਂ ਉਹ ਆਪਣੇ ਦੇਸ਼ ਲਈ ਕੰਮ ਆਉਂਦਾ ਹੈ। ਹਾਂ ਉਸਦੀ ਮਾਂ ਪਹਿਲਾਂ ਉਸਨੂੰ ਰੋਕਦੀ ਸੀ ਕਿ ਉਹ ਨਾ ਜਾਵੇ ਇਸ ਰਾਹ 'ਤੇ, ਘਰ ਪਰਤ ਆਵੇ ਪਰ ਜਦੋਂ ਉਸਨੂੰ ਨੂੰ ਅਸਲੀਅਤ ਦਾ ਪਤਾ ਲੱਗਦਾ ਹੈ ਤਾਂ ਉਹ ਵੀ ਉਸ ਦੀ ਜੰਗ ਵਿੱਚ ਉਸ ਨਾਲ਼ ਸ਼ਾਮਿਲ ਹੋ ਜਾਂਦੀ ਹੈ।

ਮੈਂ ਇਸ ਮੈਗਜ਼ੀਨ "ਲਲਕਾਰ" ਦੀ ਧੰਨਵਾਦੀ ਹਾਂ ਕਿ ਮੈਨੂੰ ਇਹਨਾਂ ਸੱਚੀਆਂ ਗੱਲਾਂ ਤੋਂ ਜਾਣੂ ਕਰਵਾਇਆ ਜਿਨ੍ਹਾਂ ਤੋਂ ਮੈਂ ਅਣਜਾਣ ਸੀ ਅਤੇ ਮੇਰੀਆਂ ਅੱਖਾਂ ਖੋਲ੍ਹੀਆਂ। ਤੁਸੀਂ ਇਸਦਾ ਪ੍ਰਕਾਸ਼ਨ ਜ਼ਾਰੀ ਰੱਖਣਾ।

ਅਮਨਦੀਪ ਕੌਰ,
ਕੰਪਿਊਟਰ ਅਧਿਆਪਕਾ,
ਫਤਿਹਗੜ੍ਹ ਸਾਹਿਬ।

ਸਰਗਰਮੀਆਂ

ਸ਼ਹੀਦ ਭਗਤ ਸਿੰਘ ਜਨਮ ਸ਼ਤਾਬਦੀ ਕਨਵੈਨਸ਼ਨ

ਪੰਜਾਬ ਦੇ ਕੋਨੇ ਕੋਨੇ ਤੋਂ ਪਹੁੰਚੇ ਸੈਂਕੜੇ ਨੌਜਵਾਨਾਂ ਦੇ 'ਸ਼ਹੀਦ ਭਗਤ ਸਿੰਘ ਅਮਰ ਰਹੇ' 'ਇਨਕਲਾਬ ਜ਼ਿੰਦਾਬਾਦ' ' ਸ਼ਹੀਦੋ ਤੁਹਾਡੇ ਕਾਜ਼ ਅਧੂਰੇ ਲਾ ਕੇ ਜ਼ਿੰਦਗੀਆਂ ਕਰਾਂਗੇ ਪੂਰੇ' ਆਦਿ ਅਸਮਾਨ ਚੀਰਵੇਂ ਨਾਅਰਿਆਂ ਨਾਲ਼ ਨੌਜਵਾਨ ਭਾਰਤ ਸਭਾ ਵਲੋਂ ਬੁਲਾਈ ਗਈ 'ਸ਼ਹੀਦ ਭਗਤ ਸਿੰਘ ਜਨਮ ਸ਼ਤਾਬਦੀ ਕਨਵੈਨਸ਼ਨ' 23 ਸਿਤੰਬਰ ਨੂੰ ਲੁਧਿਆਣਾ ਦੇ ਜਵਾਹਰ ਨਗਰ ਕੈਂਪ ਸਥਿਤ ਹਨੂੰਮਾਨ ਜੰਝਘਰ ਵਿੱਚ ਸਫ਼ਲਤਾਪੂਰਵਕ ਸੰਪੰਨ ਹੋਈ।

ਇਸ ਕਨਵੈਨਸ਼ਨ ਨਾਲ਼ ਹੀ ਨੌਜਵਾਨ ਭਾਰਤ ਸਭਾ ਵਲੋਂ ਸ਼ਹੀਦ ਭਗਤ ਸਿੰਘ ਦੇ 75ਵੇਂ ਸ਼ਹਾਦਤ ਦਿਵਸ 23 ਮਾਰਚ 2005 ਤੋਂ ਹੀ ਜ਼ਾਰੀ 'ਇਨਕਲਾਬੀ ਸੰਕਲਪ ਯਾਤਰਾ' ਮੁਹਿੰਮ ਦੇ ਦੂਜੇ ਪੜਾਅ ਦੀ ਵੀ ਸ਼ੁਰੂਆਤ ਹੋ ਗਈ। ਕਨਵੈਨਸ਼ਨ ਵਿੱਚ ਪਹੁੰਚੇ ਲਗਭਗ 300 ਨੌਜਵਾਨਾਂ ਨੇ ਜਨਮਸ਼ਤਾਬਦੀ ਵਰ੍ਹੇ ਦੇ ਅੰਤ ਤੱਕ ਦੇ ਇਸ ਮੁਹਿੰਮ ਦੇ ਦੂਜੇ ਪੜਾਅ ਵਿੱਚ ਹੋਰ ਵੀ ਜੋਸ਼–ਓ–ਖਰੋਸ਼ ਨਾਲ਼ ਸ਼ਹੀਦ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੇ ਵਿਚਾਰਾਂ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਪ੍ਰਣ ਕੀਤਾ।

'ਉਹ ਇੱਕ ਅਮੀਰ ਘਰ ਤੋਂ ਸਨ। ਪੜ੍ਹੇ ਲਿਖੇ ਅਤੇ ਬੁੱਧੀਮਾਨ ਸਨ। ਸ਼ਹੀਦ ਭਗਤ ਸਿੰਘ ਜੇ ਚਾਹੁੰਦੇ ਤਾਂ ਅੰਗਰੇਜ਼ਾਂ ਦੇ ਪ੍ਰਸ਼ਾਸਨ ਵਿੱਚ ਕਿਸੇ ਵੱਡੇ ਅਹੁਦੇ ਤੇ ਬਹਿ ਕੇ ਐਸ਼ ਅਰਾਮ ਦੀ ਜਿੰਦਗੀ ਜਿਉਂ ਸਕਦੇ ਸਨ। ਪਰ ਉਹਨਾਂ ਜੀਣ ਦਾ ਇਹ ਘਟੀਆ ਰਾਹ ਨਾ ਚੁਣਿਆ। ਸਗੋਂ ਭਾਰਤੀ ਲੋਕਾਂ ਦੀ ਗੁਲਾਮੀ–ਗਰੀਬੀ ਵਿਰੁੱਧ, ਲੋਕਾਂ ਦੇ ਸੁਨਹਰੇ ਭਵਿੱਖ ਲਈ ਸਭ ਧਨ ਦੌਲਤ ਨੂੰ ਠੋਕਰ ਮਾਰ ਕੇ ਇਨਕਲਾਬੀ ਜੀਵਨ ਜਿਉਣਾ ਬੇਹਤਰ ਸਮਝਿਆ। ਸਾਨੂੰ ਨੌਜਵਾਨਾਂ ਨੂੰ ਉਹਨਾਂ ਤੋਂ ਪ੍ਰੇਰਣਾ ਲੈਣੀ ਹੋਵੇਗੀ' ਇਹਨਾਂ ਸ਼ਬਦਾਂ ਨਾਲ਼

ਨੌਭਾਸ ਪੰਜਾਬ ਸੂਬਾ ਕਮੇਟੀ ਦੇ ਕਨਵੀਨਰ ਰਾਜਵਿੰਦਰ ਨੇ ਨੌਜਵਾਨਾਂ ਨੂੰ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦੇ ਭਾਰਤ ਦੀ ਉਸਾਰੀ ਲਈ ਆਪਣਾ ਜੀ-ਜਾਨ ਲਾ ਦੇਣ ਦਾ ਸੱਦਾ ਦਿੱਤਾ।

ਜਨਮਸ਼ਤਾਬਦੀ ਕਨਵੈਨਸ਼ਨ ਵਿੱਚ ਸ਼ਾਮਿਲ ਹੋਣ ਲਈ ਦਿੱਲੀ ਯੂਨੀਵਰਸਿਟੀ ਤੋਂ ਉਚੇਚੇ ਤੌਰ 'ਤੇ ਪਹੁੰਚੇ ਦਿਸ਼ਾ ਵਿਦਿਆਰਥੀ ਸੰਗਠਨ ਦੇ ਅਭਿਨਵ ਨੇ ਕਿਹਾ ਕਿ ਇਨਕਲਾਬੀ ਭਾਵਨਾਵਾਂ ਰੱਖਦੇ ਨੌਜਵਾਨਾਂ ਨੂੰ ਕਿਰਤੀ ਲੋਕਾਂ ਵਿੱਚ ਧੱਸ ਜਾਣਾ ਹੋਵੇਗਾ। ਭਗਤ ਸਿੰਘ ਦੇ ਕਹੇ ਉੱਤੇ ਅਮਲ ਕਰਦੇ ਹੋਏ ਪਿੰਡਾ-ਸ਼ਹਿਰਾਂ ਦੀਆਂ ਝੁੱਗੀਆਂ-ਝੌਂਪੜੀਆਂ ਵਿੱਚ ਰਹਿੰਦੇ ਗਰੀਬ ਲੋਕਾਂ ਤੱਕ, ਫੈਕਰੀਆਂ ਵਿੱਚ ਹੱਡ ਭਨਵੀਂ ਮਿਹਨਤ ਕਰਦੇ ਮਜ਼ਦੂਰਾਂ ਤੱਕ, ਭਾਵ ਸਾਰੇ ਕਿਰਤੀ ਲੋਕਾਂ ਤੱਕ ਇਨਕਲਾਬੀ ਵਿਚਾਰਾਂ ਨੂੰ ਪਹੁੰਚਾਉਣਾ ਹੋਵੇਗਾ। ਉਹਨਾਂ ਦੀਆਂ ਜੁਝਾਰੂ ਜੱਥੇਬੰਦੀਆਂ ਬਣਾਉਣੀਆਂ ਹੋਣਗੀਆਂ। ਨਾਲ਼ ਹੀ ਉਹਨਾਂ ਕਿਹਾ ਕਿ ਨੌਜਵਾਨਾਂ ਨੂੰ ਜਾਤ-ਧਰਮ-ਖੇਤਰ ਦੇ ਨਾਂ 'ਤੇ ਲੋਕਾਂ ਨੂੰ ਵੰਡ ਕੇ ਰੱਖਣ ਵਾਲ਼ੀਆਂ ਫਾਸੀਵਾਦੀ ਤਾਕਤਾਂ ਤੋਂ ਸੁਚੇਤ ਰਹਿਣਾ ਹੋਵੇਗਾ ਅਤੇ ਇਹਨਾਂ ਫਾਸੀਵਾਦੀਆਂ ਦੁਆਰਾ ਅੱਜ ਸ਼ਹੀਦ ਭਗਤ ਸਿੰਘ ਅਤੇ ਹੋਰਨਾਂ ਇਨਕਲਾਬੀਆਂ ਦੇ ਵਿਚਾਰਾਂ ਨੂੰ ਤੋੜ ਮਰੋੜ ਕੀਤੇ ਜਾ ਰਹੇ ਪ੍ਰਚਾਰ ਦਾ ਪੂਰੀ ਤਾਕਤ ਨਾਲ਼ ਪਰਦਾਫਾਸ਼ ਕਰਨਾ ਹੋਵੇਗਾ।

ਪੰਜਾਬੀ ਇਨਕਲਾਬੀ ਮੈਗਜ਼ੀਨ 'ਪ੍ਰਤੀਬੱਧ' ਦੇ ਸੰਪਾਦਕ ਸੁਖਵਿੰਦਰ ਨੇ ਕਿਹਾ ਕਿ ਨੌਜਵਾਨਾਂ ਨੂੰ ਸਹੀ ਦਿਸ਼ਾ ਵੱਲ ਵਧਣ ਲਈ ਅਧਿਐਨ ਕਰਨਾ ਹੋਵੇਗਾ। ਸ਼ਹੀਦ ਭਗਤ ਸਿੰਘ ਨੇ ਵੀ ਅਜਿਹਾ ਹੀ ਕੀਤਾ ਸੀ। ਗੰਭੀਰ ਅਤੇ ਗਹਿਰੇ ਅਧਿਐਨ ਤੋਂ ਬਾਅਦ ਹੀ ਉਹਨਾਂ ਨੇ ਸਮਾਜਵਾਦੀ ਵਿਚਾਰਾਂ ਨੂੰ ਅਪਣਾਇਆ ਸੀ। ਉਹ ਸਿਰਫ ਨਿਧੜਕ ਇਨਕਲਾਬੀ ਹੀ ਨਹੀਂ ਸਨ ਸਗੋਂ ਗੰਭੀਰ ਚਿੰਤਕ ਅਤੇ ਫਿਲਾਸਫਰ ਵੀ ਸਨ। ਉਹਨਾਂ ਆਪਣੇ ਅਨੁਭਵ, ਪਹਿਲਾਂ ਦੇ ਭਾਰਤੀ ਇਨਕਲਾਬੀਆਂ ਤੋਂ ਹੀ ਨਹੀਂ ਸਗੋਂ ਸੰਸਾਰ ਭਰ ਦੇ ਕਿਰਤੀ ਲੋਕਾਂ ਦੀਆਂ ਇਨਕਲਾਬੀ ਲਹਿਰਾਂ ਤੋਂ ਪ੍ਰੇਰਨਾ ਅਤੇ ਸਿੱਖਿਆ ਹਾਸਿਲ ਕੀਤੀ। ਸ਼੍ਰੀ ਸੁਖਵਿੰਦਰ ਨੇ ਨੌਜਵਾਨਾਂ ਨੂੰ ਸ਼ਹੀਦ ਭਗਤ ਸਿੰਘ ਦੇ ਵਿਚਾਰਧਾਰਕ ਵਿਕਾਸ ਨੂੰ ਜਾਨਣ ਅਤੇ ਉਹਨਾਂ ਦੀ ਅੰਤਿਮ ਸਮੇਂ ਤੱਕ ਵਿਕਸਿਤ ਹੋ ਚੁੱਕੀ ਵਿਚਾਰਧਾਰਾ ਨੂੰ ਸਮਝਣ ਅਤੇ ਅੱਗੇ ਵਧਾਉਣ ਦਾ ਸੱਦਾ ਦਿੱਤਾ।

ਜੋਗਿੰਦਰ, ਰਾਜਵਿੰਦਰ,ਅਨਿਲ, ਨਰਿੰਦਰ ਨੇ 'ਆਂਧੀ ਕੇ ਝੂਲੇ ਪਰ ਝੂਲੋ' ਆਦਿ ਹਿੰਦੀ ਇਨਕਲਾਬੀ ਸਮੂਹ ਗੀਤ ਪੇਸ਼ ਕੀਤੇ। ਰਾਜਵਿੰਦਰ ਨੇ 'ਮਸ਼ਾਲਾਂ ਬਾਲ ਕੇ ਚਲਣਾ', ਲਖਵਿੰਦਰ ਬਖਸ਼ੀਵਾਲ਼ਾ ਨੇ 'ਮੈਨੂੰ ਹਰ ਗੱਭਰੂ ਵਿੱਚੋਂ ਦਿਸਦੀ ਐ ਤਸਵੀਰ ਭਗਤ ਸਿੰਘ ਦੀ' ਗੀਤ ਪੇਸ਼ ਕੀਤੇ। ਸਾਰਿਆਂ ਨੇ ਜ਼ੋਰਦਾਰ ਤਾੜੀਆਂ ਨਾਲ਼ ਉਹਨਾਂ ਦੇ ਗੀਤਾਂ ਦੀ ਸਰਾਹਨਾ ਕੀਤੀ।

ਇਸ ਤੋਂ ਬਾਅਦ ਨੌਜਵਾਨਾਂ ਦਾ ਕਾਫਲਾ ਕਨਵੈਨਸ਼ਨ ਸਥਾਨ ਤੋਂ ਨਿਕਲ ਕੇ ਲੁਧਿਆਣਾ ਦੀਆਂ ਸੜਕਾਂ 'ਤੇ ਪੈਦਲ ਮਾਰਚ ਕਰਨ ਲਈ ਨਿਕਲ ਪਿਆ। ਸ਼ਹੀਦ ਭਗਤ ਸਿੰਘ ਦੀਆਂ ਤਸਵੀਰਾਂ ਅਤੇ ਵਿਚਾਰਾਂ ਵਾਲੇ ਪੋਸਟਰ ਨੌਜਵਾਨਾਂ ਦੇ ਹੱਥਾਂ ਵਿੱਚ ਫੜੇ ਹੋਏ ਸਨ। ਮਾਰਚ ਦੇ ਸਾਰੇ ਰਾਹ ਨਾਹਰੇ ਗੂੰਜਦੇ ਰਹੇ। ਇਸ ਦੌਰਾਨ ਲੋਕਾਂ ਵਿੱਚ ਪਰਚਾ ਵੀ ਵੰਡਿਆ ਗਿਆ। ਦੋ ਲਾਈਨਾਂ ਵਿੱਚ ਚਲਦੇ ਹੋਏ ਇਹ ਕਾਫਲਾ ਭਰਤ ਨਗਰ ਚੌਕ ਤੋਂ ਹੁੰਦੇ ਹੋਏ ਜਗਰਾਉਂ ਪੁਲ ਤੱਕ ਗਿਆ। ਉੱਥੋਂ ਕਾਫ਼ਲੇ ਦੇ ਵਾਪਸ ਕਨਵੈਨਸ਼ਨ ਸਥਾਨ ਪਹੁੰਚਣ 'ਤੇ ਕਨਵੈਨਸ਼ਨ ਦੀ ਸਮਾਪਤੀ ਕੀਤੀ ਗਈ।

ਕਨਵੈਨਸ਼ਨ ਦੀ ਪ੍ਰਧਾਨਗੀ ਨੌਭਾਸ ਦੇ ਸੂਬਾ ਕਨਵੀਨਰ ਰਾਜਵਿੰਦਰ, ਸੂਬਾ ਕਮੇਟੀ ਮੈਂਬਰ ਸੁਖਵਿੰਦਰ ਆਦਮਪੁਰ, 'ਪ੍ਰਤੀਬੱਧ' ਦੇ ਸੰਪਾਦਕ ਸੁਖਵਿੰਦਰ, ਅਤੇ ਦਿਸ਼ਾ ਵਿਦਿਆਰਥੀ ਜੱਥੇਬੰਦੀ ਦੇ ਕਾਰਕੁੰਨ ਅਭਿਨਵ ਨੇ ਕੀਤੀ।

ਜਨਮਸ਼ਤਾਬਦੀ ਕਨਵੈਨਸ਼ਨ ਵਿੱਚ ਪਹੁੰਚਣ ਵਾਸਤੇ ਲੋਕਾਂ ਨੂੰ ਸੱਦੇ ਲਈ ਪੰਜਾਬੀ ਅਤੇ ਹਿੰਦੀ ਭਾਸ਼ਾ ਵਿੱਚ ਪਰਚੇ ਵੱਡੇ ਪੱਧਰ 'ਤੇ ਛਾਪ ਕੇ ਵੰਡੇ ਗਏ ਸਨ। ਕਨਵੈਨਸ਼ਨ ਸੰਬੰਧੀ ਇੱਕ ਆਕਰਸ਼ਕ ਪੋਸਟਰ ਵੀ ਪੰਜਾਬ ਦੇ ਵੱਖ-ਵੱਖ ਇਲਾਕਿਆਂ 'ਚ ਲਗਾਇਆ ਗਿਆ। ਲੁਧਿਆਣਾ ਦੀ ਮਜ਼ਦੂਰ ਅਬਾਦੀ ਵਾਲ਼ੇ ਗਿਆਸਪੁਰੇ ਇਲਾਕੇ ਵਿੱਚ ਝੰਡਾ ਮਾਰਚ ਵੀ ਕੀਤਾ ਗਿਆ ਸੀ। ਕਨਵੈਨਸ਼ਨ ਦੀ ਵਿੱਚ ਨੌਜਵਾਨ ਸਨਅਤੀ ਮਜ਼ਦੂਰਾਂ ਦੀ ਕਾਫ਼ੀ ਚੰਗੀ ਸ਼ਮੂਲੀਅਤ ਸੀ।

'ਜਨਮ ਸ਼ਤਾਬਦੀ ਕਨਵੈਨਸ਼ਨ' ਵਲੋਂ ਪਾਸ ਕੀਤੇ ਗਏ ਮਤੇ

1. ਇਸ ਇਤਿਹਾਸਕ ਦਿਹਾੜੇ 'ਤੇ ਨੌਜਵਾਨ ਭਾਰਤ ਸਭਾ ਭਾਰਤ ਸਰਕਾਰ ਤੋਂ ਇਹ ਪੁਰਜ਼ੋਰ ਮੰਗ ਕਰਦੀ ਹੈ ਕਿ ਉਹ ਸ਼ਹੀਦ ਭਗਤ ਸਿੰਘ ਵਲੋਂ ਆਪਣੇ ਜੇਲ੍ਹ ਜੀਵਨ ਦੌਰਾਨ ਲਿਖੀਆਂ ਚਾਰ ਕਿਤਾਬਾਂ ਦੇ ਗੁੰਮ ਹੋਏ ਖਰੜੇ ਲੱਭਣ ਲਈ ਇੱਕ ਕੌਮੀ ਕਮਿਸ਼ਨ ਕਾਇਮ ਕਰੇ ਤਾਂ ਕਿ ਭਾਰਤ ਦੀ ਜੰਗ-ਏ-ਅਜ਼ਾਦੀ ਦੀ ਇਸ ਅਨਮੋਲ ਧਰੋਹਰ ਨੂੰ ਲੱਭ ਕੇ ਇਸ ਨੂੰ ਕੌਮੀ ਵਿਰਾਸਤ ਦਾ ਦਰਜਾ ਦਿੱਤਾ ਜਾ ਸਕੇ।

2. ਅੱਜ ਦੀ ਇਹ ਕਨਵੈਨਸ਼ਨ ਇਹ ਵੀ ਮੰਗ ਕਰਦੀ ਹੈ ਕਿ ਸ਼ਹੀਦ ਭਗਤ ਸਿੰਘ ਦੀਆਂ ਅਹਿਮ ਤੇ ਚੋਣਵੀਆਂ ਲਿਖਤਾਂ ਨੂੰ ਸਮੁੱਚੇ ਭਾਰਤ ਦੀਆਂ ਵਿਦਿਅਕ ਸੰਸਥਾਵਾਂ ਦੇ ਹਰ ਪੱਧਰ ਦੇ ਸਿਲੇਬਸ ਵਿੱਚ ਸ਼ਾਮਿਲ ਕੀਤਾ ਜਾਵੇ ਤਾਂ ਕਿ ਅਜੋਕੀ ਨੌਜਵਾਨ ਪੀੜ੍ਹੀ ਆਪਣੀ ਇਨਕਲਾਬੀ ਵਿਰਾਸਤ ਤੋਂ ਜਾਣੂ ਹੋ ਕੇ, ਹੋਰ ਵੀ ਵੱਧ ਜੋਸ਼, ਪ੍ਰੇਰਣਾ ਅਤੇ ਨਿਹਚਾ ਨਾਲ਼ ਸਮਾਜਵਾਦੀ ਭਾਰਤ ਦੀ ਸਿਰਜਣਾ ਵਿੱਚ ਆਪਣਾ ਬਣਦਾ ਯੋਗਦਾਨ ਪਾ ਸਕੇ।

3. ਅੱਜ ਦੀ ਇਹ ਕਨਵੈਨਸ਼ਨ ਇਹ ਵੀ ਮੰਗ ਕਰਦੀ ਹੈ ਕਿ ਭਾਰਤ ਸਰਕਾਰ ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਇਨਕਲਾਬੀ ਸਾਥੀਆਂ ਦੀਆਂ ਸਮੁੱਚੀਆਂ ਉਪਲੱਭਧ ਲਿਖਤਾਂ ਨੂੰ ਸੰਗ੍ਰਿਹਤ ਕਰਕੇ ਭਾਰਤੀ ਲੋਕਾਂ ਦੀਆਂ ਸਾਰੀਆਂ ਭਾਸ਼ਾਵਾਂ ਵਿੱਚ ਛਾਪ ਕੇ, ਹਰ ਸਕੂਲ, ਕਾਲਜ, ਯੂਨੀਵਰਸਿਟੀ ਅਤੇ ਜਨਤਕ ਲਾਈਬ੍ਰੇਰੀਆਂ ਵਿੱਚ ਮੁਫ਼ਤ ਮੁਹੱਈਆ ਕਰਾਵੇ ਤਾਂ ਜੋ ਆਮ ਲੋਕਾਂ ਤੱਕ ਇਨ੍ਹਾਂ ਇਨਕਲਾਬੀ ਯੋਧਿਆਂ ਦੇ ਵਿਚਾਰਾਂ ਦਾ ਤੇਜੀ ਅਤੇ ਸੌਖ ਨਾਲ਼ ਸੰਚਾਰ ਹੋ ਸਕੇ।

4. ਅੱਜ ਦੀ ਇਹ ਕਨਵੈਨਸ਼ਨ ਸਰਕਾਰ ਪਾਸੋਂ ਇਹ ਵੀ ਮੰਗ ਕਰਦੀ ਹੈ ਕਿ ਸ਼ਹੀਦ ਭਗਤ ਅਤੇ ਰਾਜਗੁਰੂ ਵਲੋਂ ਸਾਂਡਰਸ ਕਤਲ ਕੇਸ ਵਿੱਚ ਵਰਤੇ ਹਥਿਆਰਾਂ ਨੂੰ ਕੌਮੀ ਵਿਰਾਸਤ ਦਾ

ਦਰਜਾ ਦੇ ਕੇ ਕਿਸੇ ਕੌਮੀ ਅਜਾਇਬ ਘਰ ਦਾ ਸ਼ਿੰਗਾਰ ਬਣਾਇਆ ਜਾਵੇ।

ਵਿਚਾਰ ਗੋਸ਼ਟੀ ਦਾ ਆਯੋਜਨ

28 ਜੁਲਾਈ ਨੂੰ ਮਾਨਸਾ ਜਿਲੇ ਦੇ ਪਿੰਡ ਬਖ਼ਸ਼ੀਵਾਲਾ ਵਿਖੇ "ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਅਤੇ ਅੱਜ ਦਾ ਸਮਾਂ" ਵਿਸ਼ੇ 'ਤੇ ਇੱਕ ਵਿਚਾਰ ਗੋਸ਼ਟੀ ਕੀਤੀ ਗਈ। ਇਹ ਵਿਚਾਰ ਗੋਸ਼ਟੀ ਇਨਕਲਾਬੀ ਵਿਚਾਰਾਂ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਲਈ ਨੌਜਵਾਨ ਭਾਰਤ ਸਭਾ ਵਲੋਂ ਜ਼ਾਰੀ 'ਇਨਕਲਾਬੀ ਸੰਕਲਪ ਯਾਤਰਾ' ਮੁਹਿੰਮ ਦੀ ਹੀ ਕੜੀ ਵਜੋਂ ਆਯੋਜਿਤ ਕੀਤੀ ਗਈ ਸੀ। ਪਿੰਡ ਦੇ ਸਰਕਾਰੀ ਹਾਈ ਸਕੂਲ ਦੇ ਇੱਕ ਕਮਰੇ ਵਿੱਚ ਇਸ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਇਸ ਗੋਸ਼ਟੀ ਕਮਰੇ ਨੂੰ ਚਾਰਟ ਪੇਪਰਾਂ ਉੱਤੇ ਲਿਖੇ ਸ਼ਹੀਦ ਭਗਤ ਸਿੰਘ ਅਤੇ ਹੋਰਨਾਂ ਇਨਕਲਾਬੀਆਂ ਦੇ ਵਿਚਾਰਾਂ ਨਾਲ਼ ਸਜਾਇਆ ਗਿਆ। ਮੁੱਖ ਬੁਲ਼ਾਰੇ ਦੇ ਤੌਰ 'ਤੇ ਨੌਭਾਸ ਪੰਜਾਬ ਦੇ ਸੂਬਾ ਕਨਵੀਨਰ ਸ਼੍ਰੀ ਰਾਜਵਿੰਦਰ ਗੋਸ਼ਟੀ ਵਿੱਚ ਸ਼ਾਮਿਲ ਹੋਏ। ਉਹਨਾਂ ਨੇ ਆਪਣੇ ਲੈਕਚਰ ਵਿੱਚ ਇਤਿਹਾਸਕ ਤੱਥ ਦਿੰਦੇ ਹੋਏ ਉਹਨਾਂ ਹਾਲਤਾਂ ਦੀ ਵਿਆਖਿਆ ਕੀਤੀ ਜਿਨ੍ਹਾਂ ਵਿੱਚ ਭਗਤ ਸਿੰਘ ਇਨਕਲਾਬੀ ਬਣੇ। 1857 ਦੇ ਵਿਦਰੋਹ ਤੋਂ ਲੈ ਕੇ ਚਾਪੇਕਰ ਭਰਾਵਾਂ, ਅਨੁਸ਼ੀਲਨ ਸੰਮਤੀ ਅਤੇ ਗਦਰ ਲਹਿਰ ਤੋਂ ਹੁੰਦੇ ਹੋਏ ਕਿਵੇਂ ਭਾਰਤੀ ਇਨਕਲਾਬੀ ਲਹਿਰ ਨੇ ਭਗਤ ਸਿੰਘ ਅਤੇ ਉਸਦੇ ਸਾਥੀਆਂ ਤੱਕ ਦਾ ਸਫ਼ਰ ਤੈਅ ਕੀਤਾ, ਬਾਰੇ ਉਹਨਾਂ ਵਿਸਤਾਰ ਨਾਲ਼ ਚਰਚਾ ਕੀਤੀ। ਆਪਣੇ ਤੋਂ ਪਹਿਲੋਂ ਦੇ ਇਨਕਲਾਬੀਆਂ ਦੀ ਕੁਰਬਾਨੀ ਅਤੇ ਦ੍ਰਿੜਤਾ ਤੋਂ ਪ੍ਰੇਰਣਾ ਲੈਂਦੇ ਹੋਏ, ਉਹਨਾਂ ਦੀਆਂ ਵਿਵਹਾਰਕ ਗਲ਼ਤੀਆਂ ਤੋਂ ਵੀ ਸਿਖਦੇ ਹੋਏ ਅਤੇ ਦੁਨੀਆਂ ਭਰ ਦੇ ਲੋਕ ਸੰਘਰਸ਼ਾਂ ਤੇ ਇਨਕਲਾਬਾਂ ਦਾ ਅਧਿਐਨ ਕਰਕੇ ਹੀ ਸ਼ਹੀਦ ਭਗਤ ਸਿੰਘ ਦੀ ਸੋਚ ਪਰਪੱਕ ਬਣੀ। ਪਹਿਲਾਂ ਦੇ ਇਨਕਲਾਬੀਆਂ ਕੋਲ਼ ਅਜ਼ਾਦ ਭਾਰਤ ਦਾ ਕੋਈ ਨਕਸ਼ਾ ਨਹੀਂ ਸੀ ਜੇ ਕੋਈ ਸੀ ਵੀ ਤਾਂ ਸਪੱਸ਼ਟ ਨਹੀਂ ਸੀ ਕਿ ਆਮ ਲੋਕਾਂ ਦੀ ਮੁਕਤੀ ਕਿਵੇਂ ਹੋ ਸਕੇਗੀ। ਪਰ ਸ਼ਹੀਦ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੇ ਸਪੱਸ਼ਟ ਕੀਤਾ ਕਿ ਅੰਗਰੇਜ਼ਾਂ ਹੱਥੋਂ ਮੁਕਤੀ ਦੇ ਨਾਲ਼ ਹੀ ਭਾਰਤੀ ਸਰਮਾਏਦਾਰਾਂ ਅਤੇ ਜਗੀਰਦਾਰਾਂ ਦੁਆਰਾ ਭਾਰਤੀ ਲੋਕਾਂ ਦੀ ਕੀਤੀ ਜਾ ਰਹੀ ਲੁੱਟ ਖਸੁੱਟ ਦਾ ਖਾਤਮਾ ਕਰ ਕੇ ਹੀ ਅਸਲ ਵਿੱਚ ਖੁਸ਼ਹਾਲ ਭਾਰਤ ਦੀ ਕਲਪਨਾ ਕੀਤੀ ਜਾ ਸਕਦੀ ਹੈ। ਇਹਨਾਂ ਇਨਕਲਾਬੀਆਂ ਨੇ ਸਮਾਜਵਾਦ ਨੂੰ ਆਪਣਾ ਨਿਸ਼ਾਨਾ ਐਲਾਨਿਆ ਸੀ। ਸ਼੍ਰੀ ਰਾਜਵਿੰਦਰ ਨੇ ਅੱਗੇ ਕਿਹਾ ਕਿ ਅੱਜ ਜਦੋਂ ਗਰੀਬੀ-ਅਮੀਰੀ ਦੇ ਵਧਦੇ ਪਾੜ੍ਹਿਆਂ, ਬੇਰੁਜ਼ਗਾਰੀ ਅਤੇ ਵਧਦੀ ਮਹਿੰਗਾਈ ਆਦਿ ਸਮੱਸਿਆਵਾਂ ਕਾਰਨ ਆਮ ਲੋਕ ਕਰਾਹ ਰਹੇ ਹਨ ਤਾਂ ਅਜਿਹੇ ਸਮੇਂ ਵਿੱਚ ਸ਼ਹੀਦ ਭਗਤ ਜਿਹੇ ਹਜ਼ਾਰਾਂ ਨੌਜ਼ਵਾਨਾਂ ਦੇ ਅਗਾਂਹ ਆਉਣ ਦੀ ਲੋੜ ਹੈ। ਉਹਨਾਂ ਮੁਤਾਬਿਕ ਸ਼ਹੀਦ ਭਗਤ ਸਿੰਘ ਦਾ ਰਾਹ ਹੀ ਇਨਕਲਾਬੀ ਨੌਜਵਾਨਾਂ ਦਾ ਰਾਹ ਹੋ ਸਕਦਾ ਹੈ।

ਨੌਭਾਸ ਦੀ ਸੂਬਾਈ ਕਨਵੀਨਿੰਗ ਕਮੇਟੀ ਦੇ ਖ਼ਜਾਨਚੀ ਸ਼੍ਰੀ ਲਖਵਿੰਦਰ ਨੇ ਦੱਸਿਆ ਕਿ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਦੇ ਮੌਕੇ 'ਤੇ ਨੌਜਵਾਨ ਭਾਰਤ ਸਭਾ ਵਲੋਂ 23 ਸਤੰਬਰ 2007 ਨੂੰ ਲੁਧਿਆਣੇ ਵਿਖੇ ਵੱਡੀ ਕਨਵੈਨਸ਼ਨ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਅੱਜ ਜਦੋਂ ਵੋਟ-ਵਟੋਰੂ ਲੀਡਰ ਆਪਣੀਆਂ ਕੁਰਸੀਆਂ ਚਮਕਾਉਣ ਲਈ, ਅਸ਼ਲੀਲਤਾ ਫੈਲਾ ਰਹੇ ਕਲਾਕਾਰ, ਲੋਕਾਂ ਨੂੰ ਧਰਮਾਂ ਜਾਤਾਂ ਦੇ ਨਾਂ 'ਤੇ ਵੰਡ ਕੇ ਰੱਖਣ ਵਾਲ਼ੇ ਲੋਕਾਂ ਵਿੱਚ ਥਾਂ ਬਣਾਉਣ ਲਈ ਸ਼ਹੀਦ ਭਗਤ ਸਿੰਘ ਦਾ ਨਾਂ ਵਰਤ ਰਹੇ ਹਨ, ਸ਼ਹੀਦਾਂ ਦੇ ਵਿਚਾਰਾਂ ਨੂੰ ਤੋੜ ਮਰੋੜ ਕੇ ਪੇਸ਼ ਕਰ ਰਹੇ ਹਨ ਤਾਂ ਇਸਦਾ ਜਵਾਬ ਦੇਣ ਲਈ ਢੁੱਕਵੀਂ ਕਾਰਵਾਈ ਕਰਨੀ ਬਣਦੀ ਹੈ। ਉਹਨਾਂ ਦੱਸਿਆ ਕਿ 23 ਸਤੰਬਰ ਤੋਂ ਪਹਿਲਾਂ ਲਗਾਤਾਰ ਡੇਢ ਮਹੀਨਾਂ ਲਗਾਤਾਰ ਕਨਵੈਨਸ਼ਨ ਦੀ ਤਿਆਰੀ ਲਈ ਪ੍ਰਚਾਰ ਕੀਤਾ ਜਾਵੇਗਾ। ਨਾਟਕ ਟੀਮਾਂ,ਪਰਚੇ, ਪੋਸਟਰਾਂ, ਸਟਿੱਕਰਾਂ ਆਦਿ ਰਾਹੀਂ ਸ਼ਹੀਦ ਭਗਤ ਸਿੰਘ ਦਾ ਸੁਨੇਹਾ ਸਕੂਲਾਂ-ਕਾਲਜਾਂ-ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਤੱਕ, ਸ਼ਹਿਰਾਂ ਅਤੇ ਪਿੰਡਾਂ ਦੇ ਆਮ ਗਰੀਬ ਮਹਿਨਤਕਸ਼ਾਂ ਲੋਕਾਂ ਤੱਕ ਪਹੁੰਚਿਆ ਜਾਵੇਗਾ। ਉਹਨਾਂ ਗੋਸ਼ਟੀ ਵਿੱਚ ਪਹੁੰਚੇ ਨੌਜਵਾਨਾਂ ਨੂੰ 23 ਸਤੰਬਰ ਦੀ ਕਨਵੈਨਸ਼ਨ ਵਿੱਚ ਆਪਣੇ ਪਿੰਡ ਤੋਂ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਨਾਲ਼ ਲੈ ਕੇ ਪਹੁੰਚਣ ਦਾ ਸੱਦਾ ਦਿੱਤਾ।

ਤਰਕਸ਼ੀਲ ਸੁਸਾਇਟੀ ਦੇ ਮਾਸਟਰ ਰੋਹੀ ਰਾਮ ਜੀ ਨੇ ਗੋਸ਼ਟੀ ਦੌਰਾਨ ਕਿਹਾ ਕਿ ਸ਼ਹੀਦ ਭਗਤ ਸਿੰਘ ਦੀ ਲੁੱਟ-ਖਸੁੱਟ ਵਿਰੋਧੀ ਵਿਚਾਰਧਾਰਾ ਦੀ ਹਮੇਸ਼ਾਂ ਹੀ ਪ੍ਰਸੰਗਿਕਤਾ ਬਣੀ ਰਹੇਗੀ। ਉਹਨਾਂ ਨੇ ਵਰਤਮਾਨ ਦੀਆਂ ਉਦਾਹਰਨਾਂ ਰਾਹੀਂ ਬਹੁਤ ਵਧੀਆ ਢੰਗ ਨਾਲ਼ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਉੱਤੇ ਰੋਸ਼ਨੀ ਪਾਈ। ਉਹਨਾਂ ਦੇ ਆਪਣੇ ਵਿਚਾਰ ਪੇਸ਼ ਕਰਨ ਦੇ ਸੁਚੱਜੇ ਢੰਗ ਨੇ ਗੋਸ਼ਟੀ ਨੂੰ ਹੋਰ ਦਿਲਚਸਪ ਬਣਾ ਦਿੱਤਾ। ਸਟੇਜ਼ ਸੈਕਟਰੀ ਦੀ ਜ਼ਿੰਮੇਵਾਰੀ ਮਾਸਟਰ ਜਗਤਾਰ ਸਿੰਘ ਜੀ ਨੇ ਸੰਭਾਲੀ। ਉਹਨਾਂ ਨੇ ਆਖ਼ਰ 'ਚ ਗੋਸ਼ਟੀ ਵਿੱਚ ਚੰਗੀ ਗਿਣਤੀ ਵਿੱਚ ਪਹੁੰਚੇ ਸਾਰੇ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ।

ਗਿਆਸਪੁਰਾ ਵਿੱਚ ਫ਼ੈਲੀਆਂ ਬਿਮਾਰੀਆਂ— ਨੌਭਾਸ ਵੱਲੋਂ ਸਰਗਰਮੀ

ਲੁਧਿਆਣਾ ਦੇ ਗਿਆਸਪੁਰਾ ਇਲਾਕੇ ਵਿੱਚ ਇਸ ਸਾਲ ਦੇ ਜੂਨ-ਜੁਲਾਈ ਮਹੀਨਿਆਂ ਦੌਰਾਨ ਬਿਮਾਰੀਆਂ ਨੇ ਭਿਅੰਕਰ ਕਹਿਰ ਮਚਾਇਆ। ਸ਼ਾਂਤੀ ਨਗਰ ਵਿੱਚ ਹੈਜੇ ਕਾਰਨ 15 ਦੇ ਕਰੀਬ ਮੌਤਾਂ ਹੋ ਗਈਆਂ ਜਿਨ੍ਹਾਂ ਵਿੱਚੋਂ ਜਿਆਦਾਤਰ ਬੱਚੇ ਸਨ। ਇਸ ਸਮੇਂ ਦੌਰਾਨ ਗਿਆਸਪੁਰਾ ਇਲਾਕੇ ਵਿੱਚ ਸ਼ਾਇਦ ਹੀ ਕੋਈ ਅਜਿਹਾ ਘਰ ਹੋਵੇ ਜਿੱਥੇ ਕੋਈ ਬਿਮਾਰ ਨਾ ਹੋਇਆ ਹੋਵੇ। ਦਸਤ, ਬੁਖ਼ਾਰ, ਪੇਟ ਦਰਦ ਜਿਹੀਆਂ ਬਿਮਾਰੀਆਂ ਤਾਂ ਆਮ ਜਿਹੀ ਗੱਲ ਹੀ ਹੋ ਗਈ ਸੀ। ਨੌਜਵਾਨ ਭਾਰਤ ਸਭਾ ਦੀ ਲੁਧਿਆਣਾ ਇਕਾਈ ਨੇ ਤਰੁੰਤ ਕਾਰਵਾਈ ਕਰਦਿਆਂ ਇਸ ਸੰਬੰਧੀ ਇਲਾਕਾ ਨਿਵਾਸੀਆਂ ਦੀ ਮੀਟਿੰਗ ਕਰਨ ਲਈ ਇੱਕ ਪਰਚਾ ਛਪਵਾ ਕੇ ਇਲਾਕੇ ਵਿੱਚ ਵੰਡਿਆ ਗਿਆ। 15 ਜੁਲਾਈ ਨੂੰ ਲਕਸ਼ਮਣ ਨਗਰ ਵਿੱਚ ਨੌਜਵਾਨ ਭਾਰਤ ਸਭਾ ਦੀ ਅਗਵਾਈ ਵਿੱਚ ਇਲਾਕਾ ਨਿਵਾਸੀਆਂ ਦੀ ਇੱਕ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਇਲਾਕਾ ਨਿਵਾਸੀਆਂ ਨੂੰ ਸੰਬੋਧਨ ਕਰਦੇ ਹੋਏ

ਨੌਭਾਸ ਦੇ ਪੰਜਾਬ ਦੇ ਸੂਬਾ ਕਨਵੀਨਰ ਸ਼੍ਰੀ ਰਾਜਵਿੰਦਰ ਨੇ ਕਿਹਾ ਕਿ ਇਸ ਮੁਸੀਬਤ ਦਾ ਸਾਹਮਣਾ ਗਿਆਸਪੁਰਾ ਨਿਵਾਸੀ ਕੋਈ ਪਹਿਲੀ ਵਾਰ ਨਹੀਂ ਕਰ ਰਹੇ। ਗਿਆਸਪੁਰਾ ਦੀ ਤਰ੍ਹਾਂ ਹੋਰਨਾਂ ਗਰੀਬ ਇਲਾਕਿਆਂ ਦੇ ਲੋਕ ਨੂੰ ਵੀ ਹਰ ਸਾਲ਼ ਇਸੇ ਤਰ੍ਹਾਂ ਬਿਮਾਰੀਆਂ ਤੋਂ ਪਰੇਸ਼ਾਨ ਹੁੰਦੇ ਹਨ। ਹੁਣ ਤੱਕ ਬਣਦੀਆਂ-ਬਦਲਦੀਆਂ ਆਈਆਂ ਸਰਕਾਰਾਂ ਅਤੇ ਕਾਰਪੋਰੇਸ਼ਨਾ ਵਿੱਚ ਹਮੇਸ਼ਾਂ ਤੋਂ ਹੀ ਅਮੀਰਾਂ ਦੇ ਨੁੰਮਾਇਦੇ ਰਹੇ ਹਨ ਜਿਨ੍ਹਾਂ ਨੂੰ ਗਰੀਬਾਂ ਦੀਆਂ ਸਮੱਸਿਆਵਾਂ ਦੇ ਹੱਲ ਦਾ ਕੋਈ ਫਿਕਰ ਨਹੀਂ। ਉਹਨਾਂ ਕਿਹਾ ਕਿ ਆਮ ਮਿਹਨਤਕਸ਼ਾਂ ਦਾ ਇੱਕਜੁੱਟ ਸੰਘਰਸ਼ ਇਸ ਨਰਕ ਭਰੀ ਜਿੰਦਗੀ ਵਿੱਚੋਂ ਉਹਨਾਂ ਨੂੰ ਕੱਢ ਸਕਦਾ ਹੈ। ਇਸ ਮੀਟਿੰਗ ਵਿੱਚ ਫ਼ੈਸਲਾ ਲਿਆ ਗਿਆ ਕਿ ਬਿਮਾਰੀਆਂ ਦੀ ਰੋਕਥਾਮ ਸੰਬੰਧੀ ਜਿਲ੍ਹਾ ਕਮਿਸ਼ਨਰ ਨੂੰ ਮਿਲਿਆ ਜਾਵੇ। 17 ਜੁਲਾਈ ਨੂੰ ਜਿਲ੍ਹਾ ਕਚਹਿਰੀ ਵਿੱਚ ਸੰਗਤ ਦਰਸ਼ਨ ਦੌਰਾਨ ਮੰਗ-ਪੱਤਰ ਸੌਂਪਿਆ ਗਿਆ। ਨੌਭਾਸ ਦੀ ਹੀ ਅਗਵਾਈ ਵਿੱਚ ਸੌਂਪੇ ਗਏ ਇਸ ਮੰਗ ਪੱਤਰ ਵਿੱਚ ਗਿਆਸਪੁਰਾ ਨਿਵਾਸੀਆਂ ਦੁਆਰਾ ਕਿਹਾ ਗਿਆ ਹੈ ਕਿ ਗਿਆਸਪੁਰਾ ਦੇ ਇੱਕ ਵੱਡੇ ਇਲਾਕੇ ਵਿੱਚ ਤਾਂ ਸੀਵਰੇਜ਼ ਨਿਕਾਸੀ ਦਾ ਪ੍ਰਬੰਧ ਹੈ ਹੀ ਨਹੀਂ। ਗਲੀਆਂ-ਪਲਾਟਾਂ ਵਿੱਚ ਗੰਦਾ ਪਾਣੀ ਖੜ੍ਹਾ ਰਹਿੰਦਾ ਹੈ। ਜਿੱਥੇ ਸੀਵਰੇਜ਼ ਨਿਕਾਸੀ ਦਾ ਪ੍ਰਬੰਧ ਹੈ ਵੀ ਉੱਥੇ ਵੀ ਸੀਵਰੇਜ਼ ਅਤੇ ਪੀਣ ਵਾਲ਼ੇ ਪਾਣੀ ਦੀਆਂ ਪਾਈਪਾਂ ਦੀ ਨਿਯਮਤ ਮੁਰੰਮਤ ਨਾ ਹੋਣ ਕਰਕੇ ਅਕਸਰ ਹੀ ਘਰਾਂ ਵਿੱਚ ਪਾਣੀ ਗੰਦਾ ਪਹੁੰਚਦਾ ਹੈ। ਕੂੜੇ-ਕਬਾੜ ਨਿਯਮਤ ਤੌਰ 'ਤੇ ਪ੍ਰਸ਼ਾਸ਼ਨ ਵਲੋਂ ਨਾ ਚੁੱਕੇ ਜਾਣ ਉੱਤੇ ਇਹ ਵੀ ਬਿਮਾਰੀਆਂ ਦਾ ਇੱਕ ਵੱਡਾ ਕਾਰਨ ਬਣ ਗਿਆ ਹੈ। ਮੰਗ-ਪੱਤਰ ਵਿੱਚ ਅੱਗੇ ਕਿਹਾ ਗਿਆ ਕਿ ਜੇ ਅਮੀਰਾਂ ਦੇ ਇਲਾਕਿਆਂ ਵਿੱਚ ਸਾਫ਼ ਸਫ਼ਾਈ ਦਾ ਪ੍ਰਬੰਧ ਪ੍ਰਸ਼ਾਸਨ ਵਧੀਆ ਤਰੀਕੇ ਨਾਲ਼ ਕਰ ਸਕਦਾ ਹੈ ਤਾਂ ਗਿਆਸਪੁਰਾ ਵਰਗੇ ਇਲਾਕਿਆਂ ਜਿੱਥੇ ਗਰੀਬ ਮਹਿਨਤਕਸ਼ ਲੱਖਾਂ ਦੀ ਗਿਣਤੀ ਵਿੱਚ ਰਹਿੰਦੇ ਹਨ, ਨਾਲ਼ ਇਹ ਅਣਦੇਖੀ ਕਿਉਂ ਕੀਤੀ ਜਾ ਰਹੀ ਹੈ। ਇਲਾਕੇ ਵਿੱਚ ਤੁਰੰਤ ਦਵਾਈਆਂ ਦਾ ਛਿੜਕਾਓ ਹੋਵੇ, ਜਲ਼ਦ ਤੋਂ ਜਲ਼ਦ ਹਰੇਕ ਇਲਾਕੇ ਵਿੱਚ ਸੀਵਰੇਜ਼ ਨਿਕਾਸੀ ਦਾ ਪ੍ਰਬੰਧ ਹੋਵੇ, ਸਾਫ਼ ਅਤੇ ਨਿਯਮਤ ਪੀਣ ਯੋਗ ਪਾਣੀ ਦੀ ਗਰੰਟੀ ਹੋਵੇ, ਗਿਆਸਪੁਰਾ ਵਿਖੇ ਹੀ ਇੱਕ ਸਰਕਾਰੀ ਹਸਪਤਾਲ਼ ਖੋਲਿਆ ਜਾਵੇ, ਹੈਜੇ ਕਾਰਨ ਹੋਈਆਂ ਮੌਤਾਂ ਤੋਂ ਪੀੜਤ ਪਰਿਵਾਰਾਂ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਵੇ, ਬਿਮਾਰਾਂ ਦਾ ਮੁਫ਼ਤ ਇਲਾਜ ਕੀਤਾ ਜਾਵੇ ਆਦਿ ਮੰਗਾਂ ਰਖਦੇ ਹੋਏ ਗਿਆਸਪੁਰਾ ਨਿਵਾਸੀਆਂ ਨੇ ਪ੍ਰਸ਼ਾਸ਼ਨ ਨੂੰ ਚੇਤਾਵਨੀ ਦਿੱਤੀ ਕਿ ਜੇ ਇਹਨਾਂ ਮੰਗਾਂ ਦੇ ਅਧਾਰ ਉੱਤੇ ਕੋਈ ਯੋਗ ਕਾਰਵਾਈ ਨਾ ਕੀਤੀ ਗਈ ਤਾਂ ਇਲਾਕਾ ਨਿਵਾਸੀ ਅੰਦੋਲ਼ਨ ਦਾ ਰਸਤਾ ਅਪਣਾਉਣ ਤੋਂ ਭੋਰਾ ਵੀ ਗੁਰੇਜ਼ ਨਹੀਂ ਕਰਨਗੇ।

ਨੌਜਵਾਨ ਭਾਰਤ ਸਭਾ ਦੀ ਨਵੀਂ ਸੂਬਾ ਕਮੇਟੀ ਦੀ ਚੋਣ

28 ਜੁਲਾਈ 2007 ਨੂੰ ਲੁਧਿਆਣੇ ਵਿਖੇ ਨੌਜਵਾਨ ਭਾਰਤ ਸਭਾ ਦੀ ਪੰਜਾਬ ਇਕਾਈ ਦੀ ਵਿਸਤਾਰਿਤ ਮੀਟਿੰਗ ਸੱਦੀ ਗਈ। ਇਸ ਮੀਟਿੰਗ ਵਿੱਚ ਲੁਧਿਆਨਾ, ਪੱਖੋਵਾਲ, ਜਗਰਾਓਂ, ਕੋਹਾੜਾ, ਆਦਮਪੁਰ, ਬਠਿੰਡਾ, ਗੋਬਿੰਦਗੜ ਅਤੇ ਮਲੇਰਕੋਟਲੇ ਤੋਂ ਪਹੁੰਚੇ ਨੌਜਵਾਨਾਂ ਨੇ ਭਾਗ ਲਿਆ। ਮੀਟਿੰਗ ਦੀ ਪ੍ਰਧਾਨਗੀ ਸ਼੍ਰੀ ਅਜੇਪਾਲ ਨੇ ਕੀਤੀ। ਮੀਟਿੰਗ ਵਿੱਚ ਸ਼ਹੀਦ ਭਗਤ ਸਿੰਘ ਦੇ ਜਨਮ ਸ਼ਤਾਬਦੀ ਵਰ੍ਹੇ ਦੇ ਸੰਬੰਧ ਵਿੱਚ ਵਿਚਾਰ-ਚਰਚਾ ਕੀਤੀ ਗਈ। ਅੱਜ ਜਦੋਂ ਸਾਰੀਆਂ ਵੋਟ-ਪਾਰਟੀਆਂ, ਤਰ੍ਹਾਂ-ਤਰ੍ਹਾਂ ਦੀਆਂ ਫ਼ਿਰਕੂ ਲੋਕ ਵਿਰੋਧੀ ਜੱਥੇਬੰਦੀਆਂ ਸ਼ਹੀਦ ਭਗਤ ਸਿੰਘ ਦਾ ਨਾਂ ਆਪਣੇ ਕੋਝੇ ਸਵਾਰਥਾਂ ਲਈ ਇਸਤੇਮਾਲ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਹਨ ਅਤੇ ਉਹਨਾਂ ਦੀ ਵਿਚਾਰਧਾਰਾ ਨੂੰ ਤੋੜ-ਮਰੋੜ ਕੇ ਪੇਸ਼ ਕਰ ਰਹੀਆਂ ਹਨ ਤਾਂ ਅਜਿਹੇ ਸਮੇਂ ਵਿੱਚ ਇਨਕਲਾਬੀ ਨੌਜਵਾਨਾਂ ਵਿਦਿਆਰਥੀਆਂ ਦੀ ਇਹ ਫ਼ੌਰੀ ਜੁੰਮੇਵਾਰੀ ਬਣ ਜਾਂਦੀ ਹੈ ਕਿ ਸ਼ਹੀਦ ਭਗਤ ਸਿੰਘ ਦੀ ਸਹੀ ਸੋਚ ਨੂੰ ਲੋਕਾਂ ਵਿੱਚ ਲੈ ਕੇ ਜਾਣ ਦਾ ਹੰਭਲਾ ਮਾਰਨ। ਇਸ ਲਈ ਇਹ ਫੈਸਲਾ ਕੀਤਾ ਗਿਆ ਕਿ ਇਸ ਇਤਿਹਾਸਕ ਮੌਕੇ ਉੱਤੇ ਜਦੋਂ ਲੋਕ ਸ਼ਹੀਦ ਭਗਤ ਸਿੰਘ ਬਾਰੇ ਜਾਨਣ ਲਈ ਕਾਫ਼ੀ ਉਤਸੁਕ ਹਨ ਤਾਂ ਲੁਧਿਆਣੇ ਵਿੱਚ 23 ਸਿਤੰਬਰ ਨੂੰ ਪੰਜਾਬ ਪੱਧਰ ਦੀ ਕਨਵੈਨਸ਼ਨ ਕੀਤੀ ਜਾਵੇ। ਕਨਵੈਨਸ਼ਨ ਦੀ ਤਿਆਰੀ ਲਈ ਵੱਡੀ ਗਿਣਤੀ ਵਿੱਚ ਪੋਸਟਰ ਅਤੇ ਪਰਚੇ ਛਾਪੇ ਜਾਣ। ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ 'ਚ ਜਾ ਕੇ ਨੌਜਵਾਨਾਂ ਦੀਆਂ ਮੀਟਿੰਗਾਂ ਕੀਤੀਆਂ ਜਾਣ। ਮਜ਼ਦੂਰ ਬਸਤੀਆਂ ਅਤੇ ਪਿੰਡਾਂ ਵਿੱਚ ਜਾ ਕੇ ਪ੍ਰਚਾਰ ਕੀਤਾ ਜਾਵੇ। ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਵਾਲ਼ੇ ਸਟਿੱਕਰ ਛਪਵਾਉਣਾ ਵੀ ਤੈਅ ਹੋਇਆ ਜੋ ਬੱਸਾਂ ਅਤੇ ਟਰੇਨਾਂ ਵਿੱਚ ਲਾਏ ਜਾਣਗੇ।

ਇਸ ਮੀਟਿੰਗ ਵਿੱਚ ਨੌਭਾਸ ਦੀ ਪੰਜਾਬ ਸੂਬਾ ਕਮੇਟੀ ਦੀ ਚੋਣ ਵੀ ਕੀਤੀ ਗਈ। ਰਾਜਵਿੰਦਰ, ਅਜੇਪਾਲ, ਲਖਵਿੰਦਰ, ਸੁਖਵਿੰਦਰ ਆਦਮਪੁਰ, ਗੁਲ਼ਸ਼ਨ ਅਤੇ ਅਮਨ ਕਮੇਟੀ ਮੈਂਬਰ ਚੁਣੇ ਗਏ। ਰਾਜਵਿੰਦਰ ਨੂੰ ਸੂਬਾ ਕਨਵੀਨਰ ਅਤੇ ਲਖਵਿੰਦਰ ਨੂੰ ਖ਼ਜਾਨਚੀ ਦੀ ਜੁੰਮੇਵਾਰੀ ਸੌਂਪੀ ਗਈ। ਕਮੇਟੀ ਨੂੰ ਚੋਣ ਦੌਰਾਨ ਇੱਕ ਹੋਰ ਮੈਂਬਰ ਨੂੰ ਬਾਅਦ ਵਿੱਚ ਲੈ ਸਕਣ ਦਾ ਹੱਕ ਦਿੱਤਾ ਗਿਆ। ਇਸ ਮੁਤਾਬਿਕ ਬਾਅਦ ਦੇ ਦਿਨਾਂ ਵਿੱਚ ਹੋਈ ਸੂਬਾ ਕਮੇਟੀ ਦੀ ਮੀਟਿੰਗ ਵਿੱਚ ਲਖਵਿੰਦਰ ਬਖ਼ਸ਼ੀਵਾਲਾ ਨੂੰ ਕਮੇਟੀ ਮੈਂਬਰ ਲਿਆ ਗਿਆ।

"ਜਦੋਂ ਮੈਂ ਆਪਣੀ ਡਾਕਟਰੀ ਦੀ ਪੜ੍ਹਾਈ ਸ਼ੁਰੂ ਕੀਤੀ ਉਸ ਸਮੇਂ ਮੈਂ ਉਹਨਾਂ ਵਿਚਾਰਾਂ ਦਾ ਧਾਰਨੀ ਨਹੀਂ ਸੀ, ਜਿਹਨਾਂ ਦਾ ਮੈਂ ਇਨਕਲਾਬੀ ਬਣਨ ਤੋਂ ਬਾਅਦ ਸਾਂ। ਹਰ ਇੱਕ ਦੀ ਤਰ੍ਹਾਂ ਮੈਨੂੰ ਵੀ ਸਫ਼ਲਤਾ ਚਾਹੀਦੀ ਸੀ। ਮੇਰਾ ਸੁਪਨਾ ਵੀ ਮਸ਼ਹੂਰ ਖੋਜਕਰਤਾ ਬਣਨ ਦਾ ਸੀ, ਅਣਥਕ ਮਿਹਨਤ ਕਰਕੇ ਮਨੁੱਖਤਾ ਦੇ ਫ਼ਾਇਦੇ ਲਈ ਕੋਈ ਪ੍ਰਾਪਤੀ ਕਰਨਾ ਸੀ। ਪਰ ਇਹ ਸਭ ਕੁਝ ਵਿਅਕਤੀਗਤ ਸਫ਼ਲਤਾ ਬਾਰੇ ਸੀ। ਸਾਡੇ ਸਾਰਿਆਂ ਦੀ ਤਰ੍ਹਾਂ, ਮੈਂ ਵੀ ਆਪਣੇ ਆਲ਼ੇ-ਦੁਆਲ਼ੇ ਦੀਆਂ ਹਾਲਤਾਂ ਦੀ ਪੈਦਾਇਸ਼ ਸਾਂ।

"…..ਤੇ ਫਿਰ ਮੈਂ ਦੇਖਿਆ ਕਿ ਸਿਰਫ਼ ਪੈਸੇ ਨਾ ਹੋਣ ਦੀ ਵਜ੍ਹਾ ਕਾਰਨ ਮਾਂ-ਪਿਓ ਆਪਣੇ ਬੱਚਿਆਂ ਦਾ ਇਲਾਜ ਨਹੀਂ ਕਰਵਾ ਪਾਉਂਦੇ, ਮੈਂ ਦੇਖਿਆ ਕਿ ਲਗਾਤਾਰ ਭੁੱਖ-ਨੰਗ ਅਤੇ ਦੁੱਖਾਂ ਨੇ ਮਨੁੱਖਤਾ ਦੀ ਗਿਰਾਵਟ ਐਨੀ ਵਹਿਸ਼ੀਆਨਾ ਕਰ ਦਿੱਤੀ ਸੀ ਕਿ ਇੱਕ ਪਿਤਾ ਆਪਣੇ ਬੱਚੇ ਦੀ ਮੌਤ ਨੂੰ ਇੰਝ ਪ੍ਰਵਾਨ ਕਰ ਲੈਂਦਾ ਸੀ ਜਿਵੇਂ ਕੁਝ ਹੋਇਆ ਹੀ ਨਾ ਹੋਵੇ ਅਤੇ ਫਿਰ ਮੈਂ ਮਹਿਸੂਸ ਕੀਤਾ ਕਿ ਇਹਨਾਂ ਲੋਕਾਂ ਦੀ ਮਦਦ ਲਈ ਆਉਣਾ ਕਿਸੇ ਵੀ ਤਰ੍ਹਾਂ ਕੋਈ ਮਸ਼ਹੂਰ ਖੋਜਕਰਤਾ ਬਣਨ ਜਾਂ ਮੈਡੀਕਲ ਸਾਇੰਸ ਵਿੱਚ ਯੋਗਦਾਨ ਪਾਉਣ ਨਾਲੋਂ ਘੱਟ ਮਹੱਤਵਪੂਰਨ ਨਹੀਂ।"

- ਅਰਨੈਸਟੋ ਚੀ ਗੁਵੇਰਾ (ਸ਼ਹਾਦਤ ਦਿਵਸ 9 ਅਕਤੂਬਰ)

ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਪੁਸਤਕਾਂ

1. ਨੌਜਵਾਨਾਂ ਨਾਲ ਦੋ ਗੱਲਾਂ (ਪੀਟਰ ਕ੍ਰੋਪੋਟਕਿਨ) — 05.00 ਰੁਪਏ
2. ਸੁਤੰਤਰ ਵਪਾਰ ਦਾ ਸਵਾਲ (ਮਾਰਕਸ, ਏਂਗਲਜ ਅਤੇ ਲੈਨਿਨ) — 10.00 ਰੁਪਏ
3. ਫਿਲਾਸਫੀ ਕੋਈ ਗੋਰਖ ਧੰਦਾ ਨਹੀਂ (ਇਕ ਚੀਨੀ ਕਿਤਾਬ ਦਾ ਅਨੁਵਾਦ) — 10.00 ਰੁਪਏ
4. ਗ਼ਦਰੀ ਸੂਰਬੀਰ (ਰਣਧੀਰ ਸਿੰਘ) — 10.00 ਰੁਪਏ
5. ਅਜਿਹਾ ਸੀ ਸਾਡਾ ਭਗਤ ਸਿੰਘ (ਸ਼ਿਵ ਵਰਮਾ) — 05.00 ਰੁਪਏ
6. ਸ਼ਹੀਦ ਚੰਦਰ ਸ਼ੇਖਰ ਆਜ਼ਾਦ (ਭਗਵਾਨ ਦਾਸ ਮਹੌਰ) — 10.00 ਰੁਪਏ
7. ਪੰਜਾਬ ਦਾ ਕਿਸਾਨ ਅੰਦੋਲਨ ਅਤੇ ਕਮਿਊਨਿਸਟ — 10.00 ਰੁਪਏ
8. ਮਾਰਕਸਵਾਦ ਬਾਰੇ ਅੰਬੇਡਕਰ ਦੇ ਵਿਚਾਰ (ਰੰਗਾਨਯਾਕੰਮਾ) — 15.00 ਰੁਪਏ
9. ਜੰਗਲਨਾਮਾ–ਇਕ ਰਾਜਨੀਤਿਕ ਪੜਚੋਲ — 03.00 ਰੁਪਏ
10. ਅਮਿੱਟ ਹਨ ਮਜ਼ਦੂਰ ਸੰਗਰਾਮਾਂ ਦੀਆਂ ਚਿਣਗਾਂ (ਦਿਪਾਯਨ ਬੋਸ) — 10.00 ਰੁਪਏ
11. ਸਮਾਜਵਾਦ ਦੀਆਂ ਸਮੱਸਿਆਵਾਂ, ਪੂੰਜੀਵਾਦੀ ਮੁੜ ਬਹਾਲੀ ਅਤੇ ਮਹਾਨ ਪ੍ਰੋਲਤਾਰੀ ਸੱਭਿਆਚਾਰਕ ਇਨਕਲਾਬ — 20.00 ਰੁਪਏ
12. ਕਿਉਂ ਮਾਓਵਾਦ — 10.00 ਰੁਪਏ
13. ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਵਿਚਾਰਧਾਰਕ ਵਿਕਾਸ (ਪ੍ਰੋਫੈਸਰ ਬਿਪਨ ਚੰਦਰਾ) — 10.00 ਰੁਪਏ
14. ਮਜ਼ਦੂਰਾਂ ਦੇ ਖ਼ੂਨ ਨਾਲ ਲਿਖੀ ਪੈਰਿਸ ਕਮਿਊਨ ਦੀ ਅਮਰ ਕਹਾਣੀ — 10.00 ਰੁਪਏ
15. ਬੁਝ ਨਹੀਂ ਸਕਦੀ ਅਕਤੂਬਰ ਇਨਕਲਾਬ ਦੀ ਮਸ਼ਾਲ — 10.00 ਰੁਪਏ
16. ਵਿਦਿਆਰਥੀ–ਨੌਜਵਾਨ ਨਵੀਂ ਸ਼ੁਰੂਆਤ ਕਿੱਥੋਂ ਕਰਨ — 10.00 ਰੁਪਏ
17. ਇਨਕਲਾਬ ਦਾ ਸੁਨੇਹਾ (ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀਆਂ ਚੋਣਵੀਆਂ ਲਿਖਤਾਂ) — 20.00 ਰੁਪਏ
18. ਰਾਜਨੀਤਕ ਅਰਥਸ਼ਾਸਤਰ ਦੇ ਮੂਲ ਸਿਧਾਂਤ (ਦੀ ਸ਼ੰਘਾਈ ਟੈਕਸਟ ਬੁੱਕ ਆਫ ਪੋਲੀਟੀਕਲ ਇਕਾਨਮੀ) — 60.00 ਰੁਪਏ
19. ਇਨਕਲਾਬੀ ਲਹਿਰ ਦਾ ਸਿਧਾਂਤਕ ਵਿਕਾਸ (ਸ਼ਿਵ ਵਰਮਾ) — 10.00 ਰੁਪਏ
20. ਰਿਜ਼ਰਵੇਸ਼ਨ ਪੱਖ, ਵਿਪੱਖ ਅਤੇ ਤੀਸਰਾ ਪੱਖ — 05.00 ਰੁਪਏ
21. ਸ਼ਹੀਦ ਸੁਖਦੇਵ ਨੌਘਰੇ ਤੋਂ ਫਾਂਸੀ ਤੱਕ — 20.00 ਰੁਪਏ
22. ਭਗਤ ਸਿੰਘ ਨੇ ਕਿਹਾ — 5.00 ਰੁਪਏ
23. ਸ਼ਹੀਦ ਕਰਤਾਰ ਸਿੰਘ ਸਰਾਭਾ — 5.00 ਰੁਪਏ

ਦਸਤਕ ਪ੍ਰਕਾਸ਼ਨ ਵਲੋਂ ਪ੍ਰਕਾਸ਼ਤ ਪੁਸਤਕਾਂ

1. ਥੀਏਟਰ ਦਾ ਸੰਖੇਪ ਤਰਕਸ਼ਾਸਤਰ (ਬਰਤੋਲਤ ਬ੍ਰੈਖ਼ਤ) — 15.00 ਰੁਪਏ
2. ਅਈਜ਼ੇਂਸਤਾਈਨ ਦਾ ਫ਼ਿਲਮ ਸਿਧਾਂਤ ਅਤੇ ਰਚਨਾਤਮਕ ਪ੍ਰਯੋਗ — 15.00 ਰੁਪਏ
3. ਮਜ਼ਦੂਰ ਜਮਾਤੀ ਸੰਗੀਤ ਰਚਨਾਵਾਂ ਦੀਆਂ ਸਮੱਸਿਆਵਾਂ — 10.00 ਰੁਪਏ
4. ਪਹਿਲਾ ਅਧਿਆਪਕ (ਨਾਵਲ) (ਚੰਗੀਜ਼ ਆਇਤਮਾਤੋਵ) — 20.00 ਰੁਪਏ
5. ਸ਼ੋਲੋਖੋਵ ਦੀਆਂ ਕਹਾਣੀਆਂ — 30.00 ਰੁਪਏ


Rahul Foundation (English Publications)

1. Class Struggle in France — Karl Marx — 45.00
2. The Origin of Family, Private Property and the State (Frederick Engels) — 50.00
3. One Step Forward, Two Steps Back (Lenin) — 70.00
4. The State and Revolution (Lenin) — 30.00
5. Fundamental Problems of Marxism (Plekhanov) — 30.00
6. The Foundations of Leninism (Stalin) — 30.00
7. Selected Readings - Mao-Tse-Tung — 75.00
8. Quotations From the Writings of Mao-Tse-Tung — 40.00
9. An Appeal to the Young — Peter Kropotkin — 10.00

ਉਪਰੋਕਤ ਪੁਸਤਕਾਂ ਮੰਗਵਾਉਣ ਲਈ ਸੰਪਰਕ ਕਰੋ

ਜਨ ਚੇਤਨਾ

154, ਸ਼ਹੀਦ ਕਰਨੈਲ ਸਿੰਘ ਨਗਰ,
ਫੇਜ਼-3, ਪੱਖੋਵਾਲ ਰੋਡ, ਲੁਧਿਆਣਾ।
ਫੋਨ : 99152-91950



ਇਨਕਲਾਬੀ ਨਵਜਾਗਰਣ ਦੇ ਤਿੰਨ ਸਾਲ

(23 ਮਾਰਚ 2005 — 28 ਸਤੰਬਰ 2008)

ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ
ਦੀ ਸ਼ਹਾਦਤ ਦੀ 75ਵੀਂ ਵਰ੍ਹੇ ਗੰਢ
ਅਤੇ ਜਨਮ ਸ਼ਤਾਬਦੀ ਦੇ ਤਿੰਨ ਇਤਿਹਾਸਕ
ਸਾਲਾਂ ਦੇ ਦੌਰਾਨ
ਨਵੇਂ ਲੋਕ-ਮੁਕਤੀ ਸੰਘਰਸ਼ ਦੀ
ਤਿਆਰੀ ਦੇ ਸੰਕਲਪ ਅਤੇ ਸੰਦੇਸ਼ ਦੇ ਨਾਲ
ਇਨਕਲਾਬੀ ਵਿਦਿਆਰਥੀਆਂ-ਨੌਜਵਾਨਾਂ ਦੀ ਦੇਸ਼-ਵਿਆਪੀ

ਇਨਕਲਾਬੀ ਸੰਕਲਪ ਯਾਤਰਾ

ਅਸੀਂ ਸਾਰੇ ਸੱਚੇ ਨੌਜਵਾਨਾਂ ਨੂੰ ਸੱਦਾ ਦਿੰਦੇ ਹਾਂ!
ਅਸੀਂ ਸਾਰੇ ਜ਼ਿੰਦਾ ਲੋਕਾਂ ਨੂੰ ਸੱਦਾ ਦਿੰਦੇ ਹਾਂ!!
ਅਸੀਂ ਤੂਫ਼ਾਨ ਦੇ ਹਿਰਾਵਲਾਂ ਨੂੰ ਸੱਦਾ ਦਿੰਦੇ ਹਾਂ!!!

ਭਗਤ ਸਿੰਘ ਦੀ ਬਹਾਦਰੀ ਅਤੇ ਕੁਰਬਾਨੀ ਤੋਂ ਸਾਰਾ ਦੇਸ਼ ਜਾਣੂ ਹੈ ਪਰ ਇਸ ਦੇਸ਼ ਦੇ ਪੜ੍ਹੇ-ਲਿਖੇ ਨੌਜਵਾਨ ਵੀ ਇਹ ਨਹੀਂ ਜਾਣਦੇ ਕਿ 23 ਸਾਲ ਦੀ ਛੋਟੀ ਜਿਹੀ ਉਮਰ ਵਿੱਚ ਫ਼ਾਂਸੀ ਦਾ ਰੱਸਾ ਚੁੰਮਣ ਵਾਲਾ ਉਹ ਜਾਂਬਾਜ਼ ਨੌਜਵਾਨ ਕਿੰਨਾ ਪ੍ਰਤਿਭਾਸ਼ਾਲੀ ਅਤੇ ਦੂਰਦਰਸ਼ੀ ਵਿਚਾਰਕ ਸੀ। ਇਹ ਸਾਡੀ ਜਨਤਾ ਦੀ ਬਦਕਿਸਮਤੀ ਹੈ ਅਤੇ ਹਾਕਮਾਂ ਦੀ ਸਾਜਿਸ਼ ਦਾ ਨਤੀਜਾ ਹੈ। ਹੁਣ ਇਹ ਸਾਡਾ ਕੰਮ ਹੈ ਕਿ ਅਸੀਂ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਵਿਚਾਰਾਂ ਨੂੰ ਜਨਤਾ ਤੱਕ ਲੈ ਜਾਈਏ, ਉਨ੍ਹਾਂ ਦੀ ਯਾਦ ਤੋਂ ਪ੍ਰੇਰਣਾ ਲਈਏ ਅਤੇ ਉਨ੍ਹਾਂ ਦੇ ਵਿਚਾਰਾਂ ਦੀ ਰੋਸ਼ਨੀ ਵਿੱਚ ਆਪਣੇ ਮੁਲਕ ਦੇ ਮੌਜੂਦਾ ਹਾਲਾਤਾਂ ਨੂੰ ਸਮਝ ਕੇ ਨਵੇਂ ਇਨਕਲਾਬ ਦੀ ਦਿਸ਼ਾ ਤੈਅ ਕਰੀਏ ਅਤੇ ਫਿਰ ਉਸ ਰਾਹ 'ਤੇ ਦ੍ਰਿੜ ਇਰਾਦੇ ਨਾਲ਼ ਅੱਗੇ ਵਧੀਏ।

ਭਗਤ ਸਿੰਘ ਦੇ ਵਿਚਾਰ ਸੂਰਜ ਦੇ ਡੁੱਬਣ ਸਮੇਂ ਜਲਦੀ ਹੋਈ ਮਸ਼ਾਲ ਦੇ ਵਾਂਗ ਸਾਨੂੰ ਦਿਸ਼ਾ ਵਿਖਾ ਰਹੇ ਹਨ। ਹੁਣ ਪਿੰਡ-ਪਿੰਡ ਅਤੇ ਸ਼ਹਿਰ-ਸ਼ਹਿਰ ਵਿੱਚ ਅਤੇ ਸਾਰੇ ਕਾਲਜਾਂ-ਯੂਨੀਵਰਸਿਟੀਆਂ ਵਿੱਚ ਨੌਜਵਾਨਾਂ ਅਤੇ ਵਿਦਿਆਰਥੀਆਂ ਨੂੰ ਨਵੇਂ ਸਿਰੇ ਤੋਂ ਆਪਣੀਆਂ ਇਨਕਲਾਬੀ ਜੱਥੇਬੰਦੀਆਂ ਬਣਾਉਣੀਆਂ ਪੈਣਗੀਆਂ। ਉਨ੍ਹਾਂ ਨੂੰ ਵੋਟ-ਬਟੋਰੂ ਮਦਾਰੀਆਂ ਦਾ ਪਿਛਲੱਗੂ ਬਨਣ ਤੋਂ ਬਚਣਾ ਪਵੇਗਾ। ਇਸਤੋਂ ਬਾਅਦ, ਜਿਵੇਂ ਕਿ ਜੇਲ੍ਹ ਦੀ ਕਾਲ-ਕੋਠਰੀ ਤੋਂ ਨੌਜਵਾਨਾਂ ਨੂੰ ਭੇਜੇ ਗਏ ਆਪਣੇ ਸੰਦੇਸ਼ ਵਿੱਚ ਭਗਤ ਸਿੰਘ ਨੇ ਕਿਹਾ ਸੀ ਕਿ ਵਿਦਿਆਰਥੀਆਂ-ਨੌਜਵਾਨਾਂ ਨੂੰ ਕਾਰਖਾਨਿਆਂ ਦੇ ਮਜ਼ਦੂਰਾਂ ਅਤੇ ਪਿੰਡਾਂ ਦੀਆਂ ਝੁੱਗੀਆਂ ਤੱਕ ਜਾਣਾ ਹੋਵੇਗਾ ਅਤੇ ਸਾਰੇ ਕਿਰਤੀਆਂ ਨੂੰ ਜੱਥੇਬੰਦ ਕਰਨਾ ਹੋਵੇਗਾ।

ਸਾਥੀਓ! ਬੈਠੇ-ਬੈਠੇ ਸੋਚਦੇ ਰਹਿਣ ਨਾਲ਼ ਤਾਂ ਹਰ ਰਸਤਾ ਮੁਸ਼ਕਲ ਲਗਦਾ ਹੈ। ਰਾਹ ਦੀਆਂ ਮੁਸ਼ਕਲਾਂ ਨੂੰ ਯਾਤਰਾ ਸ਼ੁਰੂ ਕਰਨ ਦੇ ਬਾਅਦ ਹੀ ਦੂਰ ਕੀਤਾ ਜਾ ਸਕਦਾ ਹੈ। ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਸੁਪਨਾ ਇੱਕ ਜਲਦਾ ਹੋਇਆ ਸਵਾਲ ਬਣਕੇ ਸਾਡੀਆਂ ਅੱਖਾਂ ਵਿੱਚ ਝਾਕ ਰਿਹਾ ਹੈ। ਉਨ੍ਹਾਂ ਦਾ ਵਿਰਸਾ ਸਾਨੂੰ ਲਲਕਾਰ ਰਿਹਾ ਹੈ ਅਤੇ ਭਵਿੱਖ ਸਾਨੂੰ ਆਵਾਜ਼ ਦੇ ਰਿਹਾ ਹੈ। ਇੱਕ ਜਿਉਂਦੀ ਕੌਮ ਦੇ ਨੌਜਵਾਨ ਇਸਨੂੰ ਅਣਸੁਣਿਆ ਨਹੀਂ ਕਰ ਸਕਦੇ। ਅਸੀਂ ਇੱਕ ਨਵੇਂ ਇਨਕਲਾਬ ਦੀ ਤਿਆਰੀ ਲਈ, ਇਕ ਨਵੇਂ ਇਨਕਲਾਬੀ ਨਵਜਾਗਰਣ ਦਾ ਸੁਨੇਹਾ ਪੂਰੇ ਦੇਸ਼ ਵਿੱਚ ਫੈਲਾਉਣ ਲਈ ਤੁਹਾਨੂੰ ਸੱਦਾ ਦਿੰਦੇ ਹਾਂ।

ਨੌਜਵਾਨ ਭਾਰਤ ਸਭਾ

e-mail : naubhas@rediffmail.com 98886-55663